ਵੈੱਬਸਾਈਟ
ਪੰਜਾਬ ਸਟਾਰ ਇੰਟਰਨੈੱਟ 'ਤੇ ਵੀ ਹਰ ਰੋਜ਼ ਪੜ੍ਹ ਸਕਦੇ ਹੋ
www.punjabstar.com
PUNJAB STAR TV






ਅੰਦਰਲੀ ਖ਼ਬਰ

ਗਲਾਸਗੋ: ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਸਬੰਧੀ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ 02

ਅੰਦਰਲੀ ਖ਼ਬਰ

ਅਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬ ਨੇ ਗੁਰੂ ਨਾਨਕ ਦੇਵ ਜੀ ਦੀ ਸਿੱਖਿਆ 'ਤੇ ਸੈਮੀਨਾਰ ਕਰਵਾਇਆ 04



ਲੇਖ

ਗੁਰੂ ਨਾਨਕ ਦੇਵ ਜੀ ਸਗਲ ਸੰਸਾਰ ਦੇ ਸਰਵੋਤਮ ਗੁਰੂ




PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611 | 14 ਨਵੰਬਰ ਤੋਂ 20 ਨਵੰਬਰ, 2024 | Email :- editor@punjabstar.com, Vo. 20. Issue:1159


# ਵੱਡਾ ਹਾਦਸਾ : ਚੀਨ 'ਚ ਤੇਜ਼ ਰਫ਼ਤਾਰ ਕਾਰ ਨੇ ਮਾਰ 'ਤੇ 43 ਲੋਕ, 35 ਪਹੁੰਚਾਏ ਹਸਪਤਾਲ



ਚੀਨ (ਪੰਜਾਬ ਸਟਾਰ ਬਿਊਰੋ): ਚੀਨ ਦੇ ਝੁਹਾਈ ਸ਼ਹਿਰ ਵਿੱਚ ਇੱਕ ਭਿਆਨਕ ਹਾਦਸੇ ਵਿੱਚ 43 ਲੋਕਾਂ ਦੀ ਮੌਤ ਹੋ ਗਈ ਅਤੇ 35 ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ ਹਨ। ਇਹ ਹਾਦਸਾ ਸੋਮਵਾਰ ਨੂੰ ਉਸ ਵੇਲੇ ਵਾਪਰਿਆ ਜਦੋਂ ਇੱਕ ਕਾਰ ਤੇਜ਼ ਰਫ਼ਤਾਰ ਨਾਲ ਭੀੜ ਵਿੱਚ ਦਾਖ਼ਲ ਹੋ ਗਈ ਅਤੇ ਉੱਥੇ ਮੌਜੂਦ ਲੋਕਾਂ ਨੂੰ ਕੁਚਲ ਦਿੱਤਾ। ਸਰਕਾਰੀ ਮੀਡੀਆ ਰਿਪੋਰਟਾਂ ਮੁਤਾਬਕ ਇਹ ਘਟਨਾ ਝੁਹਾਈ ਸ਼ਹਿਰ ਦੀ ਹੈ, ਜੋ ਇਨ੍ਹੀਂ ਦਿਨੀਂ ਚੀਨ ਦੇ ਵੱਕਾਰੀ ਏਅਰਸ਼ੋਅ ਦੀ ਮੇਜ਼ਬਾਨੀ ਕਰ ਰਿਹਾ ਹੈ। ਇਕ ਜਾਣਕਾਰੀ ਇਹ ਵੀ ਮਿਲੀ ਹੈ ਕਿ ਇਹ ਭੀੜ ਜਿਸ 'ਤੇ ਕਾਰ ਚੜ੍ਹਾਈ ਗਈ ਦੱਸੀ ਜਾ ਰਹੀ ਹੈ, ਉਥੇ ਕਸਰਤ ਕਰਨ ਲਈ ਇਕੱਠੀ ਹੋਈ ਸੀ। ਅਚਾਨਕ ਆਈ ਤੇਜ ਰਫਤਾਰ ਕਾਰ ਨੇ ਅਨੇਕਾਂ ਲੋਕਾਂ ਨੂੰ ਦਰੜ ਦਿੱਤਾ।

ਫਿਲਹਾਲ ਘਟਨਾ ਦੇ ਪੂਰੇ ਵੇਰਵੇ ਜਨਤਕ ਨਹੀਂ ਕੀਤੇ ਗਏ ਹਨ। ਸਰਕਾਰੀ ਸਮਾਚਾਰ ਏਜੰਸੀ ਸਿਨਹੂਆ ਮੁਤਾਬਕ ਹਾਦਸੇ 'ਚ ਜ਼ਖਮੀ ਹੋਏ ਲੋਕਾਂ ਦਾ

* ਬਾਕੀ ਸਫਾ 2 'ਤੇ

# ਕਾਰੋਬਾਰੀਆਂ ਕੋਲੋਂ ਫ਼ਿਰੌਤੀਆਂ ਵਸੂਲਣ ਵਾਲਾ ਕਨੇਡਾ ਤੋਂ ਚੱਲਦਾ 10 ਮੈਂਬਰੀ ਗਿਰੋਹ ਬੇਨਕਾਬ



ਮੋਗਾ (ਪੰਜਾਬ ਸਟਾਰ ਬਿਊਰੋ) : ਮੋਗਾ ਸੀਆਈਏ ਸਟਾਫ਼ ਪੁਲੀਸ ਨੇ ਕੈਨੇਡਾ ਤੋਂ ਚੱਲ ਰਹੇ ਕਾਰੋਬਾਰੀਆਂ ਕੋਲੋਂ ਫ਼ਿਰੌਤੀਆਂ ਵਸੂਲਣ ਵਾਲੇ 10 ਮੈਂਬਰੀ ਗਰੋਹ ਨੂੰ ਬੇਨਕਾਬ ਕਰ ਕੇ ਇਸ ਦੇ 5 ਮੈਂਬਰਾਂ ਨੂੰ ਗ੍ਰਿਫ਼ਤਾਰ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਫੜੇ ਗਏ ਪੰਜੇ ਮੁਲਜ਼ਮ ਇਕੋ ਪਿੰਡ ਨਾਲ ਸਬੰਧਤ ਹਨ। ਸੀਆਈਏ ਸਟਾਫ਼ ਮੁਖੀ ਇੰਸਪੈਕਟਰ ਦਲਜੀਤ ਸਿੰਘ ਬਰਾੜ ਨੇ ਕਾਰੋਬਾਰੀਆਂ ਕੋਲੋਂ ਫ਼ਿਰੌਤੀਆਂ ਵਸੂਲਣ ਵਾਲੇ ਗਰੋਹ ਦੇ ਪੰਜ ਮੈਂਬਰਾਂ ਦੀ ਗ੍ਰਿਫਤਾਰੀ ਦੀ ਪੁਸ਼ਟੀ ਕਰਦੇ ਕਿਹਾ ਕਿ ਹੋਰ ਵੇਰਵੇ ਪ੍ਰੈਸ ਕਾਨਫਰੰਸ ਵਿਚ ਸਾਂਝੇ ਕੀਤੇ ਜਾਣਗੇ। ਪੁਲੀਸ ਸੂਤਰਾਂ ਮੁਤਾਬਕ ਗ੍ਰਿਫ਼ਤਾਰ ਕੀਤੇ ਗਏ ਗਰੋਹ ਮੈਂਬਰਾਂ ਦੀ ਪਛਾਣ ਅਰਸ਼ਦੀਪ ਸਿੰਘ ਉਰਫ਼ ਅਰਸ਼, ਗੁਰਜੀਤ ਸਿੰਘ ਉਰਫ਼ ਜੱਗਾ, ਹਰਦੀਪ ਸਿਘ ਉਰਫ਼ ਹਨੀ, ਕੁਲਦੀਪ ਸਿੰਘ

* ਬਾਕੀ ਸਫਾ 2 'ਤੇ

# ਕਨੇਡਾ ਬਣ ਸਕਦਾ ਹੈ ਦੁਨੀਆ ਦੀ ਅਗਲੀ ਪਰਮਾਣੂ ਊਰਜਾ 'ਸੁਪਰਪਾਵਰ'!




ਓਟਾਵਾ (ਪੰਜਾਬ ਸਟਾਰ ਬਿਊਰੋ): ਵਿਸ਼ਵ ਵਿੱਚ ਵਧ ਰਹੇ ਜਲਵਾਯੂ ਸੰਕਟ ਦੇ ਹੱਲ ਲਈ ਵਿਚਾਰਾਂ ਕੀਤੀਆਂ ਜਾ ਰਹੀਆਂ ਹਨ। ਇਸ ਲਈ ਪ੍ਰਮਾਣੂ ਊਰਜਾ ਦੀ ਵਰਤੋਂ 'ਤੇ ਨਵੇਂ ਸਿਰੇ ਤੋਂ ਜ਼ੋਰ ਦਿੱਤਾ ਜਾ ਰਿਹਾ ਹੈ ਅਤੇ ਇਸ ਵਿੱਚ ਯੂਰੇਨੀਅਮ ਦੇ ਭੰਡਾਰ ਬਹੁਤ ਮਹੱਤਵਪੂਰਨ ਹਨ। ਅਜਿਹੀ ਸਥਿਤੀ ਵਿੱਚ ਪਰਮਾਣੂ ਊਰਜਾ ਵਿੱਚ ਕੈਨੇਡਾ ਦੀ ਭੂਮਿਕਾ ਭਵਿੱਖ ਵਿੱਚ ਅਹਿਮ ਬਣ ਸਕਦੀ ਹੈ। ਯੂਰੇਨੀਅਮ ਦੇ ਆਪਣੇ ਵਿਸ਼ਾਲ ਭੰਡਾਰਾਂ ਦੀ ਮਦਦ ਨਾਲ ਕੈਨੇਡਾ ਆਉਣ ਵਾਲੇ ਸਾਲਾਂ ਵਿੱਚ ਪ੍ਰਮਾਣੂ ਊਰਜਾ ਦੀ ਮਹਾਂਸ਼ਕਤੀ ਵੀ ਬਣ ਸਕਦਾ ਹੈ। ਦੋ ਦਹਾਕਿਆਂ ਤੋਂ ਯੂਰੇਨੀਅਮ ਮਾਈਨਿੰਗ 'ਤੇ ਕੰਮ ਕਰ ਰਹੇ ਕਾਰੋਬਾਰੀ ਲੇਅ ਕਿਉਰੀਰ ਦਾ ਕਹਿਣਾ ਹੈ ਕਿ ਇਸ ਖੇਤਰ ਨੂੰ ਲੈ ਕੇ ਦੁਨੀਆ ਦੇ ਨਜ਼ਰੀਏ 'ਚ ਵੱਡੀ ਤਬਦੀਲੀ ਆ ਰਹੀ ਹੈ।

ਬੀ.ਬੀ.ਸੀ ਦੀ ਰਿਪੋਰਟ ਮੁਤਾਬਕ 2011 ਵਿੱਚ ਜਾਪਾਨ ਵਿੱਚ ਫੁਕੁਸ਼ੀਮਾ ਪਰਮਾਣੂ ਪਲਾਂਟ ਦੇ ਹਾਦਸੇ ਨੇ ਪਰਮਾਣੂ ਊਰਜਾ ਬਾਰੇ ਦੁਨੀਆ ਦਾ ਨਜ਼ਰੀਆ ਨਕਾਰਾਤਮਕ ਬਣਾ ਦਿੱਤਾ ਸੀ ਪਰ ਪਿਛਲੇ ਪੰਜ ਸਾਲਾਂ ਵਿੱਚ ਇਹ ਨਜ਼ਰੀਆ ਬਦਲ ਗਿਆ ਹੈ। ਇਹੀ ਕਾਰਨ ਹੈ ਕਿ ਇਸ ਸਾਲ ਯੂਰੇਨੀਅਮ ਦੀ ਗਲੋਬਲ ਕੀਮਤ 200 ਫੀਸਦੀ ਤੋਂ ਜ਼ਿਆਦਾ ਵਧ ਗਈ ਹੈ। ਆਸਟ੍ਰੇਲੀਆਈ ਮੂਲ ਦੇ ਕਾਰੋਬਾਰੀ ਲੇਅ ਇਸ ਤਬਦੀਲੀ ਦਾ ਕ੍ਰੈਡਿਟ ਉਸ ਰਵੱਈਏ ਨੂੰ ਦਿੰਦੇ ਹਨ ਜੋ 2018 ਵਿੱਚ ਬਿਲ ਗੇਟਸ ਦੁਆਰਾ ਪਰਮਾਣੂ ਸ਼ਕਤੀ ਨੂੰ "ਜਲਵਾਯੂ ਤਬਦੀਲੀ ਦਾ ਮੁਕਾਬਲਾ ਕਰਨ ਲਈ ਆਦਰਸ਼" ਦੱਸੇ ਜਾਣ ਤੋਂ ਬਾਅਦ ਆਈ ਹੈ।

**ਬਦਲ ਸਕਦੀ ਹੈ ਕੈਨੇਡਾ ਦੀ ਤਸਵੀਰ**

ਲੇਅ ਕੈਨੇਡਾ ਦੇ ਉੱਤਰੀ ਸਸਕੈਚਵਨ ਵਿੱਚ ਯੂਰੇਨੀਅਮ-ਅਮੀਰ

* ਬਾਕੀ ਸਫਾ 2 'ਤੇ

# ਕੈਨੇਡਾ 'ਚ ਗੈਂਗਸਟਰ ਅਰਸ਼ ਡੱਲਾ ਦੀ ਗ੍ਰਿਫ਼ਤਾਰੀ ਦੀ ਪੁਸ਼ਟੀ



ਵੈਨਕੂਵਰ (ਪੰਜਾਬ ਸਟਾਰ ਬਿਊਰੋ): ਕੁਝ ਦਿਨ ਪਹਿਲਾਂ ਓਂਟਾਰੀਓ ਦੇ ਸ਼ਹਿਰ ਹਾਲਟਨ ਵਿੱਚ ਵਿਰੋਧੀ ਗਰੋਹ ਦੀ ਗੋਲੀਬਾਰੀ ਦੌਰਾਨ ਜ਼ਖ਼ਮੀ ਹੋਏ ਨੌਜਵਾਨ ਨੂੰ ਪੁਲੀਸ ਨੇ ਗ੍ਰਿਫ਼ਤਾਰ ਕਰਨ ਮਗਰੋਂ ਅਦਾਲਤ ਵਿੱਚ ਪੇਸ਼ ਕੀਤੇ ਜਾਣ ਦੀ ਪੁਸ਼ਟੀ ਕੀਤੀ ਹੈ। ਨੌਜਵਾਨ ਦੀ ਪਛਾਣ ਗੈਂਗਸਟਰ ਅਰਸ਼ਦੀਪ ਸਿੰਘ ਗਿੱਲ ਉਰਫ ਅਰਸ਼ ਡੱਲਾ ਵਜੋਂ ਹੈ, ਜਿਸ ਵਿਰੁੱਧ ਪੰਜਾਬ (ਭਾਰਤ) ਵਿੱਚ ਕਤਲਾਂ ਤੇ ਫਿਰੌਤੀਆਂ ਦੇ ਕਈ ਕੇਸ ਦਰਜ ਹਨ ਅਤੇ ਉਸ ਦੇ ਸਿਰ 'ਤੇ ਇਨਾਮ ਰੱਖੇ ਹੋਏ ਹਨ। ਗੋਲੀਬਾਰੀ ਦੌਰਾਨ ਜਿਸ ਕਾਰ ਵਿੱਚ ਡੱਲਾ ਤੇ ਉਸ ਦਾ ਦੋਸਤ ਗੁਰਜੰਟ ਸਿੰਘ ਗਿੱਲ ਸਵਾਰ ਸਨ, ਉਸ 'ਤੇ ਜਾਅਲੀ ਨੰਬਰ ਪਲੇਟ ਲੱਗੀ ਹੋਈ ਸੀ ਅਤੇ ਉਸ 'ਚੋਂ ਕਈ ਮਾਰੂ ਹਥਿਆਰ ਤੇ ਕਾਫੀ ਅਸਲਾ ਮਿਲਿਆ ਸੀ। ਪੁਲੀਸ ਨੇ ਉਸ ਖ਼ਿਲਾਫ਼ 11 ਦੋਸ਼ ਆਇਦ ਕੀਤੇ ਹਨ। ਜ਼ਖ਼ਮੀ ਹੋਣ ਕਰ ਕੇ ਉਸ ਨੂੰ ਤੁਰੰਤ ਅਦਾਲਤ ਵਿੱਚ ਪੇਸ਼ ਨਹੀਂ ਸੀ ਕੀਤਾ ਜਾ ਸਕਿਆ। ਹਾਲੇ ਇਹ ਜਾਣਕਾਰੀ ਨਹੀਂ ਮਿਲੀ ਕਿ ਜੱਜ ਨੇ ਉਸ ਨੂੰ ਜ਼ਮਾਨਤ ਦਿੱਤੀ ਜਾਂ ਹਿਰਾਸਤ ਵਿੱਚ ਰੱਖਣ ਲਈ ਕਿਹਾ ਹੈ। ਪੁਲੀਸ ਨੇ ਹਾਲੇ ਇਹ ਜਾਣਕਾਰੀ ਵੀ ਨਹੀਂ ਦਿੱਤੀ ਹੈ ਕਿ ਗੋਲੀਕਾਂਡ ਦੇ ਪੀੜਤ ਦੋਵੇਂ ਜਣਿਆਂ ਦੇ ਹਮਲਾਵਰਾਂ ਖ਼ਿਲਾਫ਼ ਕੀ ਕਾਰਵਾਈ ਕੀਤੀ ਜਾ ਰਹੀ ਹੈ। ਸਮਝਿਆ ਜਾਂਦਾ ਹੈ ਕਿ ਇਨ੍ਹਾਂ 'ਤੇ ਹਮਲਾ ਬਿਸ਼ਨੋਈ ਗਰੋਹ ਨਾਲ ਸਬੰਧਤ ਵਿਅਕਤੀਆਂ ਵੱਲੋਂ ਕੀਤਾ ਗਿਆ। ਭਾਰਤ ਦੀਆਂ ਏਜੰਸੀਆਂ ਵੱਲੋਂ ਡੱਲਾ ਦੀ ਹਵਾਲਗੀ ਬਾਰੇ ਚਾਰਾਜੋਈ ਸ਼ੁਰੂ ਕਰਨ ਸਬੰਧੀ ਕੁਝ ਸਪੱਸ਼ਟ ਨਹੀਂ ਹੈ।

ਏਜੰਸੀਆਂ ਨੇ ਨਿੱਝਰ ਦੇ ਕਤਲ ਤੋਂ ਬਾਅਦ ਉਸ ਨੂੰ ਖਾਲਿਸਤਾਨ ਟਾਈਗਰ ਫੋਰਸ ਦਾ ਮੁਖੀ ਐਲਾਨਿਆ ਹੋਇਆ ਹੈ ਅਤੇ ਉਸ ਨੂੰ ਸ਼ਰਨ ਦੇਣ ਲਈ ਕੈਨੇਡਾ ਸਰਕਾਰ ਨੂੰ ਕੋਸਿਆ ਜਾਂਦਾ ਰਿਹਾ ਹੈ। ਕਥਿਤ ਤੌਰ 'ਤੇ ਲਾਰੈਂਸ ਬਿਸ਼ਨੋਈ ਗਰੋਹ ਵੱਲੋਂ ਕੀਤੇ ਗਏ ਹਮਲੇ ਵਿੱਚ ਉਸ ਦੇ ਤਿੰਨ ਗੋਲੀਆਂ ਲੱਗੀਆਂ ਸਨ। ਇਨ੍ਹਾਂ 'ਚੋਂ ਇਕ ਗੋਲੀ ਪੱਟ ਵਿੱਚ ਲੱਗੀ ਹੋਣ ਕਰ ਕੇ ਉਹ ਭੱਜਣ ਤੋਂ ਅਸਮਰੱਥ ਹੋ ਕੇ ਪੁਲੀਸ ਦੇ ਹੱਥ ਲੱਗ ਗਿਆ ਸੀ। ਚੋਰੀ ਦੀ ਲਗਜ਼ਰੀ ਕਾਰ ਜਿਸ ਵਿੱਚ ਉਹ ਹਮਲੇ ਵੇਲੇ ਸਵਾਰ ਸੀ, ਵਿੱਚ ਵੀ ਦਰਜਨ ਤੋਂ ਵੱਧ ਗੋਲੀਆਂ ਲੱਗੀਆਂ। ਹਾਲਟਨ ਪੁਲੀਸ ਨੇ ਉਸ ਦਿਨ ਇਹ ਪੁਸ਼ਟੀ ਨਹੀਂ ਸੀ ਕੀਤੀ ਕਿ ਉਹ ਉਹੀ ਅਰਸ਼ ਡੱਲਾ ਹੈ ਜਿਸ ਦੀ ਭਾਰਤੀ ਪੁਲੀਸ ਭਾਲ ਕਰ ਰਹੀ ਹੈ। ਇਹ ਪੁਸ਼ਟੀ ਅੱਜ ਅਦਾਲਤ ਵਿੱਚ ਪੇਸ਼ ਕੀਤੇ ਦਸਤਾਵੇਜ਼ਾਂ ਤੋਂ ਹੋਈ।

# ਮਸਕ ਨੇ 7 ਦਿਨਾਂ 'ਚ ਟਰੰਪ ਦੀ ਦੌਲਤ ਤੋਂ 10 ਗੁਣਾਂ ਵੱਧ ਦੌਲਤ ਕਮਾਈ



ਵਾਸ਼ਿੰਗਟਨ, (ਪੰਜਾਬ ਸਟਾਰ ਬਿਊਰੋ): ਟਰੰਪ ਦੀ ਜਿੱਤ ਤੋਂ ਪਹਿਲਾਂ ਮਸਕ ਦੀ ਕੁੱਲ ਸੰਪਤੀ 262 ਅਰਬ ਡਾਲਰ ਸੀ, ਜੋ ਮੰਗਲਵਾਰ ਨੂੰ ਵਧ ਕੇ 313.6 ਅਰਬ ਡਾਲਰ ਹੋ ਗਈ। ਅਮਰੀਕੀ ਰਾਸ਼ਟਰਪਤੀ ਚੋਣਾਂ ਵਿਚ ਡੋਨਾਲਡ ਟਰੰਪ ਦੀ ਜਿੱਤ ਲਈ ਆਪਣਾ ਸਭ ਕੁਝ ਦੇਣ ਵਾਲੇ ਟੇਸਲਾ ਅਤੇ ਐਕਸ ਦੇ ਸੀ.ਈ.ਓ. ਐਲੋਨ ਮਸਕ ਨੇ ਸਿਰਫ ਸੱਤ ਦਿਨਾਂ ਵਿਚ ਟਰੰਪ ਦੀ ਕੁੱਲ ਦੌਲਤ ਤੋਂ ਲਗਭਗ 10 ਗੁਣਾ ਵੱਧ ਕਮਾਈ ਕੀਤੀ। ਟਰੰਪ ਦੀ ਜਿੱਤ ਤੋਂ ਪਹਿਲਾਂ ਮਸਕ ਦੀ ਕੁੱਲ ਸੰਪਤੀ 262 ਅਰਬ ਡਾਲਰ ਯਾਨੀ 22.11 ਲੱਖ ਕਰੋੜ ਰੁਪਏ ਸੀ, ਜੋ ਮੰਗਲਵਾਰ ਨੂੰ ਵਧ ਕੇ 313.6 ਅਰਬ ਡਾਲਰ ਹੋ ਗਈ। ਟਰੰਪ ਦੀ ਜਾਇਦਾਦ ਲਗਭਗ 5.6 ਅਰਬ ਡਾਲਰ ਹੈ। ਅਮਰੀਕੀ ਰਾਸ਼ਟਰਪਤੀ ਚੋਣਾਂ ਦੇ ਨਤੀਜੇ 6 ਨਵੰਬਰ ਨੂੰ ਆਏ ਸਨ।

ਫੋਰਬਸ ਰੀਅਲ-ਟਾਈਮ ਬਿਲੀਨੇਅਰਜ਼ ਇੰਡੈਕਸ ਦੇ ਅਨੁਸਾਰ, ਦੁਨੀਆਂ ਦੇ ਸਭ ਤੋਂ ਅਮੀਰ ਵਿਅਕਤੀ, ਮਸਕ ਦੀ ਸੰਪਤੀ 313.6 ਬਿਲੀਅਨ ਡਾਲਰ ਤੱਕ ਪਹੁੰਚ ਗਈ ਹੈ। ਟਰੰਪ ਦੀ ਜਿੱਤ ਤੋਂ ਬਾਅਦ ਮਸਕ ਦੀ ਈ.ਵੀ. ਕੰਪਨੀ ਟੇਸਲਾ ਦੇ ਸ਼ੇਅਰਾਂ 'ਚ ਜ਼ਬਰਦਸਤ ਵਾਧਾ ਹੋਇਆ ਹੈ। ਟੇਸਲਾ ਦੇ ਸਟਾਕ 'ਚ

* ਬਾਕੀ ਸਫਾ 2 'ਤੇ

# ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਅਹਿਮ ਅਹੁਦਿਆਂ 'ਤੇ ਨਿਯੁਕਤੀਆਂ




ਵਾਸ਼ਿੰਗਟਨ (ਪੰਜਾਬ ਸਟਾਰ ਬਿਊਰੋ) : ਅਮਰੀਕਾ ਦੇ ਨਵੇਂ ਚੁਣੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਹਿਮ ਅਹੁਦਿਆਂ 'ਤੇ ਨਿਯੁਕਤੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਟਰੰਪ ਪ੍ਰਸ਼ਾਸਨ 'ਚ ਜੇ.ਡੀ. ਵੈਂਸ ਉਪ ਰਾਸ਼ਟਰਪਤੀ ਹੋਣਗੇ, ਜਦਕਿ ਸੂਸੀ ਵਿਲਸ ਚੀਫ ਆਫ ਸਟਾਫ ਨਿਯੁਕਤ ਕੀਤੀ ਗਈ ਹੈ, ਜੋ ਕਿ ਬਹੁਤ ਹੀ ਅਹਿਮ ਅਹੁਦਾ ਹੈ। ਸੂਸੀ ਵਿਲਜ਼ ਟਰੰਪ ਦੀ ਚੋਣ ਮੁਹਿੰਮ ਦੌਰਾਨ ਉਨ੍ਹਾਂ ਦੀ ਚੋਣ ਕੰਪੇਨ ਮੈਨੇਜਰ ਸੀ। ਇਸੇ ਤਰ੍ਹਾਂ ਕ੍ਰਿਸਟੀ ਨਿਓਮ ਨੂੰ ਹੋਮਲੈਂਡ ਸਕਿਓਰਿਟੀ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਟਰੰਪ ਨੇ ਸਟੀਫਨ ਮਿਲਰ ਨੂੰ ਆਪਣੇ ਨਵੇਂ ਪ੍ਰਸ਼ਾਸਨ ਵਿਚ ਉਪ ਮੁਖੀ ਨਿਯੁਕਤ ਕੀਤਾ ਹੈ। ਮਿਲਰ, ਟਰੰਪ ਦੇ ਪਹਿਲੇ ਕਾਰਜਕਾਲ ਦੌਰਾਨ ਇਮੀਗ੍ਰੇਸ਼ਨ 'ਤੇ ਸਖਤ ਰੁਖ ਲਈ ਜਾਣੇ ਜਾਂਦੇ ਹਨ।

ਨਿਊਯਾਰਕ ਦੀ ਕਾਂਗਰਸ ਮੈਂਬਰ ਐਲਸ ਸਟੈਫਨਿਕ ਨੂੰ ਸੰਯੁਕਤ ਰਾਸ਼ਟਰ 'ਚ ਅਮਰੀਕਾ ਦੀ ਅਗਲੀ ਰਾਜਦੂਤ ਬਣਾਇਆ ਗਿਆ ਹੈ। ਸਟੈਫਨਿਕ 2014 ਵਿਚ 30 ਸਾਲ ਦੀ ਉਮਰ ਵਿਚ ਕਾਂਗਰਸ ਲਈ ਚੁਣੀ ਜਾਣ ਵਾਲੀ ਸਭ ਤੋਂ ਘੱਟ ਉਮਰ ਦੀ ਔਰਤ ਬਣ ਗਈ ਸੀ। ਸਾਬਕਾ ਕਾਰਜਕਾਰੀ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ ਡਾਇਰੈਕਟਰ ਟੋਮ ਹੋਮਨ ਨੂੰ ਸਰਹੱਦੀ ਅਧਿਕਾਰੀ ਬਣਾਇਆ ਗਿਆ ਹੈ। ਡੋਨਾਲਡ ਟਰੰਪ ਨੇ ਲੀ ਗੇਲਡਿਨ ਨੂੰ ਅਮਰੀਕੀ ਵਾਤਾਵਰਨ ਸੰਸਥਾ ਦਾ ਮੁਖੀ ਬਣਾਉਣ ਦਾ ਐਲਾਨ ਕੀਤਾ ਹੈ। ਗੇਲਡਿਨ ਇਕ ਸਾਬਕਾ ਕਾਂਗਰਸਮੈਨ ਹੈ ਅਤੇ ਟਰੰਪ ਦੇ ਵਫਾਦਾਰਾਂ ਵਿਚੋਂ ਇੱਕ ਹੈ।

ਟਰੰਪ ਸਰਕਾਰ ਵਿਚ ਉਨ੍ਹਾਂ ਦੇ ਬਹੁਤ ਨਜ਼ਦੀਕੀ ਐਲਨ ਮਸਕ ਅਤੇ ਸਾਬਕਾ ਰਾਸ਼ਟਰਪਤੀ ਉਮੀਦਵਾਰ ਵਿਵੇਕ ਰਾਮਾਸਵਾਮੀ ਨੂੰ ਬਹੁਤ ਹੀ ਅਹਿਮ ਵਿਭਾਗ

* ਬਾਕੀ ਸਫਾ 2 'ਤੇ




ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ



• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
www.MakeMeDebtFree.ca
416-502-3100
1888-864-3131



Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7

A-One Truck & Trailer Repair
Specialist in Engine & Differential rebuilt
ਟਰੱਕਾਂ ਦੀ ਹਰ ਤਰ੍ਹਾਂ ਦੀ ਰਿਪੇਅਰ ਲਈ ਪਹੁੰਚੋ
647-808-9569,
416-388-1605
ਵਾਜਬ ਕੀਮਤ
ਵਧੀਆ ਸਰਵਿਸ
1246 Aimco Blvd, Mississauga, ON L4W 1B2





Gill Tire Centre
ਟਰੱਕਾਂ ਦੇ ਟਾਇਰ ਵਾਜਬ ਕੀਮਤਾਂ ਵਿੱਚ ਲੈਣ ਲਈ ਪਹੁੰਚੋ ਗਿੱਲ ਟਾਇਰ ਸੈਂਟਰ
1246 Aimco Blvd, Mississauga, ON L4W 1B2
647-808-9569, 416-388-1605

FOR ALL YOUR REAL ESTATE NEEDS



Harjit Brar
Sales Representative
416-417-6010



ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

ਪੰਜਾਬ ਸਟਾਰ
www.punjabstar.com

# ਗਲਾਸਗੋ: ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਸਬੰਧੀ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ



ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ): ਸਮੁੱਚੀ ਲੋਕਾਈ ਨੂੰ ਕਿਰਤ ਕਰੋ ਨਾਮ ਜਪੋ ਵੰਡ ਛਕੋ ਦਾ ਉਪਦੇਸ਼ ਦੇਣ ਵਾਲੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੇ ਸੰਬੰਧ ਵਿੱਚ ਦੇਸ਼ ਵਿਦੇਸ਼ ਵਿੱਚ ਰੌਣਕਾਂ ਦੇਖਣ ਨੂੰ ਮਿਲ ਰਹੀਆਂ ਹਨ। ਸਕਾਟਲੈਂਡ ਦੇ ਖੂਬਸੂਰਤ ਸ਼ਹਿਰ ਗਲਾਸਗੋ ਵਿਖੇ ਵੀ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੇ ਸੰਬੰਧ ਵਿੱਚ ਇੱਕ ਵਿਸ਼ਾਲ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ। ਸ਼੍ਰੀ ਗੁਰੂ ਗ੍ਰੰਥ ਸਾਹਿਬ ਗੁਰਦੁਆਰਾ ਐਲਬਰਟ ਡਰਾਈਵ ਦੀ ਪ੍ਰਬੰਧਕ ਕਮੇਟੀ ਵੱਲੋਂ ਕਰਵਾਏ ਗਏ ਇਸ ਨਗਰ ਕੀਰਤਨ ਦਾ ਪਹਿਲਾ ਤੇ ਵਿਚਕਾਰਲਾ ਪੜਾਅ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਗੁਰਦੁਆਰਾ ਸੇਂਟ ਐਂਡਰਿਉ ਡਰਾਈਵ ਸੀ।

ਗੁਰਦੁਆਰਾ ਸਾਹਿਬ ਦੀ ਸਮੁੱਚੀ ਪ੍ਰਬੰਧਕ ਕਮੇਟੀ ਤੇ ਸੰਗਤਾਂ ਵੱਲੋਂ ਨਗਰ ਕੀਰਤਨ ਦੇ ਨਾਲ ਪਹੁੰਚੀਆਂ ਸੰਗਤਾਂ ਨੂੰ ਜੀ ਆਇਆ ਕਿਹਾ ਗਿਆ। ਇਸ ਸਮੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਰਦਾਰ ਲੁਭਾਇਆ ਸਿੰਘ ਮਹਿਮੀ, ਸਰਦਾਰ ਹਰਜੀਤ ਸਿੰਘ ਖਹਿਰਾ, ਸਰਦਾਰ ਗੁਰਦੀਪ ਸਿੰਘ ਸਮਰਾ ਆਦਿ ਨੇ ਜਿੱਥੇ ਸੰਗਤਾਂ ਨੂੰ ਵਧਾਈ ਪੇਸ਼ ਕੀਤੀ ਉੱਥੇ ਸਮੁੱਚੀਆਂ ਸੰਗਤਾਂ ਨੂੰ ਇਸ ਨਗਰ ਕੀਰਤਨ ਦਾ ਹਿੱਸਾ ਬਣਨ 'ਤੇ ਧੰਨਵਾਦ ਵੀ ਕੀਤਾ ਗਿਆ। ਉਹਨਾਂ ਕਿਹਾ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਤੋਂ ਸਾਨੂੰ ਇਹ ਸਿੱਖਿਆ ਲੈਣੀ ਬਣਦੀ ਹੈ ਕਿ ਗੁਰੂ ਸਾਹਿਬ ਨੇ ਸਾਨੂੰ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਦਾ ਉਪਦੇਸ਼ ਦਿੱਤਾ ਸੀ। ਆਓ ਇਸ ਦਿਨ ਪਰਨ ਕਰੀਏ ਕਿ ਅਸੀਂ ਉਹਨਾਂ ਦੀਆਂ ਸਿੱਖਿਆਵਾਂ ਨੂੰ ਲੜ ਬੰਨ੍ਹ ਕੇ ਹਰ ਕਿਸੇ ਦੇ ਹੱਕ ਦੀ ਰਾਖੀ ਵੀ ਕਰਾਂਗੇ।

ਨਗਰ ਕੀਰਤਨ ਦੀ ਅਗਵਾਈ ਪੰਜ ਪਿਆਰਿਆਂ ਵੱਲੋਂ ਕੀਤੀ ਜਾ ਰਹੀ ਸੀ। ਬੇਸ਼ੱਕ ਇਸ ਦਿਨ ਮੀਂਹ ਪੈ ਰਿਹਾ ਸੀ ਪਰ ਫਿਰ ਵੀ ਰੌਚਕ ਨਜ਼ਾਰਾ ਪੇਸ਼ ਹੋ ਰਿਹਾ ਸੀ।

ਇਸ ਸਮੇਂ ਜਿੱਥੇ ਗੁਰੂ ਘਰ ਦੇ ਵਜ਼ੀਰ ਭਾਈ ਅਮਰੀਕ ਸਿੰਘ, ਭਾਈ ਮਨਪ੍ਰੀਤ ਸਿੰਘ ਤੇ ਭਾਈ ਗਗਨਦੀਪ ਸਿੰਘ ਵੱਲੋਂ ਲਗਾਤਾਰ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਜਾ ਰਿਹਾ ਸੀ ਉੱਥੇ ਦੂਰ-ਦੂਰ ਤੱਕ ਤੁਰੀਆਂ ਜਾ ਰਹੀਆਂ ਸੰਗਤਾਂ ਆਪੋ ਆਪਣੀਆਂ ਟੋਲੀਆਂ ਦੇ ਰੂਪ ਦੇ ਵਿੱਚ ਕੀਰਤਨ ਤੇ ਭਜਨ ਗਾਇਨ ਕਰਦੀਆਂ ਨਜ਼ਰ ਆ ਰਹੀਆਂ ਸਨ।

## ਸੁਪਰੀਮ ਕੋਰਟ ਦੇ ਬਾਹਰ ਵਿਅਕਤੀ ਨੇ ਖੁਦ ਨੂੰ ਬੰਬ ਨਾਲ ਉਡਾਇਆ

ਸਾਓ ਪਾਉਲੋ : ਬ੍ਰਾਜ਼ੀਲ ਦੀ ਸੁਪਰੀਮ ਕੋਰਟ ਵਿੱਚ ਦਾਖਲ ਹੋਣ ਵਿੱਚ ਅਸਫਲ ਰਹਿਣ ਵਾਲੇ ਇੱਕ ਵਿਅਕਤੀ ਨੇ ਬੁੱਧਵਾਰ ਨੂੰ ਇਮਾਰਤ ਦੇ ਬਾਹਰ ਬੰਬ ਧਮਾਕਾ ਕਰਕੇ ਆਤਮ ਹੱਤਿਆ ਕਰ ਲਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਅਧਿਕਾਰੀਆਂ ਨੇ ਦੱਸਿਆ ਕਿ ਘਟਨਾ ਤੋਂ ਬਾਅਦ ਜੱਜ ਅਤੇ ਸਟਾਫ਼ ਨੇ ਇਮਾਰਤ ਖਾਲੀ ਕਰ ਦਿੱਤੀ ਅਤੇ ਬਾਹਰ ਆ ਗਏ। ਬ੍ਰਾਜ਼ੀਲ ਦੀ ਸੁਪਰੀਮ ਕੋਰਟ ਨੇ ਇੱਕ ਬਿਆਨ ਵਿੱਚ ਕਿਹਾ ਕਿ ਸੈਸ਼ਨ ਖ਼ਤਮ ਹੋਣ ਤੋਂ ਬਾਅਦ, ਸ਼ਾਮ 7:30 ਵਜੇ ਦੇ ਕਰੀਬ ਦੋ ਜ਼ੋਰਦਾਰ ਧਮਾਕੇ ਸੁਣੇ ਗਏ ਅਤੇ ਸਾਰੇ ਜੱਜ ਅਤੇ ਸਟਾਫ ਇਮਾਰਤ ਤੋਂ ਸੁਰੱਖਿਅਤ ਬਾਹਰ ਨਿਕਲ ਗਏ। ਫਾਇਰਫਾਈਟਰਾਂ ਨੇ ਪੁਸ਼ਟੀ ਕੀਤੀ ਕਿ ਰਾਜਧਾਨੀ ਬ੍ਰਾਸੀਲੀਆ ਵਿੱਚ ਇੱਕ ਵਿਅਕਤੀ ਦੀ ਮੌਕੇ 'ਤੇ ਮੌਤ ਹੋ ਗਈ, ਹਾਲਾਂਕਿ ਪੀੜਤ ਦੀ ਪਛਾਣ ਨਹੀਂ ਹੋ ਸਕੀ ਹੈ।

ਬ੍ਰਾਜ਼ੀਲ ਦੇ ਫੈਡਰਲ ਡਿਸਟ੍ਰਿਕਟ ਦੀ ਲੈਫਟੀਨੈਂਟ ਗਵਰਨਰ ਸੇਲੀਨਾ ਲਿਓ ਨੇ ਕਿਹਾ ਕਿ ਸ਼ੱਕੀ ਨੇ ਪਹਿਲਾਂ ਸੰਸਦ ਦੀ ਪਾਰਕਿੰਗ ਵਿੱਚ ਇੱਕ ਕਾਰ ਵਿੱਚ ਵਿਸਫੋਟਕ ਲਗਾਇਆ ਸੀ, ਜਿਸ ਨਾਲ ਕੋਈ ਜ਼ਖਮੀ ਨਹੀਂ ਹੋਇਆ। 'ਸਪੀਕਰ' ਆਰਥਰ ਲੀਰਾ ਦੇ ਅਨੁਸਾਰ, ਲ਼ਓਂ ਨੇ ਜੋਖਮਾਂ ਤੋਂ ਬਚਣ ਲਈ ਵੀਰਵਾਰ ਨੂੰ ਸੰਸਦ ਨੂੰ ਬੰਦ ਕਰਨ ਦਾ ਸੁਝਾਅ ਦਿੱਤਾ। ਬ੍ਰਾਜ਼ੀਲ ਦੀ ਸੈਨੇਟ ਨੇ ਉਸ ਦੀ ਬੇਨਤੀ 'ਤੇ ਸਹਿਮਤੀ ਜਤਾਈ ਅਤੇ ਹੇਠਲਾ ਸਦਨ ▯▯ਦੁਪਹਿਰ ਤੱਕ ਬੰਦ ਰਹੇਗਾ। ਇਹ ਧਮਾਕੇ ਬ੍ਰਾਸੀਲੀਆ ਦੇ ਥ੍ਰੀ ਪਾਵਰਜ਼ ਪਲਾਜ਼ਾ ਵਿੱਚ ਸੁਪਰੀਮ ਕੋਰਟ ਦੇ ਬਾਹਰ ਲਗਭਗ 20 ਸਕਿੰਟਾਂ ਦੀ ਦੂਰੀ 'ਤੇ ਹੋਏ, ਜਿਸ ਵਿੱਚ ਸੁਪਰੀਮ ਕੋਰਟ, ਸੰਸਦ ਅਤੇ ਰਾਸ਼ਟਰਪਤੀ ਮਹਿਲ ਸਮੇਤ ਬ੍ਰਾਜ਼ੀਲ ਦੀਆਂ ਮੁੱਖ ਸਰਕਾਰੀ ਇਮਾਰਤਾਂ ਹਨ।

# ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਮਿਲਣ ਲਈ ਪੁੱਜੇ ਸੁਖਬੀਰ ਸਿੰਘ ਬਾਦਲ ਦੀ ਲੱਤ 'ਤੇ ਲੱਗੀ ਸੱਟ

ਬਲਬੀਰ ਸਿੰਘ ਬੱਬੀ



ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਉੱਪਰ ਇਸ ਵੇਲੇ ਕਾਫੀ ਮਾੜਾ ਸਮਾਂ ਚੱਲ ਰਿਹਾ ਹੈ ਇਹ ਸਮਾਂ ਕਿਸੇ ਵਿਰੋਧੀ ਪਾਰਟੀ ਜਾਂ ਕਿਸੇ ਹੋਰ ਨੇ ਨਹੀਂ ਲਿਆਂਦਾ ਇਹ ਸਭ ਕੁਝ ਅਕਾਲੀ ਦਲ ਦੇ ਪ੍ਰਮੁੱਖ ਸੀਨੀਅਰ ਅਕਾਲੀ ਆਗੂਆਂ ਦੀਆਂ ਗਲਤੀਆਂ ਦੀਆਂ ਹੀ ਮਿਹਰਬਾਨੀ ਹਨ। ਅਕਾਲੀ ਦਲ ਦੇ ਪ੍ਰਧਾਨ ਰਹੇ ਸੁਖਬੀਰ ਸਿੰਘ ਬਾਦਲ ਨੂੰ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਤਨਖਾਹੀਆ ਕਰਾਰ ਦਿੱਤਾ ਹੋਇਆ ਹੈ ਤੇ ਉਹ ਕਿਸੇ ਵੀ ਸਰਗਰਮੀ ਵਿੱਚ ਹਿੱਸਾ ਲੈਂਦੇ ਨਜ਼ਰ ਨਹੀਂ ਆਏ ਆਪਣੇ ਤਨਖਾਹੀਆ ਤੇ ਖਿਮਾਂ ਯਾਚਨਾ ਦੇ ਸਬੰਧ ਦੇ ਵਿੱਚ ਅੱਜ ਸੁਖਬੀਰ ਸਿੰਘ ਬਾਦਲ ਆਪਣੇ ਸਾਥੀਆਂ ਸਮੇਤ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਪੁੱਜੇ ਤੇ ਉਹ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਹੋਰਾਂ ਨੂੰ ਮਿਲਣਾ ਚਾਹੁੰਦੇ ਸਨ ਪਰ ਜਥੇਦਾਰ ਬਾਹਰ ਹੋਣ ਕਾਰਨ ਨਹੀਂ ਮਿਲ ਸਕੇ। ਸੁਖਬੀਰ ਸਿੰਘ ਬਾਦਲ ਜਥੇਦਾਰ ਦੇ ਪੀ ਏ ਕੋਲ ਆਪਣਾ ਪੱਤਰ ਲੈ ਕੇ ਗਏ ਜਦੋਂ ਉਹ ਉੱਥੇ ਕੁਰਸੀ ਉੱਤੇ ਬੈਠਣ ਲੱਗੇ ਤਾਂ ਅਚਾਨਕ ਹੀ ਕੁਰਸੀ ਦਾ ਸੰਤੁਲਨ ਵਿਗੜ ਗਿਆ ਤੇ ਕੁਰਸੀ ਟੁੱਟ ਗਈ ਸੁਖਬੀਰ ਸਿੰਘ ਬਾਦਲ ਹੇਠਾਂ ਡਿੱਗ ਪਏ। ਗਰਮ ਜਿਹੀ ਸੱਟ ਵਿੱਚ ਉਹਨਾਂ ਨੂੰ ਬਹੁਤਾ ਪਤਾ ਨਹੀਂ ਲੱਗਿਆ ਤੇ ਉਹ ਉਥੋਂ ਆ ਗਏ ਜਦੋਂ ਰਸਤੇ ਵਿੱਚ ਆਏ ਤਾਂ ਉਨਾਂ ਨੂੰ ਲੱਤ ਵਿੱਚ ਦਰਦ ਦੀ ਸ਼ਿਕਾਇਤ ਹੋਈ ਤੇ ਸੁਖਬੀਰ ਸਿੰਘ ਬਾਦਲ ਨੂੰ ਉਨਾਂ ਦੇ ਸਾਥੀਆਂ ਨੇ ਗੁਰੂ ਰਾਮਦਾਸ ਹਸਪਤਾਲ ਵਿੱਚ ਲਿਆਂਦਾ ਜਿੱਥੇ ਉਹਨਾਂ ਦੀ ਜਾਂਚ ਹੋਈ ਤੇ ਉਹਨਾਂ ਦੀ ਲੱਤ ਦੀ ਹੱਡੀ ਨੁਕਸਾਨੀ ਗਈ ਦੱਸੀ ਜਾ ਰਹੀ ਹੈ। ਡਾਕਟਰਾਂ ਨੇ ਸੁਖਬੀਰ ਸਿੰਘ ਬਾਦਲ ਦੀ ਲੱਤ ਉੱਤੇ ਪਲਸਤਰ ਕਰ ਦਿੱਤਾ ਤੇ ਉਹਨਾਂ ਨੂੰ ਆਰਾਮ ਦੀ ਸਲਾਹ ਦਿੱਤੀ ਹੈ। ਸੁਖਬੀਰ ਸਿੰਘ ਬਾਦਲ ਦੀ ਲੱਤ ਉੱਤੇ ਸੱਟ ਲੱਗਣ ਤੋਂ ਬਾਅਦ ਜਦੋਂ ਤਸਵੀਰਾਂ ਸੋਸ਼ਲ ਮੀਡੀਆ ਉੱਤੇ ਆਈਆਂ ਤਾਂ ਲੋਕਾਂ ਨੇ ਅਨੇਕਾਂ ਤਰ੍ਹਾਂ ਦੀਆਂ ਚਰਚਾਵਾਂ ਸ਼ੁਰੂ ਕਰ ਦਿੱਤੀਆਂ।

# ਕੈਨੇਡਾ 'ਚ ਕਿਸੇ ਧਾਰਮਿਕ ਸਥਾਨ ਨੂੰ ਕੋਈ ਖ਼ਤਰਾ ਨਹੀਂ

ਬਰੈਂਪਟਨ : ਕੈਨੇਡਾ ਦੇ ਬਰੈਂਪਟਨ ਅਤੇ ਮਿਸੀਸਾਗਾ ਸ਼ਹਿਰਾਂ ਵਿਚ ਕਿਸੇ ਧਾਰਮਿਕ ਸਥਾਨ ਨੂੰ ਕੋਈ ਖਤਰਾ ਦਰਪੇਸ਼ ਨਹੀਂ ਅਤੇ ਪੀਲ ਰੀਜਨਲ ਪੁਲਿਸ ਵੱਲੋਂ ਕਮਿਊਨਿਟੀ ਆਗੂਆਂ, ਵੱਖ-ਵੱਖ ਜਥੇਬੰਦੀਆਂ ਅਤੇ ਸਥਾਨਕ ਲੋਕਾਂ ਨਾਲ ਸੰਪਰਕ ਕਾਇਮ ਕਰਦਿਆਂ ਮਾਹੌਲ ਸੁਖਾਵਾਂ ਬਣਾਉਣ ਦੇ ਯਤਨ ਕੀਤੇ ਜਾ ਰਹੇ ਹਨ। ਪੀਲ ਰੀਜਨਲ ਪੁਲਿਸ ਨੇ ਇਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਲੋਕਾਂ ਨੂੰ ਭੈਅਮੁਕਤ ਕਰਨ ਲਈ ਧਾਰਮਿਕ ਥਾਵਾਂ ਦੇ ਆਲੇ-ਦੁਆਲੇ ਪੁਲਿਸ ਦੀ ਮੌਜੂਦਗੀ ਵਿਚ ਵਾਧਾ ਕੀਤਾ ਗਿਆ ਹੈ। ਧਾਰਮਿਕ ਥਾਵਾਂ ਨੇੜੇ ਰੋਸ ਵਿਖਾਵਿਆਂ ਜਾਂ ਹੋਰ ਸੰਭਾਵਤ ਖਤਰਿਆਂ ਬਾਰੇ ਭਾਈਚਾਰੇ ਦੀਆਂ ਚਿੰਤਾਵਾਂ ਦਾ ਜ਼ਿਕਰ ਕਰਦਿਆਂ ਪੁਲਿਸ ਨੇ ਕਿਹਾ ਕਿ ਇਲਾਕੇ ਵਿਚ ਮੌਜੂਦ ਧਾਰਮਿਕ ਸਥਾਨਾਂ ਵਾਸਤੇ ਕੋਈ ਸਿੱਧਾ ਖਤਰਾ ਪੈਦਾ ਨਹੀਂ ਹੁੰਦਾ। ਆਪਣੇ ਯਤਨਾਂ ਨੂੰ ਅੱਗੇ ਵਧਾਉਂਦਿਆਂ ਪੀਲ ਰੀਜਨਲ ਪੁਲਿਸ, ਭਾਰਤ ਦੇ ਕੌਂਸਲ ਜਨਰਲ ਦੇ ਸੰਪਰਕ ਵਿਚ ਹੈ ਅਤੇ ਭਾਈਚਾਰੇ ਨੂੰ ਦਰਪੇਸ਼ ਕਿਸੇ ਵੀ ਖਤਰੇ ਨੂੰ ਠੱਲ੍ਹ ਪਾਉਣ ਲਈ ਕਮਿਊਨਿਟੀ ਆਗੂਆਂ ਨਾਲ ਤਾਲਮੇਲ ਅਧੀਨ ਕੰਮ ਕੀਤਾ ਜਾ ਰਿਹਾ ਹੈ।



PEEL REGIONAL POLICE STATEMENT

Peel Regional Police is aware of community concerns, particularly at places of worship, regarding demonstrations and perceived threats. Peel Regional Police wish to clarify that we have not received any direct threats against any place of worship in the Region of Peel.

Peel Regional Police has increased our presence around places of worship to reassure the public. Additionally, we have been actively engaging with community leaders, organizations, and local stakeholders to address safety concerns and de-escalate tensions.

As part of these efforts, Peel Regional Police has been in contact with the Consul General of India, as well as places of worship and community centres to work collaboratively to mitigate risks for the community. Given the current tensions in the community and a shared interest in maintaining public safety, the organizers agreed that Consular Camps be postponed to a later date to allow for tensions to ease and limit any negative impact on the community.

**ਲੋਕਾਂ ਨੂੰ ਭੈਅਮੁਕਤ ਕਰਨ ਲਈ ਧਾਰਮਿਕ ਥਾਵਾਂ ਦੁਆਲੇ ਪੁਲਿਸ ਦੀ ਮੌਜੂਦਗੀ ਵਧਾਈ**

ਪੁਲਿਸ ਨੇ ਦੱਸਿਆ ਕਿ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਖਾਤਰ ਕੀਤੇ ਜਾ ਰਹੇ ਯਤਨਾਂ ਤਹਿਤ ਪ੍ਰਬੰਧਕਾਂ ਨੇ ਕੌਂਸਲਰ ਕੈਂਪ ਮੁਲਤਵੀ ਕਰਨ ਦੀ ਸਹਿਮਤੀ ਦੇ ਦਿਤੀ। ਇਹ ਕੈਂਪ ਬਾਅਦ ਵਿਚ ਕਿਸੇ ਵੀ ਹੋਰ ਤਰੀਕ ਨੂੰ ਰੱਖੇ ਜਾ ਸਕਦੇ ਹਨ। ਆਪਣੇ ਬਿਆਨ ਦੇ ਅੰਤ ਵਿਚ ਪੀਲ ਰੀਜਨਲ ਪੁਲਿਸ ਨੇ ਕਿਹਾ ਕਿ ਇਲਾਕੇ ਵਿਚ ਵਸਦੇ ਹਰ ਸ਼ਖਸ ਦੀ ਸੁਰੱਖਿਆ ਯਕੀਨੀ ਬਣਾਉਣੀ ਉਨ੍ਹਾਂ ਦਾ ਫਰਜ਼ ਦਾ ਹੈ। ਇਥੇ ਦਸਣਾ ਬਣਦਾ ਹੈ ਕਿ ਬਰੈਂਪਟਨ ਅਤੇ ਮਿਸੀਸਾਗਾ ਦੇ ਹਿੰਦੂ ਮੰਦਰਾਂ ਬਾਹਰ ਮੁੜ ਰੋਸ ਵਿਖਾਵੇ ਕਰਨ ਦਾ ਐਲਾਨ ਕਰਦੀ ਇਕ ਵੀਡੀਓ ਸਾਹਮਣੇ ਆਉਣ ਮਗਰੋਂ ਪੀਲ ਰੀਜਨਲ ਪੁਲਿਸ ਦਾ ਤਾਜ਼ਾ ਬਿਆਨ ਸਾਹਮਣੇ ਆਇਆ ਹੈ। ਮਿਸੀਸਾਗਾ ਦੇ ਕਾਲੀਬਾੜੀ ਮੰਦਰ ਅਤੇ ਬਰੈਂਪਟਨ ਦੇ ਤ੍ਰਿਵੇਣੀ ਮੰਦਰ ਦੇ ਬਾਹਰ 16 ਅਤੇ 17 ਨਵੰਬਰ ਨੂੰ ਹੋਣ ਵਾਲੇ ਰੋਸ ਵਿਖਾਵਿਆਂ ਮੱਦੇਨਜ਼ਰ ਤ੍ਰਿਵੇਣੀ ਮੰਦਰ ਦੀ ਪ੍ਰਬੰਧਕ ਕਮੇਟੀ ਵੱਲੋਂ 17 ਨਵੰਬਰ ਨੂੰ ਲਾਈਫ਼ ਸਰਟੀਫਿਕੇਟ ਵਾਸਤੇ ਲੱਗਣ ਵਾਲਾ ਕੌਂਸਲਰ ਕੈਂਪ ਰੱਦ ਕਰ ਦਿਤਾ ਗਿਆ ਹੈ। ਇਸੇ ਦੌਰਾਨ ਮਿਸੀਸਾਗਾ ਦੇ ਕਾਲੀਬਾੜੀ ਮੰਦਰ ਵੱਲੋਂ ਵੀ 16 ਨਵੰਬਰ ਦਾ ਸਮਾਗਮ ਰੱਦ ਕੀਤੇ ਜਾਣ ਦੀ ਰਿਪੋਰਟ ਹੈ। ਇਸੇ ਦੌਰਾਨ ਭਾਰਤੀ ਮੀਡੀਆ ਵਿਚ ਪ੍ਰਕਾਸ਼ਤ ਰਿਪੋਰਟਾਂ ਵਿਚ ਦਾਅਵਾ ਕੀਤਾ ਗਿਆ ਹੈ ਕਿ ਪੀਲ ਰੀਜਨਲ ਪੁਲਿਸ ਸੁਰੱਖਿਆ ਮੁਹੱਈਆ ਕਰਵਾਉਣ ਦੇ ਇਵਜ਼ ਵਿਚ 50 ਹਜ਼ਾਰ ਡਾਲਰ ਤੋਂ ਇਕ ਲੱਖ ਡਾਲਰ ਤੱਕ ਦੀ ਰਕਮ ਮੰਗ ਰਹੀ ਹੈ। ਕੋਲੀਸ਼ਨ ਆਫ਼ ਹਿੰਦੂਜ਼ ਆਫ ਨੌਰਥ ਅਮੈਰਿਕਾ ਦਾ ਇਕ ਪ੍ਰੈਸ ਨੋਟ ਸਾਹਮਣੇ ਆ ਰਿਹਾ ਹੈ ਜਿਸ ਵਿਚ ਪੀਲ ਰੀਜਨਲ ਪੁਲਿਸ 'ਤੇ ਕੈਨੇਡੀਅਨ ਹਿੰਦੂਆਂ ਦੇ ਹੱਕਾਂ ਦੀ ਰਾਖੀ ਕਰਨ ਦੇ ਦੋਸ਼ ਵੀ ਲਾਏ ਗਏ ਹਨ।

# ਪੇਜ ਇੱਕ ਦੀ ਬਾਕੀ

## ਚੀਨ 'ਚ ਤੇਜ਼ ਰਫ਼ਤਾਰ...

ਹਸਪਤਾਲ 'ਚ ਇਲਾਜ ਚੱਲ ਰਿਹਾ ਹੈ। ਚੀਨੀ ਅਧਿਕਾਰੀਆਂ ਨੇ ਤੁਰੰਤ ਕਾਰਵਾਈ ਕੀਤੀ ਅਤੇ 62 ਸਾਲਾ ਡਰਾਈਵਰ ਨੂੰ ਹਿਰਾਸਤ ਵਿੱਚ ਲੈ ਲਿਆ। ਪੁਲਸ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਅਜੇ ਤੱਕ ਇਹ ਸਪੱਸ਼ਟ ਨਹੀਂ ਹੋਇਆ ਹੈ ਕਿ ਇਹ ਘਟਨਾ ਹਾਦਸਾ ਸੀ ਜਾਂ ਜਾਣਬੁੱਝ ਕੇ ਕੀਤਾ ਗਿਆ ਹਮਲਾ।

ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਇਸ ਘਟਨਾ 'ਤੇ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾਂ ਨੇ ਸਥਾਨਕ ਅਧਿਕਾਰੀਆਂ ਨੂੰ ਸਾਰੇ ਜ਼ਖਮੀਆਂ ਨੂੰ ਤੁਰੰਤ ਅਤੇ ਬਿਹਤਰ ਡਾਕਟਰੀ ਦੇਖਭਾਲ ਮੁਹੱਈਆ ਕਰਵਾਉਣ ਦੇ ਨਿਰਦੇਸ਼ ਦਿੱਤੇ ਹਨ। ਰਾਸ਼ਟਰਪਤੀ ਨੇ ਇਹ ਵੀ ਕਿਹਾ ਕਿ ਦੋਸ਼ੀ ਵਿਅਕਤੀ ਨੂੰ ਕਾਨੂੰਨ ਅਨੁਸਾਰ ਸਖ਼ਤ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਸ਼ੀ ਜਿਨਪਿੰਗ ਨੇ ਪ੍ਰਸ਼ਾਸਨ ਨੂੰ ਘਟਨਾ ਦੇ ਕਾਰਨਾਂ ਦੀ ਡੂੰਘਾਈ ਨਾਲ ਜਾਂਚ ਕਰਨ ਦੇ ਨਿਰਦੇਸ਼ ਦਿੱਤੇ ਹਨ ਤਾਂ ਜੋ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਤੋਂ ਬਚਿਆ ਜਾ ਸਕੇ।

ਝੁਹਾਈ ਸ਼ਹਿਰ 'ਚ ਹੋਏ ਇਸ ਹਾਦਸੇ ਕਾਰਨ ਉੱਥੇ ਦੇ ਲੋਕ ਸਦਮੇ 'ਚ ਹਨ। ਤੁਹਾਨੂੰ ਦੱਸ ਦੇਈਏ ਕਿ ਚੀਨ ਦਾ ਇਹ ਸ਼ਹਿਰ ਇਸ ਸਮੇਂ ਉੱਥੋਂ ਦੇ ਮਸ਼ਹੂਰ ਏਅਰਸ਼ੋਅ ਦੀ ਮੇਜ਼ਬਾਨੀ ਕਰ ਰਿਹਾ ਹੈ ਅਤੇ ਇਸ ਦੌਰਾਨ ਵਾਪਰੇ ਇਸ ਹਾਦਸੇ ਨੇ ਏਅਰਸ਼ੋਅ ਦੇ ਆਯੋਜਨ 'ਤੇ ਵੀ ਸਵਾਲ ਖੜ੍ਹੇ ਕਰ ਦਿੱਤੇ ਹਨ। ਪੁਲਸ ਮਾਮਲੇ ਦੀ ਤਹਿ ਤੱਕ ਜਾਣ ਦੀ ਕੋਸ਼ਿਸ਼ ਕਰ ਰਹੀ ਹੈ।

## ਕਾਰੋਬਾਰੀਆਂ ਕੋਲੋਂ ਫ਼ਿਰੌਤੀਆਂ...

ਉਰਫ਼ ਲੱਡੂ ਅਤੇ ਗਰਦੌਰ ਸਿੰਘ ਵਜੋਂ ਹੋਈ ਹੈ ਜੋ ਸਾਰੇ ਪਿੰਡ ਚੜਿੱਕ ਦੇ ਰਹਿਣ ਵਾਲੇ ਹਨ।

ਪੁਲੀਸ ਮੁਤਾਬਕ ਇਸੇ ਪਿੰਡ ਚੜਿੱਕ ਦਾ ਲਖਵੀਰ ਸਿੰਘ ਉਰਫ਼ ਲੱਕੀ ਕੈਨੇਡਾ ਤੋਂ ਇਹ ਨੈੱਟਵਰਕ ਚਲਾ ਰਿਹਾ ਹੈ। ਉਹ ਵਿਦੇਸ਼ ਤੋਂ ਕਾਰੋਬਾਰੀਆਂ ਆਦਿ ਨੂੰ ਫ਼ਿਰੌਤੀ ਲਈ ਕਾਲ ਕਰਦਾ ਹੈ ਅਤੇ ਫ਼ਿਰੌਤੀ ਨਾ ਦੇਣ 'ਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦਾ ਹੈ। ਉਨ੍ਹਾਂ ਕਿਹਾਕਿ ਗ੍ਰਿਫ਼ਤਾਰ ਮੁਲਜ਼ਮ ਫ਼ਿਰੌਤੀ ਵਸੂਲਣ ਦਾ ਕੰਮ ਕਰਦੇ ਸਨ। ਪੁਲੀਸ ਨੇ ਮੁਲਜ਼ਮਾਂ ਖ਼ਿਲਾਫ਼ ਥਾਣਾ ਸਿਟੀ ਦੱਖਣੀ ਵਿਚ ਕੇਸ ਦਰਜ ਕੀਤਾ ਹੈ।

## ਕਨੇਡਾ ਬਣ ਸਕਦਾ...

ਅਥਾਬਾਸਕਾ ਬੇਸਿਨ ਵਿੱਚ ਮਾਈਨਿੰਗ ਕਰਨ ਵਾਲੀ ਇੱਕ ਕੰਪਨੀ ਨੇਕਸਜੇਨ ਦਾ ਮੁਖੀ ਹੈ। ਇਸ ਪ੍ਰਾਜੈਕਟ ਦੀ ਲਾਗਤ ਕਰੀਬ ਚਾਰ ਅਰਬ ਡਾਲਰ ਹੈ। ਇਹ ਕੀਮਤ ਉਦੋਂ ਹੈ ਜਦੋਂ ਇਹ ਖਾਨ 2028 ਤੋਂ ਬਾਅਦ ਹੀ ਵਪਾਰਕ ਤੌਰ 'ਤੇ ਚਾਲੂ ਹੋਵੇਗੀ। ਜੇਕਰ ਇਸ ਨੂੰ ਰੈਗੂਲੇਟਰਾਂ ਵੱਲੋਂ ਮਨਜ਼ੂਰੀ ਦਿੱਤੀ ਜਾਂਦੀ ਹੈ, ਤਾਂ ਨੇਕਸਗੇਨ ਦਾ ਇਹ ਪ੍ਰੋਜੈਕਟ ਆਉਣ ਵਾਲੇ ਦਹਾਕੇ ਵਿੱਚ ਕੈਨੇਡਾ ਨੂੰ ਵਿਸ਼ਵ ਦਾ ਸਭ ਤੋਂ ਵੱਡਾ ਯੂਰੇਨੀਅਮ ਉਤਪਾਦਕ ਬਣਾ ਦੇਵੇਗਾ।

ਨੇਕਸਗੇਨ ਤੋਂ ਇਲਾਵਾ, ਕਈ ਹੋਰ ਕੰਪਨੀਆਂ ਵੀ ਖੇਤਰ ਵਿੱਚ ਮਾਈਨਿੰਗ ਪ੍ਰੋਜੈਕਟ ਸ਼ੁਰੂ ਕਰ ਰਹੀਆਂ ਹਨ। ਇਸ ਕਾਰਨ ਕਈ ਬੰਦ ਪਈਆਂ ਖਾਣਾਂ ਮੁੜ ਖੋਲ੍ਹ ਦਿੱਤੀਆਂ ਗਈਆਂ ਹਨ। ਮਾਈਨਿੰਗ ਕੰਪਨੀਆਂ ਕੈਨੇਡਾ ਨੂੰ ਪ੍ਰਮਾਣੂ ਊਰਜਾ ਦੇ ਪ੍ਰਮੁੱਖ ਖਿਡਾਰੀ ਵਜੋਂ ਦੇਖ ਰਹੀਆਂ ਹਨ, ਜੋ ਯੂਰੇਨੀਅਮ ਦੀ ਮੰਗ ਨੂੰ ਪੂਰਾ ਕਰਦਾ ਹੈ। COP28 ਜਲਵਾਯੂ ਸੰਮੇਲਨ ਵਿੱਚ, ਦੋ ਦਰਜਨ ਦੇਸ਼ਾਂ ਨੇ 2050 ਤੱਕ ਆਪਣੇ ਪ੍ਰਮਾਣੂ ਊਰਜਾ ਉਤਪਾਦਨ ਨੂੰ ਤਿੰਨ ਗੁਣਾ ਕਰਨ ਦਾ ਵਾਅਦਾ ਕੀਤਾ ਹੈ। ਅਜਿਹੇ 'ਚ ਆਉਣ ਵਾਲੇ ਸਮੇਂ 'ਚ ਇਸ 'ਤੇ ਖਾਸ ਜ਼ੋਰ ਦਿੱਤਾ ਜਾ ਰਿਹਾ ਹੈ।

**ਕੈਨੇਡਾ ਦਾ ਯੂਰੇਨੀਅਮ ਗੁਣਵੱਤਾ ਪੱਖੋਂ ਸ਼ਾਨਦਾਰ**

ਮੈਕਮਾਸਟਰ ਯੂਨੀਵਰਸਿਟੀ ਦੇ ਨਿਊਕਲੀਅਰ ਇੰਜਨੀਅਰਿੰਗ ਦੇ ਪ੍ਰੋਫੈਸਰ ਮਾਰਕਸ ਪਿਰੋ ਦਾ ਕਹਿਣਾ ਹੈ ਕਿ ਕੈਨੇਡਾ ਦੇ ਅਥਾਬਾਸਕਾ ਖੇਤਰ ਨੂੰ ਖਾਸ ਬਣਾਉਣ ਵਾਲੀ ਗੱਲ ਇਹ ਹੈ ਕਿ ਇਸ ਦਾ ਯੂਰੇਨੀਅਮ ਖਾਸ ਤੌਰ 'ਤੇ ਉੱਚ ਦਰਜੇ ਦਾ ਹੈ। ਪੀਰੋ ਮੁਤਾਬਕ ਕੈਨੇਡਾ ਨੇ ਆਪਣੇ ਯੂਰੇਨੀਅਮ ਨੂੰ ਦੂਜੇ ਦੇਸ਼ਾਂ ਨੂੰ ਵੇਚਣ ਲਈ ਸਖ਼ਤ ਨਿਯਮ ਬਣਾਏ ਹਨ। ਕੈਨੇਡਾ ਨੇ ਇਸ ਦੀ ਵਰਤੋਂ ਸਿਰਫ ਪਰਮਾਣੂ ਊਰਜਾ ਉਤਪਾਦਨ ਲਈ ਕਰਨ ਦਾ ਹੁਕਮ ਦਿੱਤਾ ਹੈ। ਕੈਨੇਡਾ ਨੂੰ ਮਾਈਨਿੰਗ ਤੋਂ ਲੈ ਕੇ ਨਿਰਮਾਣ ਪੜਾਅ ਤੱਕ ਪ੍ਰਮਾਣੂ ਈਂਧਨ ਪੈਦਾ ਕਰਨ ਦੀ ਸਮਰੱਥਾ ਕਾਰਨ 'ਟੀਅਰ-ਵਨ ਪ੍ਰਮਾਣੂ ਰਾਸ਼ਟਰ' ਵਜੋਂ ਵੀ ਜਾਣਿਆ ਜਾਂਦਾ ਹੈ। ਕੈਨੇਡਾ ਵਰਤਮਾਨ ਵਿੱਚ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਯੂਰੇਨੀਅਮ ਉਤਪਾਦਕ ਹੈ, ਜੋ ਕੁੱਲ ਵਿਸ਼ਵ ਉਤਪਾਦਨ ਦਾ ਲਗਭਗ 13 ਪ੍ਰਤੀਸ਼ਤ ਹੈ। NexGen ਦਾ ਅੰਦਾਜ਼ਾ ਹੈ ਕਿ ਜਦੋਂ ਇਸਦੀ ਖਾਨ ਚਾਲੂ ਹੋ ਜਾਂਦੀ ਹੈ ਤਾਂ ਇਹ ਇਸ ਨੂੰ ਵਧਾ ਕੇ 25 ਪ੍ਰਤੀਸ਼ਤ ਕਰ ਦੇਵੇਗਾ।

**ਪਰਮਾਣੂ ਊਰਜਾ ਵਾਤਾਵਰਨ ਲਈ ਬਿਹਤਰ**

ਪ੍ਰਮਾਣੂ ਊਰਜਾ ਨੂੰ ਕੁਦਰਤੀ ਗੈਸ ਜਾਂ ਕੋਲੇ ਵਰਗੇ ਹੋਰ ਬਾਲਣਾਂ ਨਾਲੋਂ ਘੱਟ ਕਾਰਬਨ ਨਿਕਾਸ ਲਈ ਜਾਣਿਆ ਜਾਂਦਾ ਹੈ। ਇਸ ਕਾਰਨ ਇਹ ਵਾਤਾਵਰਣ ਨੂੰ ਘੱਟ ਨੁਕਸਾਨ ਪਹੁੰਚਾਉਂਦਾ ਹੈ ਅਤੇ ਜਲਵਾਯੂ ਸੰਕਟ ਵਿੱਚ ਇੱਕ ਬਿਹਤਰ ਵਿਕਲਪ ਬਣ ਜਾਂਦਾ ਹੈ। ਵਰਲਡ ਨਿਊਕਲੀਅਰ ਐਸੋਸੀਏਸ਼ਨ ਦਾ ਅੰਦਾਜ਼ਾ ਹੈ ਕਿ ਦੁਨੀਆ ਭਰ ਵਿੱਚ ਪੈਦਾ ਹੋਣ ਵਾਲੀ ਬਿਜਲੀ ਦਾ 10 ਪ੍ਰਤੀਸ਼ਤ ਪ੍ਰਮਾਣੂ ਸਰੋਤਾਂ ਤੋਂ ਆਉਂਦਾ ਹੈ, ਜਦੋਂ ਕਿ 50 ਪ੍ਰਤੀਸ਼ਤ ਤੋਂ ਵੱਧ ਗੈਸ ਅਤੇ ਕੋਲੇ ਤੋਂ ਪੈਦਾ ਹੁੰਦਾ ਹੈ। ਅਜਿਹੇ 'ਚ ਦੁਨੀਆ ਭਰ 'ਚ ਪਰਮਾਣੂ ਊਰਜਾ ਵੱਲ ਵਧਣ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਪ੍ਰਮਾਣੂ ਊਰਜਾ ਲਈ ਯੂਰੇਨੀਅਮ ਦੀ ਲੋੜ ਹੁੰਦੀ ਹੈ। ਯੂਰੇਨੀਅਮ ਦੁਨੀਆ ਭਰ ਵਿੱਚ ਪਾਇਆ ਜਾ ਸਕਦਾ ਹੈ, ਪਰ ਇਹ ਕੈਨੇਡਾ, ਆਸਟ੍ਰੇਲੀਆ ਅਤੇ ਕਜ਼ਾਕਿਸਤਾਨ ਵਿੱਚ ਸਭ ਤੋਂ ਵੱਧ ਭਰਪੂਰ ਹੈ। ਵਰਲਡ ਨਿਊਕਲੀਅਰ ਐਸੋਸੀਏਸ਼ਨ ਅਨੁਸਾਰ, ਕਜ਼ਾਕਿਸਤਾਨ 2022 ਵਿੱਚ 21,200 ਟਨ ਦੇ ਨਾਲ ਸਭ ਤੋਂ ਵੱਡਾ ਯੂਰੇਨੀਅਮ ਉਤਪਾਦਕ ਸੀ। ਇਸ ਤੋਂ ਬਾਅਦ ਕੈਨੇਡਾ (7,400 ਟਨ), ਨਾਮੀਬੀਆ (5,600), ਆਸਟ੍ਰੇਲੀਆ (4,600), ਉਜ਼ਬੇਕਿਸਤਾਨ (3,300) ਅਤੇ ਰੂਸ (2,500 ਟਨ) ਦਾ ਨੰਬਰ ਆਉਂਦਾ ਹੈ।

## ਮਸਕ ਨੇ 7 ਦਿਨਾਂ...

39 ਫੀਸਦੀ ਦਾ ਵਾਧਾ ਹੋਇਆ ਹੈ ਅਤੇ ਕੰਪਨੀ ਦੀ ਮਾਰਕੀਟ ਕੈਪ ਇਕ ਟ੍ਰਿਲੀਅਨ ਡਾਲਰ ਯਾਨੀ 84.39 ਲੱਖ ਕਰੋੜ ਰੁਪਏ ਵਧ ਗਈ ਹੈ। ਮਸਕ ਨੇ ਟਰੰਪ ਲਈ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ ਦੀ ਪੂਰੀ ਵਰਤੋਂ ਕੀਤੀ। ਉਸਨੇ ਸੱਜੇ ਪਾਸੇ ਝੁਕਣ ਵਾਲੇ ਵੋਟਰਾਂ ਨੂੰ ਰਜਿਸਟਰ ਕਰਨ ਲਈ ਸਵਿੰਗ ਸਟੇਟ ਕਾਰਜਾਂ ਨੂੰ ਫੰਡ ਦਿੱਤਾ। ਮੀਡੀਆ ਰਿਪੋਰਟਾਂ ਵਿਚ ਦਾਅਵਾ ਕੀਤਾ ਗਿਆ ਹੈ ਕਿ ਉਹ ਹੁਣ ਟਰੰਪ ਦੀ ਜਿੱਤ ਵਿਚ ਕੀਤੇ ਗਏ ਨਿਵੇਸ਼ ਦਾ ਪੂਰਾ ਫਾਇਦਾ ਉਠਾਉਣਾ ਚਾਹੁੰਦਾ ਹੈ।

## ਅਮਰੀਕੀ ਰਾਸ਼ਟਰਪਤੀ...

ਸੌਂਪੇ ਗਏ ਹਨ। ਮਸਕ ਅਤੇ ਰਾਮਾਸਵਾਮੀ ਸਰਕਾਰੀ ਕੁਸ਼ਲਤਾ ਵਿਭਾਗ (ਡੀ.ਓ.ਜੀ.ਈ.) ਦੀ ਅਗਵਾਈ ਕਰਨਗੇ। ਇਹ ਇਕ ਨਵਾਂ ਵਿਭਾਗ ਹੈ, ਜੋ ਸਰਕਾਰ ਨੂੰ ਬਾਹਰੀ ਸਲਾਹ ਪ੍ਰਦਾਨ ਕਰੇਗਾ। ਟਰੰਪ ਨੇ ਇਕ ਬਿਆਨ ਵਿਚ ਕਿਹਾ ਕਿ ਇਹ ਵਿਭਾਗ ਅਮਰੀਕਾ ਵਿਚ ਹੋ ਰਹੀ ਫਜ਼ੂਲਖਰਚੀ ਨੂੰ ਨੱਥ ਪਾਏਗਾ, ਜਿਸ ਨਾਲ ਸਰਕਾਰੀ ਖਰਚਿਆਂ ਵਿਚ ਘੱਟੋ-ਘੱਟ 2 ਟ੍ਰਿਲੀਅਨ ਡਾਲਰ ਦੀ ਕਟੌਤੀ ਹੋ ਸਕੇਗੀ। ਇਹ ਅਹੁਦਾ 4 ਜੁਲਾਈ 2026 ਨੂੰ ਖਤਮ ਹੋ ਜਾਵੇਗਾ। ਚੋਣ ਪ੍ਰਚਾਰ ਦੌਰਾਨ ਟਰੰਪ ਨੇ ਪਹਿਲਾਂ ਹੀ ਕਿਹਾ ਸੀ ਕਿ ਜੇ ਉਹ ਰਾਸ਼ਟਰਪਤੀ ਬਣਦੇ ਹਨ, ਤਾਂ ਉਹ ਮਸਕ ਨੂੰ ਕੈਬਨਿਟ ਅਹੁਦਾ ਦੇਣਗੇ, ਜਿਸ ਨਾਲ ਅਮਰੀਕਾ ਵਿਚ ਫਜ਼ੂਲਖਰਚੀ ਬੰਦ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਮਸਕ ਨੇ ਟਰੰਪ ਦੀ ਚੋਣਾਂ 'ਚ ਆਪਣੇ ਪੱਲਿਓਂ ਵੱਡਾ ਖਰਚ ਕੀਤਾ ਸੀ। ਇਸੇ ਤਰ੍ਹਾਂ ਵਿਵੇਕ ਰਾਮਾਸਵਾਮੀ ਨੇ ਟਰੰਪ ਖਿਲਾਫ ਪਾਰਟੀ ਦੀਆਂ ਪ੍ਰਾਇਮਰੀ ਚੋਣਾਂ ਲੜੀਆਂ ਸਨ। ਪਰ ਬਾਅਦ ਵਿਚ ਉਨ੍ਹਾਂ ਨੇ ਟਰੰਪ ਦੇ ਹੱਕ ਵਿਚ ਚੋਣ ਮੈਦਾਨ ਛੱਡ ਦਿੱਤਾ ਸੀ।

ਟਰੰਪ ਨੇ ਫੌਕਸ ਨਿਊਜ਼ ਦੇ ਹੋਸਟ ਪੀਟ ਹੈਗਸੇਥ ਨੂੰ ਵੀ ਆਪਣੀ ਕੈਬਨਿਟ ਵਿਚ ਜਗ੍ਹਾ ਦਿੱਤੀ ਹੈ। ਉਨ੍ਹਾਂ ਨੂੰ ਰੱਖਿਆ ਮੰਤਰੀ ਬਣਾਇਆ ਗਿਆ ਹੈ। ਪੀਟ ਹੈਗਸੇਥ ਨੂੰ ਫੌਜ ਵਿਚ ਕੰਮ ਕਰਨ ਦਾ ਵੀ ਤਜ਼ਰਬਾ ਹੈ। ਟਰੰਪ ਨੇ ਫਲੋਰਿਡਾ ਦੇ ਸੰਸਦ ਮੈਂਬਰ ਮਾਈਕ ਵਾਲਟਜ਼ ਨੂੰ ਦੇਸ਼ ਦਾ ਰਾਸ਼ਟਰੀ ਸੁਰੱਖਿਆ ਸਲਾਹਕਾਰ ਨਿਯੁਕਤ ਕਰਨ ਦਾ ਫੈਸਲਾ ਕੀਤਾ ਹੈ। ਇਹ ਵੀ ਫੌਜ ਵਿਚ ਕਮਾਂਡੋਜ਼ ਰਹਿ ਚੁੱਕੇ ਹਨ।

ਟਰੰਪ ਨੇ ਫਲੋਰਿਡਾ ਤੋਂ ਸੈਨੇਟਰ ਮਾਰਕੋ ਰੂਬਿਓ ਨੂੰ ਵਿਦੇਸ਼ ਮੰਤਰੀ ਬਣਾਉਣ ਦਾ ਫੈਸਲਾ ਕੀਤਾ ਹੈ। ਪਰ ਇਸ ਦਾ ਅਧਿਕਾਰਤ ਤੌਰ 'ਤੇ ਐਲਾਨ ਨਹੀਂ ਕੀਤਾ ਗਿਆ। ਭਾਰਤੀ ਮੂਲ ਦੇ ਕਸ਼ੱਯਪ ਪਟੇਲ ਟਰੰਪ ਸਰਕਾਰ ਵਿਚ ਸੀ.ਆਈ.ਏ. ਚੀਫ ਬਣ ਸਕਦੇ ਹਨ। ਉਹ ਟਰੰਪ ਦੇ ਵਫਾਦਾਰਾਂ ਵਿਚੋਂ ਗਿਣੇ ਜਾਂਦੇ ਹਨ। ਇਸ ਵਾਰ ਭਾਰਤੀ ਮੂਲ ਦੀ ਨਿੱਕੀ ਹੇਲੀ ਨੂੰ ਟਰੰਪ ਨੇ ਅੱਖੋਂ-ਪਰੋਖੇ ਕੀਤਾ ਹੈ, ਕਿਉਂਕਿ ਉਸ ਨੇ ਟਰੰਪ ਦੇ ਖਿਲਾਫ ਚੋਣਾਂ ਲੜੀਆਂ ਸਨ। ਚੋਣ ਤੋਂ ਹਟਣ ਤੋਂ ਬਾਅਦ ਟਰੰਪ ਦੀ ਹਮਾਇਤ ਵੀ ਨਹੀਂ ਕੀਤੀ ਸੀ। ਇਸੇ ਤਰ੍ਹਾਂ ਮਾਈਕ ਪੋਂਪੀਓ ਨੂੰ ਵੀ ਇਸ ਵਾਰ ਕੋਈ ਅਹੁਦਾ ਨਹੀਂ ਦਿੱਤਾ ਗਿਆ।

ਡੋਨਾਲਡ ਟਰੰਪ ਦੇ ਮੁੜ ਅਮਰੀਕਾ ਦਾ ਰਾਸ਼ਟਰਪਤੀ ਬਣਨ ਨਾਲ ਗੈਰ-ਕਾਨੂੰਨੀ ਤਰੀਕੇ ਨਾਲ ਉਥੇ ਦਾਖ਼ਲ ਹੋਏ ਭਾਰਤੀਆਂ ਪ੍ਰਵਾਸੀਆਂ ਦੀ ਮੁਸ਼ਕਲਾਂ ਵਧਣ ਵਾਲੀਆਂ ਹਨ। ਦਰਅਸਲ ਅਮਰੀਕਾ ਵਿਚ ਮੁੜ ਸਖ਼ਤ ਇਮੀਗ੍ਰੇਸ਼ਨ ਪਾਲਿਸੀ ਲਾਗੂ ਹੋਵੇਗੀ। ਟਰੰਪ ਵੱਲੋਂ ਦੂਜੇ ਕਾਰਜਕਾਲ ਦੀ ਤਿਆਰੀ ਵਿਚ ਹਾਲ ਹੀ ਵਿਚ ਕੀਤੀਆਂ ਗਈਆਂ ਨਿਯੁਕਤੀਆਂ ਇਮੀਗ੍ਰੇਸ਼ਨ 'ਤੇ ਸਖ਼ਤ ਰੁਖ਼ ਵੱਲ ਇਸ਼ਾਰਾ ਕਰ ਰਹੀਆਂ ਹਨ। ਟਰੰਪ ਦੀ ਇਸ ਸਖ਼ਤੀ ਦਾ ਅਸਰ ਵਰਕ ਵੀਜ਼ਾ 'ਤੇ ਅਮਰੀਕਾ 'ਚ ਕਾਨੂੰਨੀ ਤੌਰ 'ਤੇ ਰਹਿ ਰਹੇ ਭਾਰਤੀ ਪ੍ਰਵਾਸੀਆਂ 'ਤੇ ਵੀ ਪਵੇਗਾ।

REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES !
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT ANY CREDIT
Office: 416-674-7050
Fax: 416-674-9009
EMail:paulgahunia@hotmail com
Jaspal Singh Gahunia
# M08006400
Lic # 10686
19 Woodbine Downs Blvd., Suite#201, Etobicoke, ON. M9W 6N5
The Mortgage Centre

Best Bargain
Carpet & Flooring
Residential - Commercial - Industrial
Sale & Custom Installation done by Professionals
5 Year Installation Warranty on all Carpets & Flooring
LAUZON Distinctive Hardwood Flooring
PEERLESS
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
* Hardwood * Laminate * Vinyl * Wall to Wall Carpers * Hall Runners
* Oriental Rugs * Custom Made Area Rugs * All Kinds of Carpet Binding
FREE Shop at Home Service
WE WILL BEAT ALL THE BEST PRICES
Tel: 905-696-7877
Cell: 416-937-2856
1332 Khalsa Drive, Unit#21
Mississauga, ON L5S 0A2
Email:- best_bargain@hotmail.com
Gurpreet Singh

BEST TRUCK REPAIR & TIRE CENTER
ਅਸੀਂ ਸੇਫਟੀ, ਇੰਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਇਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ,
ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum USA Mace
Special Rates with Installation
CAT Batteries 1000c Under Warranty $550 Instalation Include
We specialize in Engine, Transmission, Differential Rebuilt & all kind of Electric work.
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.
MICHELIN BFGoodrich DUNLOP GOODYEAR HANKOOK Xceed AEOLUS ROADLUX




# ਅਮਰੀਕਾ 'ਚ ਕੋਈ ਵੀ 2 ਵਾਰ ਰਾਸ਼ਟਰਪਤੀ ਬਣ ਸਕਦੈ, ਟਰੰਪ ਨੇ ਕਿਹਾ ਮੈਂ ਤੀਜੀ ਵਾਰ ਵੀ ਬਣਾਂਗਾ



ਨਿਊਯਾਰਕ : ਆਪਣੇ ਸਮਰਥਕਾਂ ਨੂੰ ਸੰਬੋਧਿਤ ਕਰਦੇ ਹੋਏ ਡੋਨਾਲਡ ਟਰੰਪ ਨੇ ਕਿਹਾ ਕਿ ਮੈਂ ਤੀਸਰੇ ਕਾਰਜਕਾਲ ਲਈ ਤਿਆਰ ਹਾਂ ਪਰ ਮੈਂ ਉਦੋਂ ਤੱਕ ਚੋਣ ਮੈਦਾਨ ਵਿੱਚ ਨਹੀਂ ਉਤਰਾਂਗਾ ਜਦੋਂ ਤੱਕ ਤੁਸੀਂ ਮੈਨੂੰ ਇਹ ਨਹੀਂ ਕਹੋਗੇ ਕਿ ਉਹ (ਟਰੰਪ) ਚੰਗੇ ਹਨ, ਸਾਨੂੰ ਉਨ੍ਹਾਂ ਦਾ ਸਮਰਥਨ ਕਰਨਾ ਚਾਹੀਦਾ ਹੈ। ਰਾਸ਼ਟਰਪਤੀ ਚੋਣਾਂ 'ਚ ਡੈਮੋਕ੍ਰੇਟ ਉਮੀਦਵਾਰ ਕਮਲਾ ਹੈਰਿਸ ਨੂੰ ਵੱਡੇ ਫਰਕ ਨਾਲ ਹਰਾਉਣ ਵਾਲੇ ਟਰੰਪ ਨੇ ਬੁੱਧਵਾਰ ਨੂੰ ਆਪਣੇ ਸਮਰਥਕਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਉਹ ਆਪਣੇ ਤੀਜੇ ਕਾਰਜਕਾਲ ਲਈ ਵੀ ਤਿਆਰ ਹੋ ਸਕਦੇ ਹਨ।

ਟਰੰਪ ਨੇ ਤੀਜੀ ਵਾਰ ਰਾਸ਼ਟਰਪਤੀ ਚੁਣੇ ਜਾਣ ਦੇ ਆਪਣੇ ਇਰਾਦੇ ਬਾਰੇ ਸੰਕੇਤ ਜ਼ਰੂਰ ਦਿੱਤਾ ਹੈ ਪਰ ਅਮਰੀਕਾ ਦੇ ਸੰਵਿਧਾਨ ਮੁਤਾਬਕ ਕੋਈ ਵੀ ਵਿਅਕਤੀ ਦੋ ਵਾਰ ਤੋਂ ਵੱਧ ਅਮਰੀਕਾ ਦਾ ਰਾਸ਼ਟਰਪਤੀ ਨਹੀਂ ਚੁਣਿਆ ਜਾ ਸਕਦਾ। ਇਸ ਲਈ ਕਾਨੂੰਨੀ ਤੌਰ 'ਤੇ ਟਰੰਪ ਦੇ ਤੀਜੀ ਵਾਰ ਰਾਸ਼ਟਰਪਤੀ ਚੁਣੇ ਜਾਣ ਦੇ ਰਾਹ 'ਚ ਕਈ ਰੁਕਾਵਟਾਂ ਹਨ। ਅਮਰੀਕਾ ਵਿੱਚ ਸੰਵਿਧਾਨ ਦੀ 22ਵੀਂ ਸੋਧ ਤੋਂ ਬਾਅਦ ਸਿਰਫ਼ ਦੋ ਵਾਰ ਹੀ ਇੱਕ ਵਿਅਕਤੀ ਨੂੰ ਰਾਸ਼ਟਰਪਤੀ ਚੁਣਨ ਦਾ ਨਿਯਮ ਆਇਆ। ਦਰਅਸਲ 1951 ਤੱਕ ਅਮਰੀਕਾ ਦੇ ਤਤਕਾਲੀ ਰਾਸ਼ਟਰਪਤੀ ਫਰੈਂਕਲਿਨ ਡੀ ਰੂਜ਼ਵੈਲਟ ਨੇ ਆਪਣੇ ਚਾਰ ਕਾਰਜਕਾਲ ਪੂਰੇ ਕਰ ਲਏ ਸਨ। ਇਸ ਤੋਂ ਬਾਅਦ ਅਮਰੀਕਾ ਵਿੱਚ ਸੰਵਿਧਾਨ ਵਿੱਚ ਸੋਧ ਕਰਕੇ ਇਹ ਨਿਯਮ ਬਣਾਇਆ ਗਿਆ ਕਿ ਕੋਈ ਵੀ ਵਿਅਕਤੀ ਸਿਰਫ਼ ਦੋ ਵਾਰ ਹੀ ਰਾਸ਼ਟਰਪਤੀ ਬਣ ਸਕਦਾ ਹੈ। ਅਜਿਹੇ 'ਚ ਜੇਕਰ ਟਰੰਪ ਇਕ ਹੋਰ ਕਾਰਜਕਾਲ ਲਈ ਜਾਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਸੰਵਿਧਾਨ 'ਚ ਬਦਲਾਅ ਕਰਨਾ ਹੋਵੇਗਾ। ਮੌਜੂਦਾ ਹਾਲਾਤਾਂ ਨੂੰ ਦੇਖਦੇ ਹੋਏ ਇਹ ਮੁਸ਼ਕਲ ਜਾਪਦਾ ਹੈ।

ਟਰੰਪ ਨੂੰ ਸੰਵਿਧਾਨ ਵਿਚ ਸੋਧ ਲਈ ਲੰਬੀ ਪ੍ਰਕਿਰਿਆ ਵਿਚੋਂ ਲੰਘਣਾ ਪਵੇਗਾ। ਅਮਰੀਕੀ ਸੰਵਿਧਾਨ ਵਿੱਚ 22ਵੀਂ ਸੋਧ ਨੂੰ ਅਕਿਰਿਆਸ਼ੀਲ ਕਰਨ ਲਈ, ਉਹਨਾਂ ਨੂੰ ਅਮਰੀਕੀ ਸਦਨ ਅਤੇ ਸੈਨੇਟ ਦੋਵਾਂ ਵਿੱਚ ਦੋ ਤਿਹਾਈ ਬਹੁਮਤ ਨਾਲ ਇੱਕ ਨਵੀਂ ਸੋਧ ਨੂੰ ਪਾਸ ਕਰਨਾ ਅਤੇ ਮਨਜ਼ੂਰ ਕਰਨਾ ਹੋਵੇਗਾ। ਇਸ ਤੋਂ ਬਾਅਦ 50 ਵਿੱਚੋਂ ਤਿੰਨ-ਚੌਥਾਈ ਰਾਜਾਂ ਤੋਂ ਸਮਰਥਨ ਲੈਣਾ ਹੋਵੇਗਾ। ਇਸ ਪੂਰੀ ਪ੍ਰਕਿਰਿਆ ਦੌਰਾਨ ਟਰੰਪ ਨੂੰ ਰਿਪਬਲਿਕਨ ਅਤੇ ਡੈਮੋਕਰੇਟ ਦੋਵਾਂ ਪਾਰਟੀਆਂ ਦਾ ਸਮਰਥਨ ਲੈਣਾ ਹੋਵੇਗਾ। ਪਰ ਅਮਰੀਕੀ ਰਾਜਨੀਤੀ ਦੇ ਮੌਜੂਦਾ ਹਾਲਾਤਾਂ ਨੂੰ ਦੇਖਦੇ ਹੋਏ ਟਰੰਪ ਲਈ ਅਜਿਹਾ ਕਰਨਾ ਆਸਾਨ ਨਹੀਂ ਹੋਵੇਗਾ। ਨਤੀਜੇ ਵਜੋਂ 2025 ਤੋਂ 2029 ਤੱਕ ਟਰੰਪ ਦਾ ਕਾਰਜਕਾਲ ਉਨ੍ਹਾਂ ਦਾ ਆਖਰੀ ਕਾਰਜਕਾਲ ਹੋਣ ਦੀ ਸੰਭਾਵਨਾ ਹੈ।

## ਮੈਕਸੀਕੋ ਦੇ ਨਸ਼ਾ ਤਸਕਰਾਂ ਨਾਲ ਸਬੰਧਤ 3 ਜਣੇ ਸਰੀ ਤੋਂ ਕਾਬੂ

ਸਰੀ : ਵਿਦੇਸ਼ਾਂ ਤੋਂ ਕੋਕੀਨ ਇੰਪੋਰਟ ਕਰਨ ਦੇ ਮਾਮਲੇ ਤਹਿਤ ਵੱਡੀ ਕਾਰਵਾਈ ਕਰਦਿਆਂ ਆਰ.ਸੀ.ਐਮ.ਪੀ. ਵੱਲੋਂ ਬੀ.ਸੀ. ਵਿਚ ਤਿੰਨ ਜਣਿਆਂ ਨੂੰ ਕਾਬੂ ਕੀਤਾ ਗਿਆ ਹੈ ਜੋ ਮੈਕਸੀਕਨ ਨਸ਼ਾ ਤਸਕਰਾਂ ਨਾਲ ਸਬੰਧਤ ਦੱਸੇ ਜਾ ਰਹੇ ਹਨ। ਲੋਅਰ ਮੇਨਲੈਂਡ ਡਿਸਟ੍ਰਿਕਟ ਐਮਰਜੰਸੀ ਰਿਸਪੌਂਸ ਟੀਮ ਵੱਲੋਂ ਸਰੀ ਦੇ ਇਕ ਘਰ ਵਿਚ ਮਾਰੇ ਛਾਪੇ ਦੌਰਾਨ ਇਹ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ ਜਿਥੇ ਘਰ ਦੇ ਚਾਰੇ ਪਾਸੇ ਕੰਡਿਆਲੀ ਤਾਰ ਲੱਗੀ ਹੋਈ ਸੀ ਅਤੇ ਦਰਵਾਜ਼ੇ ਮੈਟਲ ਸ਼ਟਰਾਂ ਨਾਲ ਢਕੇ ਹੋਏ ਸਨ। ਸਿਰਫ਼ ਐਨਾ ਹੀ ਨਹੀਂ ਘਰ ਦੇ ਅੰਦਰ ਅਤੇ ਬਾਹਰ ਨਿਗਰਾਨੀ ਵਾਸਤੇ ਹਰ ਪਾਸੇ ਕੈਮਰੇ ਵੀ ਲੱਗੇ ਹੋਏ ਸਨ। ਜਾਂਚਕਰਤਾਵਾਂ ਵੱਲੋਂ 10 ਹੈਂਡਗੰਨਜ਼ ਅਤੇ 9 ਅਸਾਲਟ ਰਾਈਫ਼ਲਾਂ ਸਣੇ 23 ਹਥਿਆਰ ਬਰਾਮਦ ਕਰਨ ਦਾ ਦਾਅਵਾ ਕੀਤਾ ਗਿਆ ਹੈ।

### ਭਾਰੀ ਗਿਣਤੀ ਵਿਚ ਹਥਿਆਰ ਅਤੇ ਨਸ਼ੀਲੇ ਪਦਾਰਥ ਕੀਤੇ ਬਰਾਮਦ

ਇਸ ਤੋਂ ਇਲਾਵਾ ਹਜ਼ਾਰਾਂ ਗੋਲੀਆਂ, ਕਈ ਕਿਲੋ ਫੈਂਟਾਨਿਲ, ਮੈਥਮਫੈਟਾਮਿਨ ਅਤੇ ਕੈਟਾਮੀਨ ਵੀ ਬਰਾਮਦ ਕੀਤੇ ਗਏ। ਆਰ.ਸੀ.ਐਮ.ਪੀ. ਦੇ ਫੈਡਰਲ ਪੁਲਿਸਿੰਗ ਪ੍ਰੋਗਰਾਮ ਵਿਚ ਡਿਪਟੀ ਰੀਜਨਲ ਕਮਾਂਡਰ ਸਟੀਫ਼ਨ ਲੀ ਨੇ ਦੱਸਿਆ ਕਿ ਵਿਦੇਸ਼ਾਂ ਵਿਚ ਹੋ ਰਹੀਆਂ ਅਪਰਾਧਕ ਸਰਗਰਮੀਆਂ ਤੋਂ ਕੈਨੇਡੀਅਨ ਬਾਰਡਰ ਨੂੰ ਸੁਰੱਖਿਅਤ ਰੱਖਣ ਦੀ ਜ਼ਿੰਮੇਵਾਰੀ ਨਿਭਾਉਂਦਿਆਂ ਇਹ ਕਾਰਵਾਈ ਕੀਤੀ ਗਈ। ਮੈਕਸੀਕਨ ਨਸ਼ਾ ਤਸਕਰਾਂ ਨਾਲ ਸਬੰਧਤ ਗਿਰੋਹਾਂ ਵੱਲੋਂ ਕੈਨੇਡਾ ਮੰਗਵਾਈ ਜਾ ਰਹੀ ਕੋਕੀਨ ਨੂੰ ਠੱਲ੍ਹ ਪਾਉਣ ਵਿਚ ਵੱਡੀ ਸਫ਼ਲਤਾ ਮਿਲੀ ਹੈ ਅਤੇ ਮਾਮਲੇ ਦੀ ਡੂੰਘਾਈ ਨਾਲ ਪੜਤਾਲ ਕਰਦਿਆਂ ਹੋਰਨਾਂ ਸੰਭਾਵਤ ਸ਼ੱਕੀਆਂ ਦੀ ਭਾਲ ਕੀਤੀ ਜਾ ਰਹੀ ਹੈ। ਆਰ.ਸੀ.ਐਮ.ਪੀ. ਵੱਲੋਂ ਫਿਲਹਾਲ ਤਿੰਨ ਜਣਿਆਂ ਵਿਰੁੱਧ ਨਸ਼ਿਆਂ ਅਤੇ ਹਥਿਆਰਾਂ ਨਾਲ ਸਬੰਧਤ ਦੋਸ਼ ਆਇਦ ਕੀਤੇ ਗਏ ਹਨ। ਦੱਸਿਆ ਜਾ ਰਿਹਾ ਹੈ ਕਿ ਇਸ ਮਗਰੋਂ ਇਨ੍ਹਾਂ ਵਿਰੁੱਧ ਹੋਰ ਕਈ ਗੰਭੀਰ ਦੋਸ਼ ਆਇਦ ਕੀਤੇ ਜਾ ਸਕਦੇ ਹਨ।

## ਬਰੈਂਪਟਨ ਅਤੇ ਮਿਸੀਸਾਗਾ 'ਚ ਧਾਰਮਿਕ ਥਾਵਾਂ ਨੇੜੇ ਮੁਜ਼ਾਹਰਿਆਂ 'ਤੇ ਪਾਬੰਦੀ





ਬਰੈਂਪਟਨ : ਬਰੈਂਪਟਨ ਅਤੇ ਮਿਸੀਸਾਗਾ ਵਿਖੇ ਧਾਰਮਿਕ ਥਾਵਾਂ ਦੇ 100 ਮੀਟਰ ਦੇ ਘੇਰੇ ਵਿਚ ਕੋਈ ਰੋਸ ਵਿਖਾਵਾ ਨਹੀਂ ਕੀਤਾ ਜਾ ਸਕੇਗਾ ਅਤੇ ਅਜਿਹਾ ਕਰਨ ਵਾਲਿਆਂ ਨੂੰ ਮੋਟੇ ਜੁਰਮਾਨੇ ਕੀਤੇ ਜਾ ਸਕਦੇ ਹਨ। 16 ਅਤੇ17 ਨਵੰਬਰ ਨੂੰ ਦੋਹਾਂ ਸ਼ਹਿਰਾਂ ਵਿਚ ਮੰਦਰਾਂ ਦੇ ਬਾਹਰ ਰੋਸ ਵਿਖਾਵੇ ਦਾ ਐਲਾਨ ਸਾਹਮਣੇ ਆਉਣ ਮਗਰੋਂ ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ ਅਤੇ ਮਿਸੀਸਾਗਾ ਦੀ ਮੇਅਰ ਕੈਰੋਲਿਨ ਪੈਰਿਸ਼ ਵੱਲੋਂ ਇਹ ਕਾਰਵਾਈ ਕੀਤੀ ਗਈ ਹੈ। ਬਰੈਂਪਟਨ ਸਿਟੀ ਕੌਂਸਲ ਦੀ ਮੀਟਿੰਗ ਦੌਰਾਨ ਮੇਅਰ ਪੈਟ੍ਰਿਕ ਬ੍ਰਾਊਨ ਵੱਲੋਂ ਪੇਸ਼ ਮਤੇ ਨੂੰ ਕੌਂਸਲਰਾਂ ਨੇ ਸਰਬਸੰਮਤੀ ਨਾਲ ਪ੍ਰਵਾਨਗੀ ਦੇ ਦਿਤੀ। ਦੂਜੇ ਪਾਸੇ ਮਿਸੀਸਾਗਾ ਸਿਟੀ ਕੌਂਸਲ ਦੀ ਮੀਟਿੰਗ ਵਿਚ ਕੌਂਸਲਰ ਦੀਪਿਕ ਦਮੇਰਲਾ ਵੱਲੋਂ ਇਹ ਮਤਾ ਪੇਸ਼ ਕੀਤਾ ਗਿਆ ਅਤੇ ਕੌਂਸਲਰ ਨੈਟਲੀ ਹਾਰਟ ਵੱਲੋਂ ਇਸ ਦੀ ਤਾਈਦ ਕੀਤੀ ਗਈ। ਫਿਲਹਾਲ ਇਹ ਰਿਪੋਰਟ ਭਾਰਤੀ ਮੀਡੀਆ ਵਿਚ ਪ੍ਰਕਾਸ਼ਤ ਹੋਈ ਹੈ ਅਤੇ ਕੈਨੇਡੀਅਨ ਮੀਡੀਆ ਵੱਲੋਂ ਇਸ ਬਾਰੇ ਖੁਲਾਸਾ ਕੀਤਾ ਜਾਣਾ ਬਾਕੀ ਹੈ।

### ਦੋਹਾਂ ਸ਼ਹਿਰਾਂ ਦੀਆਂ ਸਿਟੀ ਕੌਂਸਲਾਂ ਨੇ ਪਾਸਤ ਕੀਤੇ ਮਤੇ

ਇਥੇ ਦਸਣਾ ਬਣਦਾ ਹੈ ਕਿ ਉਨਟਾਰੀਓ ਦੇ ਵੌਅਨ ਸ਼ਹਿਰ ਵਿਚ ਧਾਰਮਿਕ ਥਾਵਾਂ, ਸਕੂਲਾਂ, ਚਾਈਲਡ ਕੇਅਰ ਸੈਂਟਰਾਂ ਜਾਂ ਹਸਪਤਾਲਾਂ ਦੇ 100 ਮੀਟਰ ਦਾਇਰੇ ਵਿਚ ਵਿਖਾਵਾ ਕਰਨ 'ਤੇ ਪਾਬੰਦੀ ਲਾਉਂਦਾ ਉਪ ਕਾਨੂੰਨ ਪਾਸ ਵੀ ਕੀਤਾ ਜਾ ਚੁੱਕਾ ਹੈ। ਵੌਅਨ ਦੇ ਮੇਅਰ ਸਟੀਵਨ ਡੈਲ ਡੂਕਾ ਨੇ ਦਾਅਵਾ ਕੀਤਾ ਹੈ ਕਿ ਇਹ ਕਾਨੂੰਨ ਲਾਗੂ ਕਰਨ ਵਾਲਾ ਵੌਅਨ, ਕੈਨੇਡਾ ਦਾ ਪਹਿਲਾ ਸ਼ਹਿਰ ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਜੇ ਕੋਈ ਜਥੇਬੰਦੀ ਜਾਂ ਲੋਕਾਂ ਦਾ ਸਮੂਹ ਸ਼ਾਂਤਮਈ ਤਰੀਕੇ ਨਾਲ ਮੁਜ਼ਾਹਰਾ ਕਰਨਾ ਚਾਹੁੰਦਾ ਹੈ ਤਾਂ ਕਿਸੇ ਨੂੰ ਵੀ ਜ਼ਬਰਦਸਤੀ ਰੋਕਿਆ ਨਹੀਂ ਜਾਵੇਗਾ। ਸਟੀਵਨ ਡੈਲ ਡੂਕਾ ਨੇ ਅੱਗੇ ਕਿਹਾ ਕਿ ਜੂਨ ਵਿਚ ਨਵਾਂ ਬਾਇਲਾਅ ਲਿਆਂਦੇ ਜਾਣ ਮਗਰੋਂ ਸ਼ਹਿਰ ਵਿਚ ਕੋਈ ਵੱਡਾ ਰੋਸ ਵਿਖਾਵਾ ਨਹੀਂ ਹੋਇਆ। ਉਨ੍ਹਾਂ ਉਮੀਦ ਜ਼ਾਹਰ ਕੀਤੀ ਕਿ ਨਵਾਂ ਬਾਇਲਾਅ ਵਰਤਣ ਦੀ ਕਦੇ ਜ਼ਰੂਰਤ ਹੀ ਨਾ ਪਵੇ। ਦੱਸ ਦੇਈਏ ਕਿ ਔਟਵਾ ਸਿਟੀ ਕੌਂਸਲ ਵੀ ਇਸੇ ਕਿਸਮ ਦੇ ਬਾਇਲਾਅ ਦੀਆਂ ਸੰਭਾਵਨਾਵਾਂ 'ਤੇ ਵਿਚਾਰ ਕਰ ਰਹੀ ਹੈ।









# ਅਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬ ਨੇ ਗੁਰੂ ਨਾਨਕ ਦੇਵ ਜੀ ਦੀ ਸਿੱਖਿਆ 'ਤੇ ਸੈਮੀਨਰ ਕਰਵਾਇਆ








( ਬਰੈਂਪਟਨ/ਬਾਸੀ ਹਰਚੰਦ) ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਸਮ੍ਰਪਿਤ ਅਸੋਸੀਏਸ਼ਨ ਆਫ ਸੀਨੀਅਰਜ਼ ਕਲੱਬ ਬਰੈਂਪਟਨ ਨੇ ਸੈਮੀਨਾਰ ਦਾ ਅਯੋਜਨ ਕੀਤਾ। ਕੈਸੀ ਕੈਂਪਬਲ ਦੀਆਂ ਦੋਹਾਂ ਸੀਨੀਅਰਜ਼ ਕਲੱਬਾ ਨੇ ਇਸ ਆਯੋਜਨ ਵਿੱਚ ਪੂਰਨ ਸਹਿਯੋਗ ਦਿਤਾ । ਇਹ ਸੈਮੀਨਾਰ ਬਰੈਂਪਟਨ ਦੇ ਕੈਸੀਕੈਂਪਬਲ ਕਮਿਉਨਿਟੀ ਸੈਂਟਰ ਵਿਖੇ ਗਿਆਰਾਂ ਨਵੰਬਰ ਨੂੰ ਕਰਵਾਇਆ ਗਿਆ । ਇਸ ਵਿੱਚ ਲੱਗ ਪੱਗ ਇੱਕ ਸੌ ਤੋਂ ਵੱਧ ਔਰਤਾਂ ਆਦਮੀ ਸ਼ਾਮਲ ਹੋਏ । ਚਾਹ ਸਨੈਕਸ ਲੈਣ ਤੋਂ ਪਿਛੋਂ ਸੱਭ ਹਾਜਰੀਨ ਆਪੋ ਆਪਣੀਆਂ ਜਗਾਹ ਤੇ ਬੈਠ ਗਏ । ਸੱਭ ਤੋਂ ਪਹਿਲਾਂ ਸਟੇਜ ਸਕੱਤਰ ਮਹਿੰਦਰ ਸਿੰਘ ਮੋਹੀ ਨੇ ਸੈਮੀਨਾਰ ਦੀ ਪ੍ਰਧਾਨਗੀ ਕਰਨ ਲਈ ਪ੍ਰਧਾਨਗੀ ਮੰਡਲ ਵਿੱਚ ਅਸੋਸੀਏਸ਼ਨ ਦੇ ਪ੍ਰਧਾਂਨ ਜੰਗੀਰ ਸਿੰਘ ਸੈਂਭੀ ਫਿਰ ਕਰਮਵਾਰ ਪ੍ਰਸਿੱਧ ਕਹਾਣੀਕਾਰ ਵਰਿਆਮ ਸਿੰਘ ਸੰਧੂ, ਪ੍ਰੋ ਨਿਰਮਲ ਸਿੰਘ ਧਾਰਨੀ, ਹਰਚੰਦ ਸਿੰਘ ਬਾਸੀ, ਸੁਭਾਸ਼ ਚੰਦਰ ਪ੍ਰਧਾਨ ਕੈਸੀ ਕੈਂਪਬਲ ਸੀਨੀਅਰਝ ਕਲੱਬ, ਅਮਰੀਕ ਸਿੰਘ ਕੁਮਰੀਆ, ਰਣਜੀਤ ਸਿੰਘ ਪ੍ਰਧਾਨ ਸੀਨੀਅਰਜ਼ ਕਲੱਬ ਕੈਸੀ ਕੈਂਪਬਲ, ਵਿਸਾਖਾ ਸਿੰਘ ਪ੍ਰਧਾਨ ਕ੍ਰੈਡਿਟਵਿਊ ਕਲੱਬ, ਗੁਰਬਖਸ਼ ਸਿੰਘ ਮੱਲੀ ਨੂੰ ਬਿਰਾਜਮਾਨ ਹੋਣ ਲਈ ਬੁਲਾਇਆ। ਅਤੇ ਰੀਮੈਂਬਰੈਂਸ ਦਿਵਸ ਤੇ ਵਤਨ ਲਈ ਲੜਣ ਵਾਲੇ ਲੋਕਾਂ ਦੀ ਯਾਦ ਵਿੱਚ ਸੱਭ ਹਾਜਰੀਨ ਨੇ ਖੜੇ ਹੋ ਕੇ ਦੋ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ। ਇਸ ਉਪਰੰਤ ਅਸੋਸੀਏਸ਼ਨ ਦੇ ਪ੍ਰਧਾਨ ਜੰਗੀਰ ਸਿੰਘ ਸੈਂਭੀ ਨੇ ਇਸ ਸ਼ੁਭ ਦਿਹੜੇ ਨੂੰ ਸਮ੍ਰਪਿਤ ਸੈਮੀਨਰ ਵਿੱਚ ਭਾਗ ਲੈਣ ਆਏ ਮਹਿਮਾਨਾਂ ਅਤੇ ਗੈਸਟ ਬੁਲਾਰਿਆਂ ਨੂੰ ਜੀ ਆਇਆਂ ਕਿਹਾ ਸਵਾਗਤ ਕੀਤਾ । ਇਸ ਦੇ ਨਾਲ ਹੀ ਉਹਨਾਂ ਮਾਈਕ ਮਹੀਂਦਰ ਸਿੰਘ ਮੋਹੀ ਨੂੰ ਸਟਜ ਦੀ ਅਗਲੀ ਕਾਰਵਾਈ ਚਲਾਉਣ ਲਈ ਸੌਂਪ ਦਿੱਤਾ। ਸੈਮੀਨਾਰ ਦੇ ਸ਼ੁਰੂ ਵਿੱਚ ਗੁਰਬਚਨ ਸਿੰਘ ਨੇ ਗੁਰਬਾਣੀ ਵਿਚੋਂ ਸ਼ਬਦ ਗਾਇਨ ਕੀਤਾ। ਪ੍ਰੋ ਨਿਰਮਲ ਸਿੰਘ ਨੇ ਗੁਰੂ ਨਾਨਮ ਦੇਵ ਜੀ ਬਾਰੇ ਗੁਰਬਾਣੀ ਵਿਚੋਂ ਸਬਦਾਂ ਰਾਹੀਂ ਬੋਲ ਬੋਲ ਕੇ ਉਹਨਾਂ ਦਾ ਮਿਸ਼ਨ ਅਤੇ ਅਜੋਕੇ ਹਾਲਤ ਬਾਰੇ ਵਿਸਥਾਰ ਵਿੱਚ ਚਾਨਣਾ ਪਾਇਆ । ਹਰਚੰਦ ਸਿੰਘ ਬਾਸੀ ਨੇ ਗੁਰੂ ਸਾਹਿਬ ਦੇ ਆਗਮਨ ਸਮੇਂ ਦੇ ਹਾਲਾਤ ਅਤੇ ਹਾਕਮਾਂ,ਕਾਜੀਆਂ ਬ੍ਰਾਮਣਾ ਉਤੇ ਕਟਾਕਸ਼ ਜੋਗੀਆਂ ਜੈਨੀਆਂ ਸਿਧਾ ਨਾਲ ਸੰਵਾਦ ਬਾਰੇ ਗੱਲ ਕਰਦਿਆਂ ਸ਼ਰਮਣ ਤੇ ਬ੍ਰਾਮਣ ਦੀ ਗੱਲ ਕੀਤੀ। ਸ਼ਰਮਣ ਵੇਦਾ ਨੂੰ ਦੇਵੀ ਬਾਣੀ ਅਤੇ ਸੰਸਕ੍ਰਿਤ ਨੂੰ ਦੈਵੀ ਭਾਸ਼ਾ ਨਹੀਂ ਮੰਨਦਾ। ਉਹ ਸੁਆਲ ਕਰਦਾ ਹੈ ਉਤਰ ਮੰਗਦਾ ਹੈ । ਬ੍ਰਾਹਮਣ ਸੁਆਲ ਨਹੀਂ ਕਰਦਾ ਸਿਰਫ ਪੋਥੀ ਸੰਭਾਲਦਾ ਹੈ। ਬੋਧੀ ਭੀਖੂ ਜੈਨੀ ਭੀਖੂ ਗਰੌਂ ਗਏ ਘਰ ਨਹੀਂ ਮੁੜਦੇ ।ਗੁਰੂ ਨਾਨਕ ਦੇਵ ਜੀ ਵਾਪਸ ਘਰ ਆਉਂਦੇ ਹਨ ਨਵੇਂ ਸਮਾਜਿਕ ਆਰਥਿਕ, ਦਾਰਸ਼ਨਿਕ ਰਿਸ਼ਤਿਆਂ ਨਾਲ ਨਵੇਂ ਮਨੁਖ ਦੀ ਘਾੜਤ ਘੜਦੇ ਹਨ। ਪ੍ਰਿੰਸੀਪਲ ਰਾਮ ਸਿੰਘ ਨੇ ਵੀ ਪੰਜ ਕੁ ਮਿੰਟ ਵਿੱਚ ਗੁਰੂ ਬਾਣੀ ਬਾਰੇ ਬੋਲਿਆ।

ਮੁੱਖ ਬਲਾਰੇ ਵਰਿਆਮ ਸਿੰਘ ਸੰਧੂ ਨੇ ਬੜੇ ਕਮਾਲ ਨਾਲ ਸਿੱਖ ਦੀ ਪ੍ਰੀਭਾਸ਼ਾ ਦਾ ਮੁਲਅੰਕਨ ਕੀਤਾ ਗੁਰੂ ਨਾਨਕ ਦੇਵ ਜੀ ਨੇ ਕਿਸ ਤਰ੍ਹਾਂ ਦਾ ਸਿੱਖ ਸਿਰਜਿਆ ਸੀ ਅੱਜ ਦਾ ਸਿੱਖ ਕਿਥੇ ਜਾ ਖੜਾ ਹੈ ਸਵਾਲ ਕੀਤਾ ਕੀ ਸਿੱਖ ਉਹ ਹੈ ਜੋ ਸੱਚ ਕਹਿਣ ਲਈ ਲੁਕਦਾ ਫਿਰਦਾ ਹੈ ਭਾਗੋਆਂ ਦੇ ਮਹਿਲਾਂ ਦਾ ਸ਼ਿਗਾਰ ਬਣ ਗਿਆ ਹੈ। ਅਤੇ ਉਸੇ ਗੁਰੂ ਦੇ ਲਾਲੋ ਵਿਚਾਰੇ ,ਸਿਖੀ ਦੇ ਭੇਸ ਵਿੱਚ ਭਾਗੋਆਂ ਦਾ ਸ਼ਿਕਾਰ ਬਣੇ ਹਨ । ਜਿਹੜਾਂ ਉਹਨਾਂ ਸਾਰੇ ਜਗਤ ਨੂੰ ਆਪਣਾ ਕਿਹਾ ਸੀ ਅੱਜ ਅਸੀਂ ਛੋਟੇ ਜਿਹੇ ਖਿਤੇ ਵਿੱਚ ਘਿਰਨ ਦੀ ਮੰਗ ਕਰਦੇ ਹਾਂ । ਨਾਨਕ ਜੀ ਕਿਹਾ ਸੀ ਨਾ ਹਮ ਹਿੰਦੂ ਨਾ ਮੁਸਲਮਾਨ । ਜਦ ਉਹਨਾਂ ਨੂੰ ਪੁਛਿਆ ਹਿੰਦੂ ਚੰਗੇ ਜਾਂ ਮੁਸਲ ਮਨੋਈ । ਗੁਰੂ ਜੀ ਨੇ ਕਿਹਾ ਸ਼ੁਭ ਅਮਲਾਂ ਬਾਝੋਂ ਦੋਨੋ ਰੋਈ । ਅੱਜ ਅਸੀਂ ਕਹਿ ਸਕਦੇ ਹਾਂ ਤਿੰਨੋ ਰੋਈ ।ਸਿਖਾਂ ਨੇ ਵੀ ਹਿਸਾ ਵੰਡਾ ਲਿਆ ਹੈ। ਹੋਰ ਵੀ ਕਾਫੀ ਪ੍ਰਸੰਗਕ ਗੱਲਾਂ ਕੀਤੀਆਂ। ਲੋਕਾਂ ਨੇ ਸਾਰੇ ਸਮਾਗਮ ਨੂੰ ਇਉਂ ਸੁਣਿਆ ਜਿਵੇਂ ਕੋਈ ਚੰਗਾ ਸੁਨਣ ਦੀ ਭੁੱਖ ਹੋਵੇ। ਸਮਾਗਮ ਦੇ ਅੰਤ ਤੇ ਬਹੁਤ ਵਿਅੱਕਤੀਆਂ ਨੇ ਸਫਲ ਸੈਮੀਨਰ ਦੀਆਂ ਵਧਾਈਆਂ ਦਿਤੀਆਂ ਅਤੇ ਕਿਹਾ ਇਸ ਤਰ੍ਹਾਂ ਸੁਨਣ ਨੂੰ ਕਦੀ ਕਦੀ ਮਿਲਦਾ ਹੈ। ਇਸ ਸਮਾਗਮ ਦੇ ਅੰਤ ਵਿੱਚ ਅਸੋਸੀਏਸ਼ਨ ਆਫ ਸੀਨੀਅਰਜ਼ ਕਲੱਬ ਵੱਲੋਂ ਵਰਿਆਮ ਸਿੰਘ ਸੰਧੂ ਨੂੰ ਇੱਕ ਲੋਈ ਅਤੇ ਪ੍ਰਸੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਦੇ ਨਾਲ ਹੀ ਪ੍ਰੋ ਨਿਰਮਲ ਸਿੰਘ ਧਾਰਨੀ, ਹਰਚੰਦ ਸਿੰਘ ਬਾਸੀ, ਬਲਵਿੰਦਰ ਸਿੰਘ ਜੋਸ਼ਨ ਨੂੰ ਪਰਸੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਜਿਥੇ ਦੋਹਾਂ ਕਲੱਬਾਂ ਦੇ ਮੈਂਬਰਾਂ ਦਾ ਸਹਿਯੋਗ ਦੇਣ ਲਈ ਧੰਨਵਾਦ ਕੀਤਾਗਿਆ ਉਥੇ ਸਰਜਿੰਦਰ ਸਿੰਘ ਅਤੇ ਹਰਵਿੰਦਰ ਤੱਖਰ ਦੀ ਅੱਗੇ ਹੋ ਕੇ ਕੰਮ ਕਰਨ ਲਈ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਸੁਭਾਸ਼ ਚੰਦਰ ਖੁਰਮੀ ਦੀ ਟੀਮ ਬਹੁਤ ਅੱਛੀ ਹੈ ਸੋਸ਼ਲ ਕੰਮਾਂ ਵਿੱਚ ਸਹਿਯੋਗੀ ਹੈ।

## ਪੰਜਾਬੀ ਸੱਭਿਆਚਾਰ ਮੰਚ ਵੱਲੋਂ ਗਦਰੀ ਜਰਨੈਲ ਕਰਤਾਰ ਸਿੰਘ ਸਰਾਭਾ ਦਾ ਸ਼ਹੀਦੀ ਦਿਨ ਮਨਾਇਆ ਜਾਏਗਾ

(ਬਰੈਂਪਟਨ/ ਬਾਸੀ ਹਰਚੰਦ): ਪੰਜਾਬੀ ਸੱਭਿਆਚਾਰ ਮੰਚ ਦੇ ਪ੍ਰਧਾਨ ਬਲਦੇਵ ਸਿੰਘ ਸਹਿਦੇਵ ਨੇ ਦਸਿਆ ਕਿ ਮੰਚ ਵੱਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਸ਼ਹੀਦੀ ਦਿਵਸ 16 ਨਵੰਬਰ ਦਿਨ ਸਨਿਚਰਵਾਰ ਨੂੰ 12-00 ਤੋਂ 4-00 ਵਜੇ ਤੱਕ ਵਿਲਿਜ ਆਫ ਇੰਡੀਆ ਰੈਸਟੋਰੈਂਟ ਦੇ ਪਿਛਲੇ ਪਾਸੇ ਪੰਜਾਬੀ ਭਵਨ ) ਹਾਲ ਵਿੱਚ ਮਨਾਇਆ ਜਾ ਰਿਹਾ ਹੈ। ਭਾਰਤ ਨੂੰ ਅੰਗਰੇਜ਼ ਹਕੂਮਤ ਦੇ ਫੰਧੇ ਤੋਂ ਅਜਾਦੀ ਲਈ ਕੀਤੇ ਜਾ ਯਤਨਾਂ ਵਿੱਚ ਗਦਰ ਪਾਰਟੀ ਦਾ ਬਹੁਤ ਅਹਿਮ ਰੋਲ ਰਿਹਾ ਹੈ । ਇਸ ਲੜਾਈ ਵਿੱਚ ਸੈਕੜੇ ਲੋਕ ਜੋ ਬਿਦੇਸ਼ਾਂ ਖਾਸ ਕਰਕੇ ਅਮਰੀਕਾ ਕੇਨੇਡਾ ਵਿੱਚ ਕਮਾਈ ਕਰਨ ਗਏ ਸਨ ਆਪਣੇ ਦੇਸ ਭਾਰਤ ਨੂੰ ਅਜਾਦ ਕਰਾਉਣ ਲਈ ਡੂੰਘੀ ਤੜਪ ਉਠੀ ਅਤੇ ਉਹਨਾਂ ਗਦਰ ਪਾਰਟੀ ਦਾ ਗਠਨ ਕੀਤਾ । ਉਹਨਾਂ ਗਦਰ ਪਾਰਟੀ ਦਾ ਅਖਬਾਰ ਗਦਰ ਨਾਮ ਦਾ ਅਖਬਾਰ ਕਢਿਆਂ। ਜਿਸ ਵਿੱਚ ਭਾਰਤੀਆਂ ਨੂੰ ਅਜਾਦੀ ਦੀ ਲੜਾਈ ਵਿੱਚ ਪ੍ਰੇਰਨ ਲਈ ਖਬਰਾਂ ਗੀਤ ਲੇਖ ਛਪਦੇ ਰਹੇ । ਸੈਕੜੇ ਲੋਕ ਸੰਗਠਤ ਹੋ ਕੇ ਹਥਿਆਰਾਂ ਸਮੇਤ ਭਾਰਤ ਵੱਲ ਚੱਲ ਪਏ। ਜਿਥੇ ਹੋਰ ਅਨੇਕਾਂ ਸੂਰਬੀਰਾਂ ਇਸ ਲੜਾਈ ਲਈ ਜਾਨਾਂ ਵਾਰੀਆਂ ਉਹਨਾਂ ਵਿੱਚੋਂ ਇੱਕ ਸਤਾਰਾਂ ਕੁ ਸਾਲ ਦਾ ਨੌਜਵਾਨ ਕਰਤਾਰ ਸਿੰਘ ਸਰਾਭਾ ਸੀ। ਜਿਸ ਦੀਆਂ ਸਰਗਰਮੀਆਂ ਇੱਕ ਕਰਾਮਾਤੀ ਬੰਦੇ ਵਾਗੂੰ ਸਨ । ਉਸ ਨੂੰ ਬੜੀ ਛੋਟੀ ਉਮਰ ਵਿੱਚ ਮੌਤ ਦੀ ਸਜ਼ਾ ਦੇ ਕੇ 16 ਨਵੰਬਰ 1915 ਨੂੰ ਸਿਰਫ ਉਨੀ ਸਾਲ ਦੀ ਉਮਰ ਵਿੱਚ ਫਾਸੀ ਦੇ ਦਿਤੀ । ਉਸ ਨੇ ਦੇਸ ਅਜ਼ਾਦ ਕਰਾਉਣ ਲਈ ਜੋ ਜੋ ਸਰਗਰਮੀਆਂ ਕੀਤੀਆਂ ਉਹ ਆਪਣੇ ਆਪ ਵਿੱਚ ਹੈਰਾਨੀ ਕਰਨ ਵਾਲੀਆਂ ਹਨ। ਇੰਨੀ ਛੋਟੀ ਉਮਰ ਅਤੇ ਇੰਨੇ ਵੱਡੇ ਕਾਰਨਾਮੇ। ਆਓ ! ਅਜਿਹੇ ਸੂਰਬੀਰਾਂ ਦੀ ਕੁਰਬਾਨੀ ਅਤੇ ਆਪਣੀ ਜਰਖੇਜ ਵਿਰਾਸਤ ਨੂੰ ਯਾਦ ਕਰੀਏ ਅਤੇ ਮਾਤ ਭੂਮੀ ਦੇ ਦਬੇ ਕੁਚਲੇ ਲੋਕਾਂ ਦੀ ਅਸਲ ਅਜ਼ਾਦੀ ਦੇ ਪਰਚਮ ਨੂੰ ਉੱਚਾ ਰੱਖੀਏ। ਸੱਭ ਪ੍ਰਗਤੀਸ਼ੀਲ , ਬੁਧੀਜੀਵੀਆਂ ਅਤੇ ਲੋਕਾਂ ਨੂੰ ਸ਼ਾਮਲ ਹੋਣ ਲਈ ਖੁਲਾ ਸੱਦਾ ਦਿਤਾ ਜਾਂਦਾ ਹੈ । ਵਧੀਆ ਬੁਲਾਰਿਆਂਨੂੰ ਸੁਨਣ ਦਾ ਮੌਕਾ ਮਿਲੇਗਾ । ਵਧੀਆ ਸਬੰਧਤ ਗੀਤ ਕਵਿਤਾ ਪੜਣ ਵਾਲਿਆਂ ਨੂੰ ਸਮਾਂ ਦਿੱਤਾ ਜਾਏਗਾ । ਚਾਹ ਸਨੈਕਸ ਦਾ ਪ੍ਰਬੰਧ ਹੋਵੇਗਾ।

# 'ਦਿਸ਼ਾ' ਵੱਲੋਂ ਆਯੋਜਿਤ ਸਮਾਗ਼ਮ 'ਚ ਬਲਜੀਤ ਰੰਧਾਵਾ ਦੀ ਪਲੇਠੀ ਪੁਸਤਕ 'ਲੇਖ ਨਹੀਂ ਜਾਣੇ ਨਾਲ਼' ਬਾਰੇ ਕੀਤੀ ਗਈ ਗੋਸ਼ਟੀ

* ਡਾ. ਕੁਲਦੀਪ ਕੌਰ ਪਾਹਵਾ, ਡਾ. ਸੁਖਦੇਵ ਸਿੰਘ ਝੰਡ ਤੇ ਸੁਰਜੀਤ ਕੌਰ ਵੱਲੋਂ ਪੁਸਤਕ ਉੱਪਰ ਪੇਪਰ ਪੜ੍ਹੇ ਗਏ

* ਹੀਰਾ ਰੰਧਾਵਾ ਦੀ ਨਾਟਕਾਂ ਬਾਰੇ ਅਨੁਵਾਦਿਤ ਪੁਸਤਕ 'ਸੱਚ ਦੀ ਸਰਦਲ਼' ਲੋਕ- ਅਰਪਿਤ ਤੇ ਸੁਰਿੰਦਰ ਨੀਰ ਨੂੰ 'ਦਿਸ਼ਾ' ਵੱਲੋਂ ਕੀਤਾ ਗਿਆ ਸਨਮਾਨਿਤ








ਬਰੈਂਪਟਨ, (ਡਾ. ਝੰਡ) -ਬਰੈਂਪਟਨ ਵਿੱਚ ਬੀਬੀਆਂ ਦੀ ਸਰਗ਼ਰਮ ਸੰਸਥਾ 'ਦਿਸ਼ਾ' ਅਤੇ 'ਹੈਟਸ-ਅੱਪ ਨਾਟਕ ਟੀਮ' ਵੱਲੋਂ ਲੰਘੇ ਸ਼ਨੀਵਾਰ 9 ਨਵੰਬਰ ਨੂੰ ਬਲਜੀਤ ਰੰਧਾਵਾ ਦੀ ਨਵ-ਪ੍ਰਕਾਸ਼ਿਤ ਪੁਸਤਕ 'ਲੇਖ ਨਹੀਂ ਜਾਣੇ ਨਾਲ਼' ਉੱਪਰ ਸ਼ਾਨਦਾਰ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਇਸ ਵਿਚ ਡਾ. ਕੁਲਦੀਪ ਕੌਰ ਪਾਹਵਾ, ਡਾ. ਸੁਖਦੇਵ ਸਿੰਘ ਝੰਡ ਅਤੇ ਸੁਰਜੀਤ ਕੌਰ ਵੱਲੋਂ ਪੁਸਤਕ ਉੱਪਰ ਪੇਪਰ ਪੇਸ਼ ਕੀਤੇ ਗਏ ਅਤੇ ਕਈ ਹੋਰਨਾਂ ਵੱਲੋਂ ਆਪਣੇ ਵਿਚਾਰ ਪੇਸ਼ ਕਿਤੇ ਗਏ। ਸਮਾਗ਼ਮ ਦੇ ਪ੍ਰਧਾਨਗੀ-ਮੰਡਲ ਵਿੱਚ ਪ੍ਰਮੁੱਖ ਕਹਾਣੀਕਾਰ ਡਾ.ਵਰਿਆਮ ਸਿੰਘ ਸੰਧੂ, ਪੁਸਤਕ ਲੇਖਿਕਾ ਬਲਜੀਤ ਰੰਧਾਵਾ, ਜੰਮੂ ਤੋਂ ਆਈ ਅੰਤਰਾਸ਼ਟਰੀ 'ਢਾਹਾਂ ਇਨਾਮ ਜੇਤੂ' ਲੇਖਿਕਾ ਸੁਰਿੰਦਰ ਨੀਰ ਅਤੇ 'ਦਿਸ਼ਾ' ਸੰਸਥਾ ਦੀ ਮੁੱਖ-ਪ੍ਰਬੰਧਕ ਡਾ. ਕੰਵਲਜੀਤ ਕੌਰ ਢਿੱਲੋਂ ਸ਼ਾਮਲ ਸਨ। ਸਮਾਗ਼ਮ ਦੀ ਸ਼ੁਰੂਆਤ ਕਰਦਿਆਂ ਮੰਚ-ਸੰਚਾਲਕ ਡਾ. ਕੰਵਲਜੀਤ ਢਿੱਲੋਂ ਵੱਲੋਂ ਪ੍ਰਧਾਨਗੀ-ਮੰਡਲ ਵਿੱਚ ਸੁਸ਼ੋਭਿਤ ਸ਼ਖ਼ਸੀਅਤਾਂ, ਪੁਸਤਕ ਉੱਪਰ ਹੋਣ ਵਾਲੀ ਗੋਸ਼ਟੀ ਦੇ ਬੁਲਾਰਿਆਂ ਅਤੇ ਸਰੋਤਿਆਂ ਦਾ ਸੁਆਗ਼ਤ ਕੀਤਾ ਗਿਆ ਅਤੇ ਨਾਲ ਹੀ ਸਮਾਗ਼ਮ ਦੇ ਪਹਿਲੇ ਬੁਲਾਰੇ ਡਾ. ਕੁਲਦੀਪ ਕੌਰ ਪਾਹਵਾ ਨੂੰ ਪੁਸਤਕ ਉੱਪਰ ਆਪਣੇ ਪੇਪਰ ਪੇਸ਼ ਕਰਨ ਲਈ ਬੇਨਤੀ ਕੀਤੀ ਗਈ। ਡਾ. ਪਾਹਵਾ ਨੇ ਆਪਣੇ ਪੇਪਰ ਵਿੱਚ ਬਲਜੀਤ ਰੰਧਾਵਾ ਅਤੇ ਉਸਦੀ ਲੇਖਣੀ ਦੀ ਸਰਾਹਨਾ ਕਰਦਿਆਂ ਜਿੱਥੇ ਪੁਸਤਕ ਦੇ ਵੱਖ-ਵੱਖ ਆਰਟੀਕਲਾਂ ਵਿਚ ਦਰਸਾਏ ਗਏ ਕੈਨੇਡਾ ਦੇ ਸਮਾਜਿਕ ਜੀਵਨ ਅਤੇ ਇੱਥੇ ਆਉਣ ਵਾਲੇ ਨਵੇਂ ਇਮੀਗਰੈਂਟਾਂ ਨੂੰ ਦਰਪੇਸ਼ ਮੁਸ਼ਕਲਾਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ, ਉੱਥੇ ਉਨ੍ਹਾਂ ਆਪਣੇ ਸੰਬੋਧਨ ਵਿੱਚ ਪੁਸਤਕ ਦੇ ਰੂਪਕ ਪੱਖ ਨੂੰ ਵੀ ਉਭਾਰਿਆ। ਉਨ੍ਹਾਂ ਕਿਹਾ ਕਿ ਬਲਜੀਤ ਨੇ ਇਸ ਪੁਸਤਕ ਵਿੱਚ ਕੈਨੇਡਾ ਬਾਰੇ ਵਿਸਤ੍ਰਿਤ ਜਾਣਕਾਰੀ ਲੇਖਾਂ ਅਤੇ ਪੀੜਤ ਲੜਕੀਆਂ ਵੱਲੋ ਆਪਣੀਆਂ ਮਾਵਾਂ ਨੂੰ ਲਿਖੀਆਂ ਗਈਆਂ ਚਿੱਠੀਆਂ ਤੇ ਇੱਕ ਖ਼ੂਬਸੂਰਤ ਗੀਤ ਦੇ ਰੂਪ ਵਿਚ ਬੜੇ ਵਧੀਆ ਢੰਗ ਨਾਲ ਸ਼ਾਮਲ ਕੀਤੀ ਗਈ ਹੈ।

ਡਾ. ਸੁਖਦੇਵ ਸਿੰਘ ਝੰਡ ਨੇ ਆਪਣੇ ਪੇਪਰ ਵਿੱਚ ਬਲਜੀਤ ਰੰਧਾਵਾ ਦੀ ਇਸ ਪੁਸਤਕ ਨੂੰ 'ਕੈਨੇਡਾ ਦੇ ਸਮਾਜਿਕ ਜੀਵਨ ਦਾ ਦਰਪਣ' ਕਰਾਰ ਦਿੰਦਿਆਂ ਕਿਹਾ ਕਿ ਜਿਵੇਂ ਸ਼ੀਸ਼ਾ ਕਦੇ ਝੂਠ ਨਹੀਂ ਬੋਲਦਾ ਅਤੇ ਉਹ ਓਹੀ ਤਸਵੀਰ ਵਿਖਾਉਂਦਾ ਹੈ ਜੋ ਕੁਝ ਉਸ ਦੇ ਸਾਹਮਣੇ ਹੁੰਦਾ ਹੈ, ਬਿਲਕੁਲ ਉਵੇਂ ਵੀ ਬਲਜੀਤ ਦੀ ਇਹ ਪੁਸਤਕ ਕੈਨੇਡਾ ਦੀਆਂ ਕੌੜੀਆਂ ਸੱਚਾਈਆਂ, ਲੋਕਾਂ ਦੀਆਂ ਦੁਸ਼ਵਾਰੀਆਂ ਅਤੇ ਉਨ੍ਹਾਂ ਨੂੰ ਦਰਪੇਸ਼ ਮੁਸ਼ਕਲਾਂ ਨੂੰ ਹੂ-ਬ-ਹੂ ਪੇਸ਼ ਕਰਦੀ ਹੈ। ਪੁਸਤਕ ਦੇ 43 ਛੋਟੇ-ਛੋਟੇ ਆਰਟੀਕਲਾਂ ਜਿਸ ਵਿਚ ਉਸ ਦੀ ਹੱਡ-ਬੀਤੀ ਨੂੰ ਦਰਸਾਉਂਦਾ 14 ਪੰਨਿਆਂ ਦਾ ਇੱਕ ਵੱਡਾ ਆਰਟੀਕਲ ਵੀ ਸ਼ਾਮਲ ਹੈ, ਵਿੱਚੋਂ ਕੁਝ ਕੁ ਦੀਆਂ ਉਦਾਹਰਣਾਂ ਦੇ ਕੇ ਉਨ੍ਹਾਂ ਕੈਨੇਡਾ ਦੇ ਮੁਸ਼ਕਲ ਕੰਮਾਂ, ਇੱਥੋਂ ਦੇ ਕੰਮਾਂ ਦੀ ਅਨਿਸਚਤਿਤਾ, ਆਰਜ਼ੀ ਕੰਮ ਦੇਣ ਵਾਲੀਆਂ ਏਜੰਸੀਆਂ ਦੀ ਲੁੱਟ-ਖਸੁੱਟ ਅਤੇ ਭਾਰੇ ਸੇਫ਼ਟੀ-ਸੂਜ਼ ਪਾ ਕੇ ਕੰਮ ਕਰਨ ਨਾਲ ਨਾਜ਼ੁਕ ਮੁਟਿਆਰਾਂ ਦੇ ਪੈਰਾਂ ਵਿਚ ਪਏ ਛਾਲਿਆਂ ਦਾ ਵਿਸ਼ੇਸ਼ ਜ਼ਿਕਰ ਕੀਤਾ।

ਸੁਰਜੀਤ ਕੌਰ ਨੇ ਆਪਣੇ ਪੇਪਰ ਵਿੱਚ ਵਿੱਚ ਦੱਸਿਆ ਕਿ ਬਲਜੀਤ ਰੰਧਾਵਾ ਦੀ ਕੈਨੇਡਾ ਬਾਰੇ ਵੱਡਮੁੱਲੀ ਜਾਣਕਾਰੀ ਨਾਲ ਭਰਪੂਰ ਇਸ ਪੁਸਤਕ ਵਿਚ ਉਸਦੇ ਵੱਲੋਂ ਕੈਨੇਡਾ ਦੇ ਸਮਾਜ, ਇੱਥੋਂ ਦੇ ਵਰਕ ਕਲਚਰ, ਵਾਤਾਵਰਣ, ਕੈਨੇਡਾ ਦੇ ਇਤਿਹਾਸਕ ਪਿਛੋਕੜ ਅਤੇ ਮੌਜੂਦਾ ਹਾਲਾਤ ਬਾਰੇ ਬਾਖ਼ੂਬੀ ਦਰਸਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਬਾਰੇ ਜਾਣਕਾਰੀ ਨਾਲ ਲੈਸ ਇਸ ਪੁਸਤਕ ਦਾ ਟਾਈਟਲ ਬਲਜੀਤ ਨੂੰ 'ਕੈਨੇਡਾ ਦੀ ਡਾਇਰੀ' ਰੱਖਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਇਹ ਪੁਸਤਕ ਉਸਦੇ ਜਜ਼ਬਾਤਾਂ ਦੀ ਸਹੀ ਤਰਜਮਾਨੀ ਕਰਦੀ ਹੈ। ਪੁਸਤਕ ਦੇ ਕਈ ਲੇਖ ਭਾਵੁਕਤਾ ਨਾਲ ਭਰਪੂਰ ਹਨ ਅਤੇ ਇਨ੍ਹਾਂ ਵਿਚ ਲੇਖਿਕਾ ਵੱਲੋਂ ਕਈ ਸੁਆਲ ਵੀ ਖੜੇ ਕੀਤੇ ਗਏ ਹਨ। ਇੱਥੇ ਇਹ ਜ਼ਿਕਰਯੋਗ ਹੈ ਕਿ ਬਲਜੀਤ ਦੀ ਇਸ ਪੁਸਤਕ ਵਿਚਲੇ ਲੇਖਾਂ ਦੇ ਅਧਾਰਿਤ ਨਾਟਕ "ਪੈਰਾਂ ਨੂੰ ਕਰਾ ਦੇ ਝਾਂਜਰਾਂ" (ਲੇਖਕ ਨਿਰਦੇਸ਼ਕ ਹੀਰਾ ਰੰਧਾਵਾ) ਦੀਆਂ ਪੇਸ਼ਕਾਰੀਆਂ ਕੈਨੇਡਾ ਅਤੇ ਪੰਜਾਬ ਦੇ ਬਹੁਤ ਸਾਰੇ ਥਾਂਵਾਂ 'ਤੇ ਹੋਈਆਂ ਹਨ ਜਦ ਕਿ ਏਸੇ ਹੀ ਕਿਤਾਬ ਦੇ ਲੇਖਾਂ ਉੱਤੇ ਅਧਾਰਿਤ ਨਾਟਕ "ਮਾਏ ਨੀ ਮੈਂ ਕੀਹਨੂੰ ਆਖਾਂ?" (ਲੇਖਕ ਨਿਰਦੇਸ਼ਕ ਗੁਰਿੰਦਰ ਮਕਨਾ) ਦੀਆਂ ਪੇਸ਼ਕਾਰੀਆਂ ਵੀ ਪੰਜਾਬ ਵਿੱਚ ਬਹੁਤ ਸਾਰੇ ਥਾਂਵਾਂ 'ਤੇ ਹੋਈਆਂ ਜਿਨ੍ਹਾਂ ਨੂੰ ਲੋਕਾਂ ਵੱਲੋਂ ਬੇਹੱਦ ਪਸੰਦ ਕੀਤਾ ਗਿਆ।

ਸਮਾਗ਼ਮ ਵਿਚ ਹੀਰਾ ਰੰਧਾਵਾ ਵੱਲੋਂ ਹਿੰਦੀ ਨਾਟਕਾਂ ਦੀ ਪੰਜਾਬੀ ਵਿੱਚ ਅਨੁਵਾਦ ਕੀਤੀ ਗਈ ਪੁਸਤਕ 'ਸੱਚ ਦੀ ਸਰਦਲ 'ਤੇ' ਲੋਕ-ਅਰਪਿਤ ਕੀਤੀ ਗਈ। ਇਸ ਦੇ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਪੁਸਤਕ ਵਿਚ ਤਿੰਨ ਨਾਟਕ 'ਸੱਚ ਦੀ ਸਰਦਲ 'ਤੇ', 'ਜਨਤਾ ਪਾਗਲ ਹੋ ਗਈ' ਅਤੇ 'ਬਾਲ ਭਗਵਾਨ' ਸ਼ਾਮਲ ਕੀਤੇ ਗਏ ਹਨ ਜੋ ਹਿੰਦੀ ਵਿੱਚ ਕਰਮਵਾਰ 'ਚੌਰਾਹੇ ਪਰ' (ਅੰਮ੍ਰਿਤ ਲਾਲ ਮਦਾਨ), 'ਪਾਗਲ ਲੋਕ' (ਸ਼ਿਵ ਰਾਮ) ਅਤੇ 'ਬਾਲ ਭਗਵਾਨ' (ਸ਼ਵਦੇਸ਼ ਦੀਪਕ) ਵੱਲੋਂ ਲਿਖੇ ਗਏ ਹਨ। ਉਨ੍ਹਾਂ ਵੱਲੋਂ ਸਮਾਗ਼ਮ ਦੇ ਬੁਲਾਰਿਆਂ ਅਤੇ ਸਰੋਤਿਆਂ ਦਾ ਬੜੇ ਭਾਵਪੂਰਤ ਸ਼ਬਦਾਂ ਵਿੱਚ ਧੰਨਵਾਦ ਕੀਤਾ ਗਿਆ। ਬਲਜੀਤ ਰੰਧਾਵਾ ਵੱਲੋਂ ਵੀ ਆਪਣੇ ਸੰਬੋਧਨ ਵਿੱਚ ਪੁਸਤਕ ਉੱਪਰ ਪੇਪਰ ਪੇਸ਼ ਕਰਨ ਵਾਲੇ ਬੁਲਾਰਿਆਂ ਅਤੇ ਹਾਜ਼ਰੀਨ ਦਾ ਹਾਰਦਿਕ ਧੰਨਵਾਦ ਕੀਤਾ ਗਿਆ। ਇਸ ਦੌਰਾਨ ਜੰਮੂ ਤੋਂ ਆਈ ਲੇਖਕਾ ਸੁਰਿੰਦਰ ਨੀਰ ਜਿਨ੍ਹਾਂ ਨੂੰ ਇਸ ਸਾਲ ਦਾ 'ਢਾਹਾਂ ਪੁਰਸਕਾਰ' ਦਿੱਤਾ ਗਿਆ ਹੈ, 'ਦਿਸ਼ਾ' ਦੀਆਂ ਮੈਂਬਰ ਬੀਬੀਆਂ ਵੱਲੋਂ ਸ਼ਾਨਦਾਰ ਸਨਮਾਨ-ਚਿੰਨ੍ਹ ਅਤੇ ਸ਼ਾਲ ਦੇ ਕੇ ਸਨਮਾਨਿਤ ਕੀਤਾ ਗਿਆ। ਇਸਦੇ ਲਈ ਉਨ੍ਹਾਂ 'ਦਿਸ਼ਾ' ਦੀਆਂ ਸਮੂਹ ਮੈਬਰਾਂ ਦਾ ਧੰਨਵਾਦ ਕੀਤਾ ਅਤੇ ਆਪਣੇ ਨਾਵਲ 'ਸੇਫ਼ਟੀ ਕਿੱਟ' ਜਿਸ ਨੂੰ ਇਸ ਸਾਲ ਅੰਤਰਰਾਸ਼ਟਰੀ 'ਢਾਹਾਂ ਪੁਰਸਕਾਰ' ਨਾਲ ਨਿਵਾਜਿਆ ਗਿਆ ਹੈ, ਬਾਰੇ ਵੀ ਸੰਖੇਪ ਵਿਚਾਰ ਪੇਸ਼ ਕੀਤੇ। ਸਮਾਗ਼ਮ ਦੀ ਪ੍ਰਧਾਨਗੀ ਕਰ ਰਹੇ ਡਾ. ਵਰਿਆਮ ਸਿੰਘ ਸੰਧੂ ਨੇ 'ਦਿਸ਼ਾ' ਦੀਆਂ ਪ੍ਰਬੰਧਕ ਬੀਬੀਆਂ ਵੱਲੋਂ ਆਯੋਜਿਤ ਕੀਤੇ ਗਏ ਇਸ ਸਫ਼ਲ ਸਮਾਗ਼ਮ ਦੀ ਸਰਾਹਨਾ ਕਰਦਿਆਂ ਬਲਜੀਤ ਰੰਧਾਵਾ ਨੂੰ ਉਸ ਦੀ ਪਲੇਠੀ ਪੁਸਤਕ 'ਲੇਖ ਨਹੀਂ ਜਾਣੇ ਨਾਲ਼' ਜਿਸ ਦਾ ਮੁੱਖ-ਬੰਦ ਉਨ੍ਹਾਂ ਵੱਲੋਂ ਲਿਖਿਆ ਗਿਆ ਹੈ, ਦੀ ਹਾਰਦਿਕ ਵਧਾਈ ਦਿੱਤੀ। ਉਨ੍ਹਾਂ ਹੀਰਾ ਰੰਧਾਵਾ ਨੂੰ ਹਿੰਦੀ ਨਾਟਕਾਂ ਦੀ ਪੰਜਾਬੀ ਵਿਚ ਅਨੁਵਾਦ ਕੀਤੀ ਗਈ ਪੁਸਤਕ 'ਸੱਚ ਦੀ ਸਰਦਲ਼ 'ਤੇ' ਦੀ ਮੁਬਾਰਕਬਾਦ ਦਿੱਤੀ ਅਤੇ ਕਿਹਾ ਕਿ ਹੀਰਾ ਰੰਧਾਵਾ ਜਿੱਥੇ ਨਾਟਕ ਦੇ ਖ਼ੇਤਰ ਵਿੱਚ ਬਾਖ਼ੂਬੀ ਕੰਮ ਕਰ ਰਿਹਾ ਹੈ, ਉੱਥੇ ਬਲਜੀਤ ਨੇ ਇਹ ਵਾਰਤਕ ਪੁਸਤਕ ਲਿਖ ਕੇ ਪੰਜਾਬੀ ਵਾਰਤਕ ਸਾਹਿਤ ਵਿਚ ਆਪਣਾ ਵਧੀਆ ਯੋਗਦਾਨ ਪਾਇਆ ਹੈ ਅਤੇ ਭਵਿੱਖ ਵਿਚ ਉਸ ਕੋਲੋਂ ਹੋਰ ਵੀ ਵਧੀਆ ਲਿਖੇ ਜਾਣ ਦੀ ਆਸ ਹੈ।

ਸਮਾਗ਼ਮ ਵਿਚ ਪ੍ਰੋ. ਜਗੀਰ ਸਿੰਘ ਕਾਹਲੋਂ ਵੱਲੋਂ ਲਹਿੰਦੇ ਪੰਜਾਬ ਦੇ ਸਕੂਲਾਂ ਵਿਚ ਪੰਜਾਬੀ ਜ਼ਰੂਰੀ ਵਿਸ਼ੇ ਵਜੋਂ ਪੜ੍ਹਾਏ ਜਾਣ ਬਾਰੇ ਅਸੈਂਬਲੀ ਵਿਚ ਸਰਬਸੰਮਤੀ ਨਾਲ ਕੀਤੇ ਗਏ ਫ਼ੈਸਲੇ ਦੀ ਪ੍ਰਸ਼ੰਸਾ, ਇਜ਼ਰਾਈਲ-ਫ਼ਲਸਤੀਨ ਜੰਗ ਵਿੱਚ ਹੋ ਰਹੇ 'ਜਨ-ਸੰਘਾਰ' ਵਿਰੁੱਧ ਆਵਾਜ਼ ਉਠਾਉਣ ਅਤੇ ਬਰੈਂਪਟਨ ਵਿਚ ਬੀਤੇ ਦਿਨੀਂ ਦੋ ਆਪਸ ਵਿਰੋਧੀ ਗਰੁੱਪਾਂ ਵਿਚਕਾਰ ਹੋਈਆਂ ਹਿੰਸਕ ਝੜਪਾਂ ਦੀ ਨਿਖੇਧੀ ਕਰਨ ਬਾਰੇ ਤਿੰਨ ਮਤੇ ਪੇਸ਼ ਕੀਤੇ ਗਏ ਜਿਨ੍ਹਾਂ ਨੂੰ ਹਾਜ਼ਰੀਨ ਵੱਲੋਂ ਸਰਬਸੰਮਤੀ ਨਾਲ ਪ੍ਰਵਾਨਗੀ ਦਿੱਤੀ ਗਈ। ਇਸ ਦੌਰਾਨ ਰਛਪਾਲ ਕੌਰ ਗਿੱਲ, ਬਲਤੇਜ ਅਤੇ ਕਰਮਜੀਤ ਗਿੱਲ ਵੱਲੋਂ ਵੀ ਆਪਣੇ ਵਿਚਾਰ ਪੇਸ਼ ਕੀਤੇ ਗਏ। ਪਰਮਜੀਤ ਦਿਓਲ ਵੱਲੋਂ 'ਦਿਸ਼ਾ' ਵੱਲੋਂ ਸਮਾਗ਼ਮ ਰਚਾਏ ਗਏ ਇਸ ਸਮਾਗ਼ਮ ਵਿੱਚ ਪਧਾਰੇ ਸਮੂਹ ਹਾਜ਼ਰੀਨ ਦਾ ਧੰਨਵਾਦ ਕੀਤਾ ਗਿਆ। ਜ਼ਾਹਿਰ ਹੈ ਕਿ ਇਹ ਸਮਾਗ਼ਮ ਬੀਬੀਆਂ ਵੱਲੋਂ ਆਯੋਜਿਤ ਕੀਤਾ ਗਿਆ, ਇਸ ਲਈ ਇਸ ਵਿੱਚ ਉਨ੍ਹਾਂ ਦੀ ਗਿਣਤੀ ਵਧੇਰੇ ਹੋਣੀ ਸੁਭਾਵਿਕ ਸੀ ਪਰ ਫਿਰ ਵੀ ਕਈ 'ਬੀਬਿਆਂ' ਨੇ ਵੀ ਇਸ ਸਮਾਗ਼ਮ ਵਿੱਚ ਹਾਜ਼ਰੀ ਭਰੀ ਜਿਨ੍ਹਾਂ ਵਿੱਚ ਹਰਦਿਆਲ ਝੀਤਾ, ਮਲਵਿੰਦਰ ਸਿੰਘ, ਤਲਵਿੰਦਰ ਸਿੰਘ ਮੰਡ, ਪ੍ਰੋ. ਨਛੱਤਰ ਸਿੰਘ ਗਿੱਲ, ਡਾ. ਦਲਬੀਰ ਸਿੰਘ ਕਥੂਰੀਆ, ਬਿਕਰਮਜੀਤ ਸਿੰਘ ਗਿੱਲ ਅਤੇ 'ਹੈਟਸ-ਅੱਪ ਟੀਮ' ਦੇ ਕਲਾਕਾਰ ਸ਼ਿੰਗਾਰਾ ਸਮਰਾ, ਬਲਤੇਜ, ਕਰਮਜੀਤ ਗਿੱਲ, ਰਾਬੀਆ, ਸੁੰਦਰਪਾਲ ਰਾਜਾਸਾਂਸੀ, ਆਦਿ ਸ਼ਾਮਲ ਸਨ।

ਪੰਜਾਬ ਸਟਾਰ ਟੀਵੀ
ਹੁਣ ਤੁਸੀਂ ਆਪਣੇ ਘਰ
IPTV ਤੇ ਵੀ ਦੇਖ ਸਕਦੇ ਹੋ
PUNJAB STAR TV
IPTV
ROKU
eBaba Ent
webtv
ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਿਕ ਪਰੋਗਰਾਮਾਂ ਨਾਲ
ਭਾਰਤ, ਪੰਜਾਬ, ਕੈਨੇਡਾ ਅਤੇ ਪੂਰੀ ਦੁਨੀਆ ਨਾਲ ਤੁਹਾਨੂੰ ਜੋੜ ਕੇ ਰੱਖਦਾ ਹੈ
ਪੰਜਾਬ ਸਟਾਰ ਟੀਵੀ
YUPPTV
GET IT ON Google Play
Shava tv
jadoo tv
Cruze tv
amazon fireTV
ਪੰਜਾਬ ਸਟਾਰ ਟੀਵੀ ਹੁਣ ਤੁਸੀਂ ਅਮਰੀਕਾ ਅਤੇ ਕੈਨੇਡਾ ਆਪਣੇ
ਘਰ ਆਈ ਪੀ ਟੀਵੀ ਬੌਕਸ 'ਤੇ ਦੇਖ ਸਕਦੇ। ਵਧੇਰੇ ਜਾਣਕਾਰੀ ਲਈ
ਲਖਵਿੰਦਰ ਸੰਧੂ 905-673-7666
NOW WIDELY AVAILABLE IN AMERICA & CANADA
For informatin call Lakhwinder Sandhu
905-673-7666

## ਟਰੱਕ ਡਰਾਈਵਰ, ਬਿਜ਼ਨੈੱਸਮੈਨ, ਯੋਗਾ ਟੀਚਰ ਜਾਂ ਮੈਰਾਥਨ ਦੌੜਾਕ?

# ਕੌਣ ਹੈ ਇਹ ਜੱਸੀ ਧਾਲੀਵਾਲ?









ਜਸਵਿੰਦਰ ਸਿੰਘ ਧਾਲੀਵਾਲ ਉਰਫ਼ 'ਜੱਸੀ ਧਾਲੀਵਾਲ' ਹਫ਼ਤੇ 'ਚ ਪੰਜ ਦਿਨ ਸਾਰਾ-ਸਾਰਾ ਦਿਨ ਟਰੱਕ ਚਲਾਉਂਦਾ ਹੈ। ਵੀਕ-ਐਂਡ 'ਤੇ ਯੋਗਾ ਸਿੱਖਣ ਦੇ ਚਾਹਵਾਨਾਂ ਨੂੰ ਯੋਗਾ ਸਿਖਾਉਂਦਾ ਹੈ ਅਤੇ 'ਆਰਟ ਆਫ਼ ਲਿਵਿੰਗ' ਦੇ ਕੈਂਪਾਂ ਵਿਚ ਵੀ ਹਾਜ਼ਰੀ ਭਰਦਾ ਹੈ। ਉਸ ਦੀ ਆਪਣੀ 'ਕੁਦਰਤ ਟਰਾਂਸਪੋਰਟ ਕੰਪਨੀ' ਹੈ ਜਿਸ ਦਾ ਪ੍ਰਬੰਧ ਉਹ ਖ਼ੁਦ ਕਰਦਾ ਹੈ। ਉਹ 'ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ' (ਟੀਪੀਏਆਰ ਕਲੱਬ) ਦਾ ਰੈਗੂਲਰ ਮੈਂਬਰ ਹੈ ਅਤੇ ਸ਼ਨੀਵਾਰ/ਐਤਵਾਰ ਵਾਲੇ ਇਸ ਦੇ ਪ੍ਰੈਕਟਿਸ-ਸੈਸ਼ਨਾਂ ਵਿਚ ਵੀ ਸ਼ਾਮਲ ਹੁੰਦਾ ਹੈ। ਟੋਰਾਂਟੋ ਦੇ ਆਸ-ਪਾਸ ਤੇ ਦੂਰ-ਨੇੜੇ ਦੇ ਸ਼ਹਿਰਾਂ ਵਿਚ ਹੋਣ ਵਾਲੇ ਦੌੜਾਂ ਦੇ ਮੁਕਾਬਲਿਆਂ ਵਿਚ ਕਲੱਬ ਦੇ ਮੈਂਬਰਾਂ ਨਾਲ ਇਨ੍ਹਾਂ ਵਿਚ ਬਾਕਾਇਦਾ ਸ਼ਿਰਕਤ ਕਰਦਾ ਹੈ ਅਤੇ 5 ਕਿਲੋਮੀਟਰ, 10 ਕਿਲੋਮੀਟਰ, ਹਾਫ਼-ਮੈਰਾਥਨ ਅਤੇ ਫੁੱਲ-ਮੈਰਾਥਨ ਦੌੜਾਂ ਵਿਚ ਭਾਗ ਲੈਂਦਾ ਹੈ।

ਆਓ ਜਾਣੀਏ, ਕੀ ਹੈ ਤੇ ਕੌਣ ਹੈ ਇਹ 'ਜੱਸੀ ਧਾਲੀਵਾਲ' ਅਤੇ ਇਹ ਸਾਰੇ ਕੰਮ ਉਹ ਕਿਵੇਂ ਕਰ ਲੈਂਦਾ ਹੈ। ਪਿਛੋਕੜ ਮੋਗਾ ਜ਼ਿਲੇ ਦੇ ਪਿੰਡ ਨੰਗਲ ਵਿਚ 13 ਫ਼ਰਵਰੀ 1981 ਨੂੰ ਸ. ਬਚਨ ਸਿੰਘ ਧਾਲੀਵਾਲ ਤੇ ਸਰਦਾਰਨੀ ਪਰਮਜੀਤ ਕੌਰ ਧਾਲੀਵਾਲ ਦੇ ਘਰ ਪੈਦਾ ਹੋਇਆ ਜਸਵਿੰਦਰ ਸਿੰਘ ਬਚਪਨ ਤੋਂ ਹੀ ਹੋਣਹਾਰ ਬਾਲਕ ਸੀ ਜਿਸ ਨੇ ਇੱਕ-ਦੋ ਨਹੀਂ, ਸਗੋਂ ਕਈ ਖ਼ੇਤਰਾਂ ਵਿਚ ਆਪਣਾ ਅਤੇ ਆਪਣੇ ਪਰਿਵਾਰ ਦਾ ਨਾਂ ਰੌਸ਼ਨ ਕਰਨਾ ਸੀ। ਨਾਨਕੇ ਉਸ ਦੇ ਪਿੰਡ ਦੱਬੜੀਖ਼ਾਨਾਂ ਜ਼ਿਲਾ ਫ਼ਰੀਦਕੋਟ ਦੇ ਰੱਜੇ-ਪੁੱਜੇ ਖ਼ਾਨਦਾਨ ਵਿੱਚੋਂ ਹਨ ਜਿੱਥੇ ਉਸ ਦਾ ਜਨਮ ਹੋਇਆ। ਧਾਲੀਵਾਲ ਪਰਿਵਾਰ ਵੀ ਤਾਂ ਪਿੰਡ ਦਾ ਰੱਜਿਆ-ਪੁੱਜਿਆ ਪਰਿਵਾਰ ਹੈ। ਪ੍ਰਾਇਮਰੀ ਤੱਕ ਪੜ੍ਹਾਈ ਨਾਨਕਿਆਂ ਦੇ ਪਿੰਡ ਦੱਬੜੀਖ਼ਾਨਾ ਤੋਂ ਕੀਤੀ ਅਤੇ ਬਾਰ੍ਹਵੀਂ ਤੇਜਾ ਸਿੰਘ ਸੁਤੰਤਰ ਹਾਈ ਸਕੂਲ ਲੁਧਿਆਣਾ ਤੋਂ ਪਾਸ ਕਰਕੇ ਉਚੇਰੀ ਸਿੱਖਿਆ ਲਈ ਆਰੀਆ ਕਾਲਜ ਲੁਧਿਆਣੇ ਜਾ ਦਾਖ਼ਲਾ ਲਿਆ। ਖੇਡਾਂ ਦਾ ਸ਼ੌਕ ਬਚਪਨ ਤੋਂ ਹੀ ਸੀ ਅਤੇ ਇਹ ਸਕੂਲ ਅਤੇ ਕਾਲਜ ਸਮੇਂ ਬਾ-ਦਸਤੂਰ ਜਾਰੀ ਰਿਹਾ। ਉਹ ਕ੍ਰਿਕਟ ਤੇ ਬਾਸਕਟ ਬਾਲ ਖੇਡਦਾ ਸੀ ਅਤੇ ਸਕੂਲ ਪੱਧਰ ਦੇ ਚੰਗੇ ਖਿਡਾਰੀਆਂ ਵਿੱਚ ਗਿਣਿਆਂ ਜਾਂਦਾ ਸੀ। ਕਾਲਜ ਵਿਚ ਬੀ.ਏ. ਕਰਦਿਆਂ ਵੀ ਕ੍ਰਿਕਟ ਦੀ ਖੇਡ ਬਾਕਾਇਦਾ ਜਾਰੀ ਰਹੀ।

### ਕੈਨੇਡਾ ਵਿਚ ਜੀਵਨ ਦੀ ਸ਼ੁਰੂਆਤ

ਬੀ.ਏ. ਕਰਨ ਦੌਰਾਨ ਹੀ ਉਸ ਦਾ ਵਿਆਹ 2002 ਵਿੱਚ ਕੈਨੇਡਾ ਤੋਂ ਆਈ ਪੀ.ਆਰ. ਲੜਕੀ ਅੰਮ੍ਰਿਤ ਕੌਰ ਨਾਲ ਹੋ ਗਿਆ ਅਤੇ 2003 ਵਿਚ ਉਹ ਕੈਨੇਡਾ ਦੇ ਸ਼ਹਿਰ ਬਰੈਂਪਟਨ ਆ ਗਿਆ। ਇੱਥੇ ਆਉਣ ਵਾਲੇ ਬਹੁਤ ਸਾਰੇ ਇਮੀਗਰੈਂਟਾਂ ਵਾਂਗ ਜਸਵਿੰਦਰ ਧਾਲੀਵਾਲ ਨੂੰ ਵੀ ਸ਼ੁਰੂ-ਸ਼ੁਰੂ ਵਿੱਚ ਫ਼ੈਕਟਰੀਆਂ ਵਾਲਾ ਮੁਸ਼ਕਲ ਕੰਮ ਕਰਨਾ ਪਿਆ। ਇਸ ਦੀ ਥਕਾਵਟ ਲਾਹੁਣ ਲਈ ਉਹ ਦਾਰੂ ਦਾ ਆਸਰਾ ਲੈਣ ਲੱਗਾ ਅਤੇ ਇੰਜ ਹੀ ਉਸਦੀ ਜ਼ਿੰਦਗੀ ਬਤੀਤ ਹੋਣ ਲੱਗੀ। ਪਰ ਅੰਦਰੋ-ਅੰਦਰ ਉਸ ਨੂੰ ਇਹ ਚਿੰਤਾ ਖਾਣ ਲੱਗੀ ਕਿ ਇਹ ਵੀ ਕੋਈ ਜੀਵਨ ਹੈ ਕਿ ਘਰੋਂ ਕੰਮ 'ਤੇ ਜਾਓ, ਥੱਕ-ਟੁੱਟ ਕੇ ਘਰ ਆ ਜਾਓ ਅਤੇ ਦਾਰੂ ਪੀ ਕੇ ਦਿਨ-ਭਰ ਦੀ ਥਕਾਵਟ ਲਾਹੋ ਅਤੇ ਸੌਂ ਜਾਓ। ਉਸ ਨੂੰ ਇਹ ਜੀਵਨ ਬੇਅਰਥ ਜਿਹਾ ਮਹਿਸੂਸ ਹੋਣ ਲੱਗਾ।

### ਫ਼ੈਕਟਰੀਆਂ ਦਾ ਕੰਮ ਮੁਸ਼ਕਲ ਲੱਗਾ ਤਾਂ ਟਰੱਕ ਡਰਾਇਵਰੀ ਸਿੱਖ ਲਈ

ਫ਼ੈਕਟਰੀਆਂ ਵਿੱਚ ਤਿੰਨ-ਚਾਰ ਸਾਲ ਨਿੱਠ ਕੇ ਕੰਮ ਕੀਤਾ। ਇਸ ਦੌਰਾਨ ਹੀ ਉਸ ਨੇ ਟੈਕਸੀ ਚਲਾਉਣ ਦਾ ਲਾਇਸੈਂਸ ਲੈ ਲਿਆ ਪਰ ਟੈਕਸੀ ਚਲਾਈ ਨਹੀਂ, ਕਿਉਂਕਿ ਉਸ ਦਾ ਇਰਾਦਾ ਟਰੱਕਿੰਗ ਦੇ ਬਿਜ਼ਨੈੱਸ ਵਿੱਚ ਪੈਣ ਦਾ ਸੀ। ਇਸ ਲਈ ਟਰੱਕ ਡਰਾਈਵਿੰਗ ਦਾ ਲਾਇਸੈਂਸ ਲਿਆ ਅਤੇ ਟਰੱਕ ਡਰਾਈਵਰੀ ਸ਼ੁਰੂ ਕਰ ਲਈ। ਹੁਣ ਇਸ ਸਮੇਂ ਉਸ ਦੀ ਆਪਣੀ ਟਰਾਂਸਪੋਰਟ ਕੰਪਨੀ 'ਕੁਦਰਤ ਟਰਾਂਸਪੋਰਟ' ਦੇ ਨਾਂ ਹੇਠ ਚੱਲ ਰਹੀ ਹੈ। ਆਖ਼ਰ ਰੋਜ਼ੀ-ਰੋਟੀ ਦਾ ਕੋਈ ਪੱਕਾ ਪ੍ਰਬੰਧ ਵੀ ਤਾਂ ਕਰਨਾ ਹੀ ਸੀ। ਦਿਨ ਗ਼ੁਜ਼ਰਦੇ ਗਏ ਤੇ ਜ਼ਿੰਦਗੀ ਆਮ ਵਾਂਗ ਚੱਲਦੀ ਰਹੀ। ਪਰ ਉਹ ਆਪਣੇ ਇਸ ਜੀਵਨ ਤੋਂ ਸੰਤੁਸ਼ਟ ਨਹੀਂ ਸੀ। ਕਦੇ ਕਦੇ ਉਹ ਬੇਚੈਨ ਜਿਹਾ ਹੋ ਜਾਂਦਾ। ਉਸ ਦਾ ਮਨ ਉਚਾਟ ਹੋ ਜਾਂਦਾ ਤੇ ਸੋਚਦਾ ਕਿ ਇਹ ਜੀਵਨ ਵੀ ਕੀ ਜੀਵਨ ਹੈ? ਸਵੇਰੇ ਕੰਮ 'ਤੇ ਜਾਓ, ਸਾਰਾ ਦਿਨ ਟਰੱਕ ਦੇ ਸਟੇਅਰਿੰਗ 'ਤੇ ਡਟੇ ਰਹੋ ਤੇ ਸ਼ਾਮ ਨੂੰ ਥੱਕ-ਟੁੱਟ ਕੇ ਘਰ ਆ ਜਾਓ। ਉਹ ਸੋਚਦਾ, 'ਰੁਟੀਨ' ਵਾਲੇ ਇਸ ਜੀਵਨ ਵਿਚ ਕੋਈ 'ਬਦਲਾਅ' ਹੋਣਾ ਚਾਹੀਦਾ ਹੈ ਜਿਸ ਨਾਲ ਇਹ ਕੁੱਝ ਚੰਗਾ-ਚੰਗਾ ਲੱਗਣ ਲੱਗ ਪਵੇ।

'ਆਰਟ ਆਫ਼ ਲਿਵਿੰਗ' ਦਾ ਕੋਰਸ ਕਰ ਲਿਆ ਬੜੀ ਸੋਚ ਵਿਚਾਰ ਤੋਂ ਬਾਅਦ ਸਿਰੀ ਸਿਰੀ ਰਵੀਸ਼ੰਕਰ ਵੱਲੋਂ ਅੰਤਰਰਾਸ਼ਟਰੀ ਪੱਧਰ 'ਤੇ ਚਲਾਈ ਜਾ ਰਹੀ ਸੰਸਥਾ 'ਆਰਟ ਆਫ਼ ਲਿਵਿੰਗ' ਵੱਲੋਂ ਕਰਵਾਏ ਜਾਂਦੇ ਕੋਰਸ ਵਿੱਚ ਜਾ ਦਾਖ਼ਲਾ ਲਿਆ। ਇੱਥੇ 'ਬਰੀਦਿੰਗ' (ਲੰਮੇਂ ਸਾਹ ਲੈਣ ਦੀ ਪ੍ਰਕਿਰਿਆ), 'ਯੋਗਾ' ਅਤੇ 'ਮੈਡੀਟੇਸ਼ਨ' (ਭਗਤੀ) ਦੀ ਸਿਖਲਾਈ ਲਈ ਅਤੇ ਇਨ੍ਹਾਂ ਨੂੰ ਆਪਣੇ ਜੀਵਨ ਵਿਚ ਅਪਨਾਉਣ ਦੀ ਕੋਸ਼ਿਸ਼ ਆਰੰਭ ਕੀਤੀ। ਇਸ ਕੋਰਸ ਦਾ ਵੱਡਾ ਫ਼ਾਇਦਾ ਉਸ ਨੂੰ ਇਹ ਹੋਇਆ ਕਿ ਉਹ 'ਦਾਰੂ' ਪੀਣੀ ਛੱਡ ਗਿਆ। ਦਿਲੋਂ ਭਾਵੇਂ ਉਹ ਇਹ ਛੱਡਣੀ ਨਹੀਂ ਸੀ ਚਾਹੁੰਦਾ ਪਰ ਉਸ ਦੇ ਆਪਣੇ ਕਹਿਣ ਅਨੁਸਾਰ "ਦਾਰੂ ਉਸ ਨੂੰ ਛੱਡ ਗਈ"। ਉਂਜ, ਭਾਵੇਂ ਉਹ ਦਾਰੂ ਨਾ ਹੀ ਛੱਡਦਾ, ਕਿਉਂਕਿ ਗ਼ਾਲਿਬ ਵਰਗੇ ਉਰਦੂ ਦੇ ਵੱਡੇ ਸ਼ਾਇਰ ਵੀ ਇਸ ਦੇ ਬਾਰੇ ਕਹਿ ਗਏ ਹਨ, "ਛੁੱਟਤੀ ਨਹੀਂ ਹੈ ਗ਼ਾਲਿਬ, ਮੂੰਹ ਸੇ ਲਗੀ ਹੁਈ।" ਜੱਸੀ ਧਾਲੀਵਾਲ ਕਹਿੰਦਾ ਹੈ ਕਿ 'ਆਰਟ ਆਫ਼ ਲਿਵਿੰਗ' ਦਾ ਇਹ ਕੋਰਸ ਕਰਨ ਤੋਂ ਬਾਅਦ ਉਸ ਨੂੰ ਸ਼ਰਾਬ ਪੀਣ ਦੀ ਲੋੜ ਹੀ ਮਹਿਸੂਸ ਨਹੀਂ ਹੋਈ, ਹਾਲਾਂ ਕਿ ਬਹੁਤੇ ਲੋਕਾਂ ਦਾ ਕਹਿਣਾ ਹੈ ਕਿ ਇਹ ਛੱਡਣੀ ਏਨੀ ਆਸਾਨ ਨਹੀਂ ਹੈ। ਉਹ ਮੀਟ-ਮੱਛੀ ਖਾ ਲੈਂਦਾ ਹੈ ਪਰ ਦਾਰੂ ਦੇ ਨੇੜੇ ਨਹੀਂ ਜਾਂਦਾ।

### 'ਸਰਟੀਫਾਈਡ ਯੋਗਾ ਟਰੇਨਰ' ਬਣਿਆ

ਜੱਸੀ ਦੇ ਲਈ ਮਨੁੱਖੀ ਜ਼ਿੰਦਗੀ ਹੋਰ ਹੈ। ਉਸ ਅਨੁਸਾਰ ਇਹ ਮਨੁੱਖੀ ਜੀਵਨ ਨਿਰਾ ਆਪਣੇ ਆਪ ਲਈ ਹੀ ਨਹੀਂ ਹੈ, ਸਗੋਂ ਇਹ ਦੂਸਰਿਆਂ ਲਈ ਵੀ ਹੈ। ਉਸ ਨੇ ਯੋਗਾ ਟ੍ਰੇਨਿੰਗ ਦਾ ਢਾਈ ਮਹੀਨੇ ਦਾ ਕੋਰਸ ਕੀਤਾ ਅਤੇ 'ਸਰਟੀਫਾਈਡ ਯੋਗਾ ਟਰੇਂਡ ਟੀਚਰ' ਬਣਿਆ। ਵੀਕ-ਐਂਡ 'ਤੇ ਐਤਵਾਰ ਸਵੇਰੇ ਸਵੇਰ ਉਸ ਨੇ ਲੋਕਾਂ ਨੂੰ ਯੋਗਾ ਸਿਖਾਉਣਾ ਸ਼ੁਰੂ ਕਰ ਦਿੱਤਾ। ਉਹ ਯੋਗਾ ਦੀਆਂ 'ਫ਼ਰੀ ਕਲਾਸਾਂ' ਲਗਾਉਂਦਾ ਹੈ ਅਤੇ ਉਸ ਦੀ ਕਲਾਸ ਵਿਚ ਇੱਕ ਸਮੇਂ 15-20 ਵਿਦਿਆਰਥੀ ਹੁੰਦੇ ਹਨ। ਉਸ ਦਾ ਕਹਿਣਾ ਕਿ ਇਸ ਨਾਲ ਮਨ ਵਿੱਚ ਮਨੁੱਖਵਾਦੀ ਸੋਚ, ਲੋਕਾਂ ਦੇ ਭਲੇ ਅਤੇ ਲੋੜਵੰਦਾਂ ਦੀ ਸਹਾਇਤਾ ਕਰਨ ਦਾ ਜਜ਼ਬਾ ਪੈਦਾ ਹੁੰਦਾ ਹੈ। ਉਸ ਦੀਆਂ ਇਹ ਯੋਗਾ ਕਲਾਸਾਂ ਪਿਛਲੇ 10 ਸਾਲਾਂ ਤੋਂ ਬਾਕਾਇਦਾ ਚੱਲ ਰਹੀਆਂ ਹਨ ਜਿਨ੍ਹਾਂ ਵਿੱਚ ਉਹ ਲੋਕਾਂ ਨੂੰ ਯੋਗਾ ਦੇ ਵੱਖ-ਵੱਖ ਆਸਣਾਂ ਦੀ ਸਿਖਲਾਈ ਦਿੰਦਾ ਹੈ। ਇਹ ਉਸ ਦਾ ਸ਼ੌਕ ਹੈ ਜਿਸ ਨੂੰ ਉਹ ਲੋਕ ਭਲਾਈ ਦੇ ਕੰਮ ਵਜੋਂ ਲੈ ਰਿਹਾ ਹੈ। ਉਹ ਵੱਖ-ਵੱਖ ਥਾਵਾਂ 'ਤੇ ਲਗਾਏ ਜਾਂਦੇ 'ਆਰਟ ਆਫ਼ ਲਿਵਿੰਗ' ਦੇ ਕੈਂਪਾਂ ਵਿਚ ਵੀ ਹਾਜ਼ਰੀ ਭਰਦਾ ਹੈ। ਦੌੜਨ ਦਾ ਬਾਕਾਇਦਾ ਸ਼ੌਕ

ਦੌੜਨ ਦਾ ਬਾਕਾਇਦਾ ਸ਼ੌਕ ਜੱਸੀ ਨੂੰ 2015 ਵਿਚ ਪੈਦਾ ਹੋਇਆ ਜਦੋਂ ਇੱਕ ਦਿਨ ਉਸ ਦੇ ਮਨ 'ਚ ਆਇਆ ਕਿ ਉਹ ਉਸ ਦਿਨ ਘੱਟੋ-ਘੱਟ 5 ਕਿਲੋਮੀਟਰ ਜ਼ਰੂਰ ਦੌੜੇਗਾ। ਉਸ ਨੇ ਦੌੜਨਾ ਸ਼ੁਰੂ ਕੀਤਾ। ਦੋ-ਤਿੰਨ ਕਿਲੋਮੀਟਰ ਦੌੜਨ ਤੋਂ ਬਾਅਦ ਉਸ ਦਾ ਸਾਹ ਫੁੱਲਣਾ ਸ਼ੁਰੂ ਹੋ ਗਿਆ। ਰੁਕਣ ਨੂੰ ਦਿਲ ਕੀਤਾ ਪਰ ਉਹ ਰੁਕਿਆ ਨਹੀਂ ਅਤੇ ਦੌੜਨਾ ਜਾਰੀ ਰੱਖਿਆ। ਕਈ ਵਾਰ ਉਸ ਦਾ ਮਨ ਕਰਦਾ ਕਿ ਉਹ ਇਸ ਵਿਚਾਲੇ ਥੋੜ੍ਹਾ ਜਿਹਾ ਦਮ ਲੈ ਲਵੇ ਪਰ ਫਿਰ ਆਪਣੇ ਕੀਤੇ ਹੋਏ ਦ੍ਰਿੜ੍ਹ ਇਰਾਦੇ ਅਨੁਸਾਰ ਅੱਗੇ ਵੱਧਦਾ ਗਿਆ ਅਤੇ ਪੰਜ ਕਿਲੋਮੀਟਰ ਦੌੜ ਪੂਰੀ ਕਰਕੇ ਹੀ ਦਮ ਲਿਆ। ਉਹ ਕਹਿੰਦਾ ਹੈ ਕਿ ਇਸ ਦੌੜ ਦੇ ਆਖ਼ਰੀ ਪੜਾਅ 'ਤੇ ਉਹ ਡਿੱਗਣ ਵਾਲਾ ਹੋ ਗਿਆ ਸੀ ਪਰ ਉਹ ਆਪਣੇ ਹੱਠ 'ਤੇ ਕਾਇਮ ਰਿਹਾ ਅਤੇ ਅੱਗੇ ਚੱਲਦਾ ਹੀ ਗਿਆ। ਇਸ ਦੌੜ ਨਾਲ ਉਸ ਨੂੰ ਪੱਕਾ ਵਿਸ਼ਵਾਸ ਹੋ ਗਿਆ ਕਿ ਉਹ ਪੰਜ ਕਿਲੋਮੀਟਰ ਦੀ ਦੌੜ ਬੜੀ ਆਸਾਨੀ ਨਾਲ ਲਗਾ ਸਕਦਾ ਹੈ ਅਤੇ ਅੱਗੋਂ ਇਸ ਨੂੰ ਹੋਰ ਵੀ ਵਧਾ ਸਕਦਾ ਹੈ।

### ਟੀਪੀਏਆਰ ਕਲੱਬ ਵਿੱਚ ਸ਼ਮੂਲੀਅਤ ਤੇ ਹਾਫ਼-ਮੈਰਾਥਨ ਦੀ ਸ਼ੁਰੂਆਤ

2017 ਵਿੱਚ ਜੱਸੀ ਧਾਲੀਵਾਲ ਦਾ ਮੇਲ਼ ਮਨਜੀਤ ਸਿੰਘ ਨੌਟਾ ਨਾਲ ਹੈਮਿਲਟਨ ਦੇ ਨੇੜੇ 'ਹੈੱਲਥ ਰੀਟਰੀਟ ਸੈਂਟਰ' ਵਿੱਚ ਹੋਇਆ ਜਿੱਥੇ ਸਿਹਤ ਸਬੰਧੀ ਲਗਾਏ ਇੱਕ ਕੈਂਪ ਵਿੱਚ ਸ਼ਾਮਲ ਹੋਣ ਲਈ ਉਹ ਦੋਵੇਂ ਗਏ ਸਨ। ਫਿਰ ਦੋ ਕੁ ਸਾਲ ਉਹ ਇੱਕ ਦੂਸਰੇ ਤੋਂ ਵਿੱਛੜੇ ਰਹੇ ਅਤੇ ਇਕ ਦਿਨ ਫ਼ਿਲਮੀ ਕਹਾਣੀ ਵਾਂਗ ਅਚਾਨਕ ਹੀ ਡਿਕਸੀ ਗੁਰੂਘਰ ਉਹ ਦੋਬਾਰਾ ਮਿਲ਼ ਪਏ। ਮਨਜੀਤ ਨੌਟਾ ਨੇ ਜਦੋਂ ਉਸ ਨਾਲ ਟੀਪੀਏਆਰ ਕਲੱਬ (ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ) ਦੀਆਂ ਬਰੈਂਪਟਨ ਵਿੱਚ ਚੱਲ ਰਹੀਆਂ ਸਰਗ਼ਰਮੀਆਂ ਬਾਰੇ ਗੱਲ ਕੀਤੀ ਤਾਂ ਜੱਸੀ ਦੀ ਦਿਲਚਸਪੀ ਇਸ ਕਲੱਬ ਵਿੱਚ ਸ਼ਾਮਲ ਹੋਣ ਦੀ ਬਣ ਗਈ। ਮਨਜੀਤ ਨੌਟਾ ਦੀ ਪ੍ਰੇਰਨਾ ਸਦਕਾ ਉਹ 2019 ਵਿੱਚ ਇਸ ਦਾ ਰੈਗੂਲਰ ਮੈਂਬਰ ਬਣ ਗਿਆ ਅਤੇ ਇਸ ਕਲੱਬ ਦੇ ਮੈਂਬਰ ਵਜੋਂ ਉਸ ਨੇ ਪਹਿਲੀ ਵਾਰ ਟੋਰਾਂਟੋ ਵਿਖੇ 2019 ਵਿਚ ਹੋਈ 'ਸਕੋਸ਼ੀਆਬੈਂਕ ਵਾਟਰਫ਼ਰੰਟ ਮੈਰਾਥਨ' ਵਿੱਚ ਹਾਫ਼-ਮੈਰਾਥਨ (21 ਕਿਲੋਮੀਟਰ) ਇੱਕ ਘੰਟਾ 58 ਮਿੰਟ ਵਿਚ ਪੂਰੀ ਕਰਦਿਆਂ ਸਫ਼ਲਤਾ ਪੂਰਵਕ ਭਾਗ ਲਿਆ।

2020 ਵਿਚ ਸਾਰੀ ਦੁਨੀਆਂ ਵਿਚ ਕਰੋਨਾ ਮਹਾਂਮਾਰੀ ਫ਼ੈਲ ਗਈ ਜਿਸ ਕਾਰਨ ਇਹ ਮੈਰਾਥਨ ਦੌੜ ਨਾ ਹੋ ਸਕੀ ਅਤੇ ਇਸ ਬੀਮਾਰੀ ਦਾ ਪ੍ਰਕੋਪ 2021 ਵਿੱਚ ਵੀ ਉਵੇਂ ਹੀ ਜਾਰੀ ਰਿਹਾ। ਲੋਕ ਡਰਦੇ ਮਾਰੇ ਘਰਾਂ ਵਿੱਚ ਤੜੇ ਰਹੇ ਪਰ ਜੱਸੀ ਨੇ ਨਿੱਜੀ ਤੌਰ 'ਤੇ ਆਪਣਾ ਅਭਿਆਸ ਜਾਰੀ ਰੱਖਿਆ। ਫਿਰ ਜਦੋਂ 2022 ਵਿਚ ਇਹ ਦੌੜ ਮੁੜ ਆਰੰਭ ਹੋਈ ਤਾਂ ਉਸ ਨੇ ਦੂਸਰੀ ਵਾਰ ਇਸ ਹਾਫ਼-ਮੈਰਾਥਨ ਵਿੱਚ ਵਿੱਚ ਹਿੱਸਾ ਲਿਆ ਅਤੇ ਇਸ ਨੂੰ ਪੂਰੀ ਕਰਨ ਦੇ ਆਪਣੇ ਸਮੇਂ ਵਿਚ ਸੁਧਾਰ ਕੀਤਾ।

### ਹਾਫ਼-ਮੈਰਾਥਨ ਤੇ ਹੋਰ ਦੌੜਾਂ ਦੀ ਲਗਾਤਾਰਤਾ ਤੇ 'ਫੁੱਲ ਮੈਰਾਥਨ' ਦੀ ਸ਼ੁਰੂਆਤ

ਟੀਪੀਏਆਰ ਕਲੱਬ ਦੇ ਮੈਂਬਰ ਵਜੋਂ ਹਾਫ਼-ਮੈਰਾਥਨ ਵਿਚ ਭਾਗ ਲੈਣ ਦਾ ਇਹ ਸਿਲਸਿਲਾ ਲਗਾਤਾਰ ਚੱਲਦਾ ਰਿਹਾ। ਉਸ ਨੇ ਮਈ 2022 ਵਿਚ ਜੌਰਜਿਨਾ ਸ਼ਹਿਰ ਵਿਚ ਹੋਈ ਹਾਫ਼-ਮੈਰਾਥਨ, ਨਵੰਬਰ 2023 ਵਿਚ 'ਹੈਮਿਲਟਨ ਹਾਫ਼-ਮੈਰਾਥਨ', ਮਾਰਚ 2024 ਵਿਚ 'ਚਿੱਲੀ ਮੈਰਾਥਨ' ਵਿੱਚ ਹਾਫ਼-ਮੈਰਾਥਨ ਲਗਾ ਕੇ ਹੁਣ ਤੀਕ ਪੰਜ ਹਾਫ਼-ਮੈਰਾਥਨ ਦੌੜਾਂ ਵਿਚ ਹਿੱਸਾ ਲੈ ਚੁੱਕਾ ਹੈ। ਇਸ ਦੇ ਨਾਲ ਹੀ ਉਸ ਨੇ 'ਬਿੰਬੋ 10 ਕਿਲੋਮੀਟਰ' (2023, 2024), 'ਡੌਨ ਡੌਆਨ ਡੈਸ਼ ਬਰੈਂਪਟਨ 10 ਕਿਲੋਮੀਟਰ' (2024), 'ਟੋਰਾਂਟੋ ਅੰਡਰ ਆਰਮਰ 10 ਕਿਲੋਮੀਟਰ' (2024), 'ਟੋਰਾਂਟੋ ਸੁਪਰਪਾਵਰ 10 ਕਿਲੋਮੀਟਰ' (2023, 2024), 'ਇੰਸਪੀਰੇਸ਼ਨਲ ਸਟੈੱਪਸ 10 ਕਿਲੋਮੀਟਰ (2023, 2024) ਅਤੇ 'ਪੀਲ ਪੋਲੀਸ ਰੇਸ ਅਗੇਨਸਟ ਰੇਸਿਜ਼ਮ' 5 ਕਿਲੋਮੀਟਰ' (2023, 2024) ਵਿਚ ਵੀ ਸਫ਼ਲਤਾ ਪੂਰਵਕ ਹਿੱਸਾ ਲਿਆ ਹੈ। ਪੰਜ ਕਿਲੋਮੀਟਰ ਵਾਲੀਆਂ ਰੇਸਾਂ ਜਿਨ੍ਹਾਂ ਵਿਚ ਉਹ ਦੌੜਿਆ ਹੈ, ਦੀ ਗਿਣਤੀ ਦਾ ਉਸ ਨੂੰ ਖ਼ੁਦ ਪਤਾ ਨਹੀਂ ਹੈ।

ਸੱਭ ਤੋਂ ਮਹੱਤਵਪੂਰਨ ਦੌੜ ਉਸ ਦੇ ਲਈ 27 ਅਕਤੂਬਰ 2024 ਨੂੰ ਹੋਈ 'ਨਿਆਗਰਾ ਫ਼ਾਲ ਮੈਰਾਥਨ' ਹੈ, ਜਿਸ ਵਿਚ ਉਸ ਨੇ 42 ਕਿਲੋਮੀਟਰ ਦੌੜ ਕੇ ਆਪਣੇ ਜੀਵਨ ਦੀ ਪਹਿਲੀ 'ਫੁੱਲ-ਮੈਰਾਥਨ' 4 ਘੰਟੇ, 9 ਮਿੰਟ 49 ਸਕਿੰਟ ਵਿਚ ਸੰਪੰਨ ਕੀਤੀ ਹੈ। ਇਸ ਮੈਰਾਥਨ ਦੌੜ ਵਿਚ 641 ਦੌੜਾਕਾਂ ਨੇ ਭਾਗ ਲਿਆ ਜਿਨ੍ਹਾਂ ਵਿੱਚੋਂ ਉਹ 302'ਵੇਂ ਨੰਬਰ 'ਤੇ ਆਇਆ। ਆਪਣੇ 40-44 ਸਾਲ ਦੇ ਉਮਰ-ਵਰਗ ਵਿੱਚ ਉਸਦਾ 22'ਵਾਂ ਸਥਾਨ ਹੈ। ਇਹ ਵੀ ਜ਼ਿਕਰਯੋਗ ਹੈ ਕਿ ਇਸ ਸਮੇਂ ਉਸ ਦੀ ਉਮਰ 43 ਸਾਲ ਹੈ। ਇਸ ਮੈਰਾਥਨ ਦੌੜ ਨੂੰ ਉਹ ਆਪਣੇ ਜੀਵਨ ਦੀ ਪਹਿਲੀ ਮੁੱਖ- ਪ੍ਰਾਪਤੀ ਸਮਝਦਾ ਹੈ ਅਤੇ ਉਹ ਆਪਣੇ ਇਸ ਕਾਰਜ ਨੂੰ ਅੱਗੇ ਵਧਾਉਣਾ ਚਾਹੁੰਦਾ ਹੈ।

### ਜੱਸੀ ਧਾਲੀਵਾਲ ਦਾ ਨਿਸ਼ਾਨਾ

ਜੱਸੀ ਦਾ ਨਿਸ਼ਾਨਾ ਇਸ ਖ਼ੇਤਰ ਵਿੱਚ ਬਹੁਤ ਅੱਗੇ ਜਾਣ ਦਾ ਹੈ। ਉਹ ਅੱਗੋਂ ਹੋਣ ਵਾਲੀਆਂ ਵੱਧ ਤੋਂ ਵੱਧ ਹਾਫ਼ ਤੇ ਫੁੱਲ ਮੈਰਾਥਨ ਦੌੜਾਂ ਵਿੱਚ ਲਗਾਤਾਰ ਹਿੱਸਾ ਲੈਣ ਦਾ ਇੱਛੁਕ ਹੈ। ਉਹ ਅਮਰੀਕਾ ਦੇ ਸ਼ਹਿਰ ਬੋਸਟਨ ਵਿਚ ਹੋਣ ਵਾਲੀ ਅਗਲੀ ਅੰਤਰਰਾਸ਼ਟਰੀ 'ਬੋਸਟਨ ਮੈਰਾਥਨ' ਵਿਚ ਭਾਗ ਲੈਣਾ ਚਾਹੁੰਦਾ ਹੈ ਅਤੇ ਅੱਗੋਂ ਦੁਨੀਆਂ ਦੇ ਹੋਰ ਸ਼ਹਿਰਾਂ ਲੰਡਨ, ਬਰਲਿਨ, ਟੋਕੀਓ, ਸ਼ਿਕਾਗੋ ਅਤੇ ਨਿਊਯਾਰਕ ਵਿਚ ਹੋਣ ਵਾਲੀਆਂ ਅੰਤਰਰਾਸ਼ਟਰੀ ਮੈਰਾਥਨਾਂ ਵਿਚ ਸਫ਼ਲਤਾ ਪੂਰਵਕ ਹਿੱਸਾ ਲੈ ਕੇ "ਸਿਕਸ ਸਟਾਰ ਐਬਟ ਮੈਰਾਥਨ ਰੱਨਰ" ਬਣਨਾ ਚਾਹੁੰਦਾ ਹੈ। ਇਸ ਦੇ ਲਈ ਉਸ ਨੂੰ ਪਰਿਵਾਰ ਵੱਲੋਂ 'ਫੁੱਲ ਸੁਪੋਰਟ' ਤੇ ਹੱਲਾਸ਼ੇਰੀ ਮਿਲ ਰਹੀ ਹੈ। ਇਸ ਨਿਸ਼ਾਨੇ ਵੱਲ ਅੱਗੇ ਵੱਧਣ ਲਈ ਉਸ ਦੇ ਮਾਤਾ-ਪਿਤਾ, ਪਤਨੀ ਅੰਮ੍ਰਿਤ ਧਾਲੀਵਾਲ, ਬੇਟੀ ਕੁਦਰਤ ਧਾਲੀਵਾਲ, ਬੇਟਾ ਗੁਰਸ਼ਾਨ ਧਾਲੀਵਾਲ ਅਤੇ ਦੋਸਤ-ਮਿੱਤਰ ਲਗਾਤਾਰ ਉਸ ਦੀ ਹੌਸਲਾ-ਅਫ਼ਜ਼ਾਈ ਕਰਦੇ ਰਹਿੰਦੇ ਹਨ। ਬੇਟੀ ਕੁਦਰਤ ਧਾਲੀਵਾਲ ਇਸ ਸਮੇਂ ਇੰਗਲੈਂਡ ਵਿਚ ਐੱਲ.ਐੱਲ.ਬੀ. ਕਰ ਰਹੀ ਹੈ ਅਤੇ ਬੇਟਾ ਗੁਰਸ਼ਾਨ ਧਾਲੀਵਾਲ ਹਾਈ ਸਕੂਲ ਦੇ ਗਿਆਰਵੇਂ ਗਰੇਡ ਦਾ ਵਿਦਿਆਰਥੀ ਹੈ। ਉਨ੍ਹਾਂ ਦੋਹਾਂ ਨੂੰ ਵੀ ਦੌੜਨ ਦਾ ਸ਼ੌਕ ਹੈ ਅਤੇ ਉਹ ਆਪਣੇ ਬਾਪ ਦੇ ਕਦਮ-ਚਿੰਨ੍ਹਾਂ 'ਤੇ ਚੱਲ ਰਹੇ ਹਨ। ਦੋਵੇਂ ਆਪਣੀ ਪੜ੍ਹਾਈ ਵਿਚ ਮਸਰੂਫ਼ ਹਨ ਪਰ ਨਾਲ ਹੀ ਦੌੜਾਂ ਤੇ ਹੋਰ ਖੇਡਾਂ ਦੇ ਮੁਕਾਬਲਿਆਂ ਵਿਚ ਵੀ ਹਿੱਸਾ ਲੈਂਦੇ ਹਨ। ਉਹ ਹਫ਼ਤੇ ਵਿੱਚ 4-5 ਦਿਨ ਜਿੰਮ ਜਾਂਦੇ ਹਨ ਅਤੇ ਆਪਣੀ ਸਿਹਤ ਦਾ ਪੂਰਾ ਖ਼ਿਆਲ ਰੱਖ ਰਹੇ ਹਨ। ਦੋਵੇਂ ਵਧੀਆ ਤੈਰਾਕ ਹਨ ਅਤੇ ਭੰਗੜੇ ਦੇ ਵੀ ਮਾਹਿਰ ਹਨ। ਬੇਟਾ ਗੁਰਸ਼ਾਨ ਧਾਲੀਵਾਲ ਆਪਣੇ ਬਾਪ ਵਾਲੇ ਬਾਸਕਟਬਾਲ ਖੇਡਣ ਦੇ ਸ਼ੌਕ ਨੂੰ ਵੀ ਬਾਖ਼ੂਬੀ ਪਾਲ ਰਿਹਾ ਹੈ। ਟੀਪੀਏਆਰ ਕਲੱਬ ਦੇ ਸਮੂਹ ਮੈਂਬਰਾਂ ਵੱਲੋਂ ਜੱਸੀ ਧਾਲੀਵਾਲ ਨੂੰ ਭਰਪੂਰ ਥਾਪੜਾ ਅਤੇ ਉਤਸ਼ਾਹ ਬਰਾਬਰ ਮਿਲ ਰਿਹਾ ਹੈ। ਕਲੱਬ ਨੂੰ ਆਪਣੇ ਇਸ ਨੌਜੁਆਨ ਮੈਂਬਰ ਉੱਪਰ ਬੜੀਆਂ ਆਸਾਂ ਤੇ ਉਮੀਦਾਂ ਹਨ। ਉਹ ਜੱਸੀ ਧਾਲੀਵਾਲ ਦੀ ਹੁਣ ਤੱਕ ਦੀ ਕਾਰਗੁਜ਼ਾਰੀ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹਨ ਅਤੇ ਉਨ੍ਹਾਂ ਨੂੰ ਪੂਰਨ ਭਰੋਸਾ ਹੈ ਕਿ ਉਹ ਕਲੱਬ ਦੇ ਸੀਨੀਅਰ ਮੈਂਬਰ ਧਿਆਨ ਸਿੰਘ ਸੋਹਲ ਵਾਂਗ ਅਗਲੇ ਸਾਲ ਹੋਣ ਵਾਲੀ 'ਬੋਸਟਨ ਇੰਟਰਨੈਸ਼ਨਲ ਮੈਰਾਥਨ' ਵਿਚ ਭਾਗ ਲਏਗਾ ਅਤੇ ਆਪਣੀ ਕਲੱਬ ਦਾ ਤੇ ਪੰਜਾਬੀ ਕਮਿਊਨਿਟੀ ਦਾ ਨਾਂ ਰੌਸ਼ਨ ਕਰੇਗਾ।

### ਸੀ.ਐੱਨ. ਟਾਵਰ ਦੀਆਂ ਪੌੜੀਆਂ ਚੜ੍ਹਨ ਦਾ ਸ਼ੌਕ

ਟੀਪੀਏਆਰ ਕਲੱਬ ਦੇ ਮੈਂਬਰ ਪਿਛਲੇ ਕਈ ਸਾਲਾਂ ਤੋਂ ਟੋਰਾਂਟੋ ਦੇ ਸੀ.ਐੱਨ. ਟਾਵਰ ਦੀਆਂ 1776 ਪੌੜੀਆਂ ਚੜ੍ਹਨ ਦੇ ਮੁਕਾਬਲੇ ਵਿੱਚ ਲਗਾਤਾਰ ਹਿੱਸਾ ਲੈਂਦੇ ਆ ਰਹੇ ਹਨ ਅਤੇ ਜੱਸੀ ਧਾਲੀਵਾਲ ਵੀ ਆਪਣੇ ਸਾਥੀ ਮੈਂਬਰਾਂ ਨਾਲ ਇਹ ਪੌੜੀਆਂ ਚੜ੍ਹ ਰਿਹਾ ਹੈ। ਉਸ ਨੇ 2023 ਅਤੇ 2024 ਵਿਚ ਹੋਏ ਦੋ ਈਵੈਂਟਸ ਵਿਚ ਭਾਗ ਲਿਆ ਹੈ ਅਤੇ ਇਹ ਪੌੜੀਆਂ ਸਫ਼ਲਤਾ ਪੂਰਵਕ ਚੜ੍ਹੀਆਂ ਹਨ। ਉਸਦੇ ਹੋਰ ਸ਼ੌਕਾਂ ਬਾਰੇ ਜਦੋਂ ਉਸਦੇ ਕੋਲੋਂ ਪੁੱਛਿਆ ਗਿਆ ਤਾਂ ਉਸ ਦਾ ਜੁਆਬ ਸੀ ਕਿ ਉਸ ਨੂੰ ਸਰੀਰਕ ਤੇ ਮਾਨਸਿਕ ਸਿਹਤ ਦੀ ਜਾਗਰੂਕਤਾ ਬਾਰੇ ਪੁਸਤਕਾਂ ਪੜ੍ਹਨ ਦਾ ਸ਼ੌਕ ਹੈ। ਗਰਮੀਆਂ ਦੇ ਮਹੀਨਿਆਂ ਦੌਰਾਨ ਉਸਨੂੰ ਘਰੇਲੂ ਬਗੀਚੀ ਵਿਚ ਸਬਜ਼ੀਆਂ ਤੇ ਫੁੱਲ ਵਗ਼ੈਰਾ ਉਗਾਉਣ ਦਾ ਵੀ ਸ਼ੌਕ ਹੈ। ਇਸ ਨਾਲ ਉਸ ਨੂੰ ਮਾਨਸਿਕ ਤਸੱਲੀ ਮਿਲਦੀ ਹੈ ਅਤੇ ਸਰੀਰ ਤੇ ਮਨ ਦੋਵੇਂ ਰੁੱਝੇ ਰਹਿੰਦੇ ਹਨ। ਅਲਬੱਤਾ,
ਟੀ.ਵੀ. ਵੇਖਣ ਦੀ ਉਸ ਨੂੰ ਬਹੁਤੀ ਚਾਹਤ ਨਹੀਂ ਹੈ। ਜੱਸੀ ਧਾਲੀਵਾਲ ਧੁਨ ਦਾ ਪੱਕਾ ਹੈ ਅਤੇ ਉਹ ਆਪਣੇ ਨਿਸ਼ਾਨੇ ਵੱਲ ਬਾਖ਼ੂਬੀ ਵੱਧ ਰਿਹਾ ਹੈ। ਟਰੱਕ ਡਰਾਈਵਰੀ ਦੇ ਆਪਣੇ ਪੇਸ਼ੇ ਦੇ ਨਾਲ ਨਾਲ ਉਹ ਦੌੜਾਂ ਦੇ ਆਪਣੇ ਪ੍ਰੋਗਰਾਮਾਂ ਵਿਚ ਵੀ ਨਿਰੰਤਰ ਹਿੱਸਾ ਲੈ ਰਿਹਾ ਹੈ। ਉਹ 'ਯੋਗਾ' ਕਰ ਰਿਹਾ ਹੈ ਅਤੇ ਕਰਵਾ ਵੀ ਰਿਹਾ ਹੈ। 'ਆਰਟ ਆਫ਼ ਲਿਵਿੰਗ' ਨੂੰ ਵੀ ਆਪਣੇ ਜੀਵਨ ਵਿਚ ਅਪਨਾਅ ਰਿਹਾ ਹੈ। ਇਸ ਤਰ੍ਹਾਂ ਉਹ ਜੀਵਨ ਵਿੱਚ ਆਪਣੇ ਮਿਥੇ ਹੋਏ ਸਾਰੇ ਕੰਮ ਬਾਖ਼ੂਬੀ ਨਿਭਾ ਰਿਹਾ ਹੈ।

ਪ੍ਰਮਾਤਮਾ ਕਰੇ, ਸਫ਼ਲਤਾ ਉਸ ਦੇ ਪੈਰ ਚੁੰਮੇਂ ਅਤੇ ਉਹ ਆਪਣੇ ਮਿਸ਼ਨ ਵਿਚ ਕਾਮਯਾਬ ਹੋਵੇ।
ਆਮੀਨ।

ਡਾ. ਸੁਖਦੇਵ ਸਿੰਘ ਝੰਡ
ਫ਼ੋਨ : 647-567-9128



ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS
ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇੱਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿੱਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿੱਚ ਹੁੰਦਾ ਹੈ, ਐਂਟੀ ਇਨਫਲਮੇਟੋਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇੰਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਰ ਲਈ ਵਧੀਆ ਕੁਆਲਿਟੀ ਦਾ ਅਜਵਾ ਪਾਊਡਰ ਕੈਨੇਡਾ ਵਿੱਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿੱਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿੱਚ ਮਿਲਦੇ ਹਨ।
ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market, 20 Red Maple Dr., Brampton
Indian Food Land, 45 Dusk Drive, Brampton
NUTRA SELECT
100% NATURAL PRODUCT
PRODUCT OF CANADA
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜ਼ਮਾਓ।
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
Disability Income Insurance
No Income Proof for up to $2000/month benefit (injury or sickness)
$10,000-$20,000 of Accidental death included NEW!!
Up tp $18,000 of rehabilitation benefit included
$100/day cash of hospitalization for upto one full year
You can also qualify for up to $2000/month on top from any other providers
Get all or partial of your paid premium refunded on death and at maturity even if you make a claim
Life Insurance
Disability Insurance
Visitor Insurance
Save Tax R.R.S.P.
Mortgage Insurance
Income Tax Planning
Drug & Dental Plan
R.E.S.P.
Guaranteed issued Critical Illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind
RAJPAL BRAR
Your Insurance Specialist
Call for Consultation
416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ
Salvage Inspection Station
Government Approved Licensed Body Shop
We Welcome ALL INSURANCE CLAIMS
Jessie Srai
Specializes In Collision Custom Paint
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim
Tel: (416) 746-6699
Fax: (416) 746-6667
2662 Drew Road, Mississauga

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ
ਵੀਜ਼ਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਈਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਨਣ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED & SHOP WITH CONFIDENCE
MORTGAGE ALLIANCE
THE RIGHT BROKER™
THE RIGHT MORTGAGE®
Save Money ... with one application you get access to many lenders, from major banks to private lenders, so we can find you the mortgage with the best rate and terms that fit your needs.
Get Pre-Approved ...find out how much you qualify for and get pre-approved so you can choose your dream home with peace of mind.
Expert Advice ...with many years of experience in the financial industry, you'll get the Right counsel.
No Cost ...all my services are at no cost to you. OAC. Some restrictions apply.
PURCHASES
REFINANCES
RENEWALS
DEBT CONSOLIDATION
SELF-EMPLOYED
NEW TO CANADA
HOME RENOVATIONS
PRIVATE MORTGAGE
INVESTMENTS
CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat
NOW HIRING
Start your career as a Mortgage Professional.
20 Maritime Blvd, Unit #11, Brampton, ON L6S0C2

# ਸੰਵਾਦ ਕਲਾ ਦੇ ਮਾਹਰ- ਬਾਬਾ ਨਾਨਕ !

–ਜਸਵਿੰਦਰ ਸਿੰਘ ਰੁਪਾਲ

ਮਨੁੱਖਤਾ ਦੇ ਰਹਿਬਰ ਗੁਰੂ ਨਾਨਕ ਦੇਵ ਜੀ ਨੇ ਜਿੰਨਾ ਸਮਾਂ ਉਹ ਇਸ ਦੁਨੀਆਂ ਵਿੱਚ ਵਿਚਰੇ, ਵੱਖ ਵੱਖ ਵਰਗਾਂ ਦੇ ਲੋਕਾਂ ਨਾਲ ਮੁਲਾਕਾਤਾਂ ਕੀਤੀਆਂ। ਉਹ ਆਪਣੀਆਂ ਉਦਾਸੀਆਂ ਕਰ ਕੇ ਜਾਣੀਆਂ ਜਾਂਦੀਆਂ ਯਾਤਰਾਵਾਂ ਦੌਰਾਨ ਬਹੁਤ ਸਾਰੇ ਲੋਕਾਂ ਨੂੰ ਮਿਲੇ। ਉਹਨਾਂ ਨੂੰ ਸੁਣਿਆ ਅਤੇ ਆਪਣੀ ਗੱਲ ਉਹਨਾਂ ਨੂੰ ਸੁਣਾਈ ਵੀ ।ਉਹਨਾਂ ਨੇ ਸਿੱਧਾਂ, ਪੰਡਿਤਾਂ, ਕਾਜੀਆਂ, ਪੀਰਾਂ,ਜੋਗੀਆਂ, ਮੌਲਾਣਿਆਂ, ਰਾਜਿਆਂ, ਮਹਾਰਾਜਿਆਂ, ਵਪਾਰੀਆਂ, ਸ਼ਾਹੂਕਾਰਾਂ, ਕਿਸਾਨਾਂ, ਮਜ਼ਦੂਰਾਂ, ਅਤੇ ਸਾਧਾਰਨ ਲੋਕਾਂ ਨਾਲ ਸੰਵਾਦ ਰਚਾਇਆ। ਉਹਨਾਂ ਮਿਲਣ ਵਾਲੇ ਵਿਅਕਤੀਆਂ ਦੀਆਂ ਗੱਲਾਂ ਸੁਣੀਆਂ , ਉਹਨਾਂ ਨੂੰ ਆਪਣੇ ਗਿਆਨ ਅਤੇ ਤਜਰਬੇ ਤੇ ਪਰਖਿਆ ਅਤੇ ਫਿਰ ਦਲੀਲਪੂਰਨ ਢੰਗ ਨਾਲ ,ਨਿਮਰਤਾ ਅਤੇ ਮਿਠਾਸ ਨਾਲ ਉਹਨਾਂ ਦੀ ਗਲਤ ਗੱਲ ਨੂੰ ਕੱਟ ਕੇ ਆਪਣੇ ਸਿਧਾਂਤ ਦੀ ਗੱਲ ਸਮਝਾਈ। ਇਸ ਸਾਰੇ ਵਾਰਤਾਲਾਪ ਨੂੰ ਉਹਨਾਂ ਨੇ ਬਹੁਤ ਹੀ ਸਹਿਜ ਨਾਲ ,ਵਿਵੇਕ ਨਾਲ, ਸੂਝ ਨਾਲ ਨੇਪਰੇ ਚਾੜ੍ਹਿਆ। ਉਹਨਾਂ ਦਾ ਵਾਰਤਾਲਾਪੀ ਢੰਗ ਏਨਾ ਨਿਆਰਾ, ਪਿਆਰਾ ਅਤੇ ਦਿਲਚਸਪੀ ਭਰਪੂਰ ਸੀ ਕਿ ਆਪ ਜੀ ਦੀ ਸੋਚ ਨਾਲੋਂ ਬਿਲਕੁਲ ਵੱਖਰੀ ਸੋਚ ਰੱਖਣ ਵਾਲੇ ਵੀ ਉਹਨਾਂ ਦੀਆਂ ਦਲੀਲਾਂ ਦੇ ਕਾਇਲ ਹੁੰਦੇ ਗਏ। ਉਹਨਾਂ ਕੋਲ ਗੁਰੂ ਨਾਨਕ ਜੀ ਵਲੋਂ ਪੁੱਛੇ ਸਵਾਲਾਂ ਦੇ ਜਵਾਬ ਨਹੀਂ ਸਨ, ਬਹੁਤੀ ਵਾਰੀ ਉਹ ਨਿਰੁੱਤਰ ਹੋ ਗਏ ਅਤੇ ਦਿਲੋਂ ਧੁਰ ਅੰਦਰੋਂ ਗੁਰੂ ਨਾਨਕ ਬਾਤ ਵਿੱਚ ਉਹਨਾਂ ਨੂੰ ਵਜ਼ਨ ਲੱਗਿਆ । ਇਸੇ ਲਈ ਬਹੁਗਿਣਤੀ ਗੁਰੂ ਨਾਨਕ ਦੀ ਮੁਰੀਦ ਬਣਦੀ ਗਈ। ਅੱਜ ਜਦੋਂ ਅਸੀਂ ਸੰਵਾਦ ਦੀ ਥਾਂ ਵਿਵਾਦ ਵੱਲ ਵੱਧ ਰਹੇ ਹਾਂ, ਅਜਿਹੇ ਸਮੇਂ ਬਹੁਤ ਜਰੂਰੀ ਹੋ ਜਾਂਦਾ ਏ, ਗੁਰੂ ਨਾਨਕ ਜੀ ਦੀ ਸੰਵਾਦ ਕਲਾ ਬਾਰੇ ਜਾਨਣਾ ਅਤੇ ਉਸ ਤੋਂ ਕੁਝ ਸਿੱਖਣਾ। ਇਸ ਖੂਬਸੂਰਤ ਕਲਾ ਸਦਕਾ ਹੀ ਉਹ ਹਰੇਕ ਮੁਲਾਕਾਤੀ ਨੂੰ ਕੋਈ ਵੀ ਸਾਧਨ ਸਹੂਲਤ ਦੀ ਹੋਂਦ ਤੋਂ ਬਿਨਾਂ ਹੀ ਆਪਣੀ ਬਾਣੀ ਰਾਹੀਂ,ਆਪਣੇ ਸ਼ਬਦਾਂ ਰਾਹੀਂ ,ਆਪਣੇ ਬ੍ਰਹਿਮੰਡੀ ਪ੍ਰੇਮ ਦੇ ਸਮਦ੍ਰਿਸ਼ਟੀ ਵਾਲੇ ਸਿਧਾਂਤ ਵੱਲ ਖਿੱਚ ਲੈਂਦੇ ਸਨ, ਸਾਡੇ ਕੋਲ ਅੱਜ ਸੈਂਕੜੇ ਸਾਧਨ ਅਤੇ ਸਹੂਲਤਾਂ ਹਨ, ਪਰ ਅਸੀਂ ਕਿਸੇ ਹੋਰ ਨੂੰ ਤਾਂ ਨਾਨਕ- ਮਾਰਗ ਵੱਲ ਕੀ ਲਿਆਉਣਾ ਸੀ, ਖੁਦ ਵੀ ਇਸ ਗਾਡੀ ਰਾਹ ਨੂੰ ਵਿਸਰਦੇ ਜਾ ਰਹੇ ਹਾਂ ।

**ਸੰਵਾਦ :-** ਦੋ ਜਾਂ ਦੋ ਤੋਂ ਵੱਧ ਵਿਅਕਤੀਆਂ ਵਿੱਚ ਮੌਖਿਕ ਜਾਂ ਲਿਖਤੀ ਰੂਪ ਵਿਚ ਆਦਾਨ ਪ੍ਰਦਾਨ ਨੂੰ ਸੰਵਾਦ ਕਿਹਾ ਜਾਂਦਾ ਹੈ। ਇਸ ਨੂੰ ਵਿਚਾਰ ਵਟਾਂਦਰਾ, ਗੋਸ਼ਟੀ ਜਾਂ ਬਹਿਸ ਵੀ ਕਹਿ ਦਿੱਤਾ ਜਾਂਦਾ ਹੈ। ਭਾਈ ਕਾਹਨ ਸਿੰਘ ਨਾਭਾ ਜੀਂ ਮਹਾਨ ਕੋਸ਼ ਵਿੱਚ ਸੰਵਾਦ ਦੇ ਅਰਥ ਚਰਚਾ ਜਾਂ ਪ੍ਰਸ਼ਨ ਉੱਤਰ ਕਰਦੇ ਹਨ। ਸਪਸ਼ਟ ਹੋਇਆ ਕਿ ਸੰਵਾਦ ਦੋ ਜਾਂ ਵੱਧ ਵਿਅਕਤੀਆਂ ਵਿੱਚ ਕਿਸੇ ਖਾਸ ਵਿਸ਼ੇ ਉੱਤੇ ਖਾਸ ਉਦੇਸ਼ ਸਾਹਮਣੇ ਰੱਖ ਕੇ ਕੀਤੀ ਹੋਈ ਗੱਲਬਾਤ ਹੈ।

**ਬਾਬਾ ਨਾਨਕ ਦੇ ਸੰਵਾਦ ਦੀਆਂ ਵਿਸ਼ੇਸ਼ਤਾਈਆਂ :-** ਬਾਬਾ ਨਾਨਕ ਜੀ ਦੀ ਸੰਵਾਦ ਕਲਾ ਦੇ ਉੱਤਮ ਹੋਣ ਦਾ ਜਾਹਰਾ ਪ੍ਰਮਾਣ ਇਹੋ ਹੈ ਕਿ ਜਿਸ ਜਿਸ ਨਾਲ ਵੀ ਉਹਨਾਂ ਸੰਵਾਦ ਰਚਾਇਆ, ਉਸ ਨੂੰ ਗੁਰਮਤਿ ਦੇ ਦਾਇਰੇ ਵਿੱਚ ਲਿਆਉਂਦੇ ਗਏ। ਇਸ ਸੰਵਾਦ ਵਿੱਚ ਅਜਿਹਾ ਕੀ ਸੀ ਕਿ ਮੁਲਾਕਾਤੀ ਅਪਰਾਧੀ, ਚੋਰ, ਲੁਟੇਰੇ, ਰਾਖਸ਼ ਬਿਰਤੀ ਵਾਲੇ ਵੀ ਆਪਣੀਆਂ ਪਹਿਲੀਆਂ ਸੜ੍ਹਿਆਂ ਗਲਤ ਆਦਤਾਂ ਛੱਡਦੇ ਗਏ ਅਤੇ ਬਾਬੇ ਦੁਆਰਾ ਦੱਸਿਆ ਨਿਰਭਉ, ਨਿਰਵੈਰ, ਸਾਦਾ ਅਤੇ ਪਰਉਪਕਾਰੀ ਜੀਵਨ ਜਿਊਣ ਲੱਗ ਪਏ। ਉਸ ਸੰਵਾਦ ਕਲਾ ਦੀਆਂ ਵਿਸ਼ੇਸ਼ਤਾਈਆਂ ਤੇ ਵਿਚਾਰ ਕਰਨ ਦੀ ਕੋਸ਼ਿਸ਼ ਕਰਦੇ ਹਾਂ।

**1.ਭਾਸ਼ਾ ਦੀ ਸਪੱਸ਼ਟਤਾ ਸਰਲਤਾ ਅਤੇ ਸਾਦਗੀ :-** ਬਾਬੇ ਨਾਨਕ ਨੇ ਉਹ ਜਿਸ ਇਲਾਕੇ ਵਿੱਚ ਵੀ ਗਏ, ਉਸ ਇਲਾਕੇ ਦੀ ਸਥਾਨਕ ਭਾਸ਼ਾ ਦੀ ਵਰਤੋਂ ਕੀਤੀ। ਜਿਸ ਵਰਗ ਨਾਲ ਉਹ ਗੱਲ ਬਾਤ ਕਰਦੇ ਸੀ, ਉਸ ਦੀ ਸ਼ਬਦਾਵਲੀ ਵਧੇਰੇ ਵਰਤੀ। ਜੋਗੀਆਂ ਨਾਲ ਗੱਲ ਕਰਦੇ ਜੋਗ ਮੱਤ ਦੀ ਭਾਸ਼ਾ ਵਿੱਚ, ਕਾਜੀਆਂ ਨਾਲ ਗੱਲ ਕਰਦੇ ਉਹਨਾਂ ਦੇ ਪ੍ਰਤੀਕ, ਸ਼ਬਦ ਅਤੇ ਵਾਕ। ਇਸੇ ਤਰ੍ਹਾਂ ਬਾਕੀ ਵਰਗਾਂ ਨਾਲ ਵੀ। ਇਸ ਭਾਸ਼ਾ ਦੀ ਖਾਸ ਖੂਬੀ ਇਹ ਵੀ ਰਹੀ ਕਿ ਇਹ ਬਿਲਕੁਲ ਸਪੱਸ਼ਟ, ਸਰਲ ਅਤੇ ਸਮਝ ਆਉਣ ਵਾਲੀ ਸੀ। ਵਿਦਵਾਨਾਂ ਦੀ ਗੁੰਝਲਦਾਰ ਸ਼ਬਦਾਵਲੀ ਦੀ ਜਗ੍ਹਾ ਬਾਬੇ ਨੇ ਆਮ ਲੋਕਾਂ ਦੀ ਜਾਣ ਪਹਿਚਾਣ ਵਾਲੇ ਸ਼ਬਦ ਅਤੇ ਵਾਕ ਵਰਤੇ। ਉਸ ਨਾਲ ਹਰ ਸਰੋਤੇ ਨੂੰ ਉਹ ਉਸ ਦੀ ਆਪਣੀ ਹੀ ਗੱਲ ਲੱਗਦੀ ਸੀ। ਸਮਝ ਆਉਣ ਨਾਲ ਅਤੇ ਸਪਸ਼ਟਤਾ ਨਾਲ ਹੀ ਵਾਰਤਾਲਾਪ ਅੱਗੇ ਵੱਧ ਸਕਦੀ ਹੈ।

**2.ਸਹਿਜ ਅਤੇ ਠਰੰਮੇ ਨਾਲ ਸੁਣਨ, ਵੇਖਣ ਅਤੇ ਪ੍ਰੇਖਣ ਦੀ ਸਮਰੱਥਾ :-** ਬਾਬੇ ਨਾਨਕ ਵਿੱਚ ਓੜਕ ਦਾ ਸਹਿਜ ਸੀ। ਉਹ ਗਲਤ ਘਟਨਾਵਾਂ ਦੇਖ ਕੇ ,ਗਲਤ ਕਾਰਨਾਮੇ ਦੇਖ ਕੇ ਇੱਕਦਮ ਉਤੇਜਿਤ ਨਹੀਂ ਹੁੰਦੇ। ਵਾਰਤਾਲਾਪ ਸਮੇਂ ਉਹ ਪਹਿਲਾਂ ਦੂਸਰੇ ਨੂੰ ਬੋਲਣ ਦਾ ਮੌਕਾ ਦਿੰਦੇ। ਉਹ ਬੋਲਦੇ ਘੱਟ, ਅਤੇ ਸੁਣਦੇ ਵਧੇਰੇ ਸਨ। ਅਜੋਕਾ ਮਨੋਵਿਗਿਆਨ, ਕੌਂਸਲਿੰਗ ਵਿੱਚ ਸੁਣਨ ਦੀ ਮਹੱਤਤਾ ਨੂੰ ਪਹਿਚਾਣ ਚੁੱਕਿਆ ਹੈ। ਕਿਸੇ ਵੀ ਦੂਸਰੇ ਨਾਲ ਦਿਲ ਦੀ ਸਾਂਝ ਤਦ ਹੀ ਬਣਦੀ ਹੈ, ਜੇ ਉਸਨੂੰ ਸੁਣਿਆ ਜਾਵੇ। ਉਸ ਸੁਣੇ ਹੋਏ ਨੂੰ ਆਪਣੇ ਅੰਦਰ ਹੀ ਵਿਚਾਰਨਾ, ਪੁਣਨਾ ਛਾਣਨਾ ਅਤੇ ਪਿੱਛੋਂ ਸਹਿਜ ਨਾਲ ਆਪਣੀ ਗੱਲ ਕਹਿਣੀ ਇਹ ਕਿਸੇ ਵੀ ਬੁਲਾਰੇ ਦੇ ਮੁੱਖ ਗੁਣ ਹਨ।

**3.ਪ੍ਰਸ਼ਨਾਂ ਨੂੰ ਉਤਸ਼ਾਹਿਤ ਕਰਨਾ :-** ਬਾਬੇ ਨਾਨਕ ਨੇ ਹੋਰਾਂ ਨੂੰ ਪ੍ਰਸ਼ਨ ਕਰਨ ਲਈ ਉਤਸ਼ਾਹਿਤ ਕੀਤਾ। ਉਹਨਾਂ ਦੇ ਪ੍ਰਸ਼ਨ ਪੁੱਛਣ ਤੋਂ ਖੁਸ਼ ਹੋਏ। ਬਾਬੇ ਨੇ ਆਪ ਵੀ ਪ੍ਰਸ਼ਨ ਪੁੱਛਣ ਦੀ ਵਿਧੀ ਹੀ ਵਰਤੀ। ਪ੍ਰਸ਼ਨ ਪੁੱਛਣ ਨਾਲ ਕੋਈ ਵੀ ਵਿਅਕਤੀ ਦਾ ਸਾਰਾ ਧਿਆਨ ਪੁੱਛੇ ਹੋਏ ਵਿਸ਼ੇ ਤੇ ਕੇਂਦਰਿਤ ਹੁੰਦਾ ਹੈ। ਉਸ ਦੀ ਇਕਾਗਰਤਾ ਵਧਦੀ ਹੈ। ਜਗਿਆਸਾ ਜਾਗਦੀ ਹੈ। ਤਰਕ ਸ਼ਕਤੀ ਅਤੇ ਵਿਵੇਕ ਬੁੱਧੀ ਨੂੰ ਹੁਲਾਰਾ ਮਿਲਦਾ ਹੈ। ਇੱਕ ਪ੍ਰਸ਼ਨ ਦਾ ਉੱਤਰ ਮਿਲਣ ਤੇ ਉਸ ਅੰਦਰ ਹੋਰ ਪ੍ਰਸ਼ਨ ਜਨਮ ਲੈਂਦਾ ਹੈ ਅਤੇ ਇਸ ਤਰਾਂ ਉਹ ਸਾਰਥਕ ਸੰਵਾਦ ਰਚਾਉਣ ਵੱਲ ਰੁਚਿਤ ਹੁੰਦਾ ਹੈ। ਸਿੱਧਾਂ ਨਾਲ ਹੋਈ ਵਾਰਤਾਲਾਪ ਜਿਹੜੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਰਾਮਕਲੀ ਰਾਗ ਵਿੱਚ ਦਰਜ ਹੈ, ਸਿੱਧ ਪ੍ਰਸ਼ਨ ਪੁੱਛਦੇ ਹਨ। ਬਾਬਾ ਜਵਾਬ ਦਿੰਦਾ ਹੈ। ਸਿੱਧ ਫੇਰ ਅਗਲਾ ਪ੍ਰਸ਼ਨ ਪੁੱਛਦੇ ਹਨ, ਬਾਬਾ ਫੇਰ ਜਵਾਬ ਦਿੰਦਾ ਹੈ। ਇਸ ਤਰਾਂ ਵਿਚਾਰ ਅਧੀਨ ਵਿਸ਼ੇ ਦੇ ਸਾਰੇ ਪਹਿਲੂਆਂ ਤੇ ਵਿਚਾਰ ਹੁੰਦੀ ਹੈ।



ਉਦਾਹਰਣ ਵਜੋਂ ਸਿੱਧ ਸਤਿਕਾਰ ਨਾਲ ਪੁੱਛਦੇ ਹਨ:-
ਕਿਸੁ ਕਾਰਣਿ ਗ੍ਰਿਹੁ ਤਜਿਓ ਉਦਾਸੀ ॥
ਕਿਸੁ ਕਾਰਣਿ ਇਹੁ ਭੇਖੁ ਨਿਵਾਸੀ ॥
ਕਿਸੁ ਵਖਰ ਕੇ ਤੁਮ ਵਣਜਾਰੇ ॥
ਕਿਉ ਕਰਿ ਸਾਥੁ ਲੰਘਾਵਹੁ ਪਾਰੇ ॥.....( ਪੰਨਾ 943, ਰਾਮਕਲੀ ਮਹਲਾ 1 ਸਿਧ ਗੋਸਟਿ )

ਬਾਬਾ ਜੀ ਉਸੇ ਅੰਦਾਜ ਵਿੱਚ ਉੱਤਰ ਦਿੰਦੇ ਹਨ-
ਗੁਰਮੁਖਿ ਖੋਜਤ ਭਏ ਉਦਾਸੀ ॥
ਦਰਸਨ ਕੈ ਤਾਈ ਭੇਖ ਨਿਵਾਸੀ ॥
ਸਾਚ ਵਖਰ ਕੇ ਹਮ ਵਣਜਾਰੇ ॥
ਨਾਨਕ ਗੁਰਮੁਖਿ ਉਤਰਸਿ ਪਾਰੇ ॥......(ਪੰਨਾ 943, ਰਾਮਕਲੀ ਮਹਲਾ 1 ਸਿਧ ਗੋਸਟਿ )

ਇਸ ਤਰ੍ਹਾਂ ਪ੍ਰਸ਼ਨ ਉੱਤਰ ਵਿੱਚ ਇਹ ਸੰਵਾਦ ਅੱਗੇ ਤੁਰਦਾ ਜਾਂਦਾ ਹੈ। ਸਿਧਾਂ ਦੇ ਸ਼ੰਕੇ ਬਾਬਾ ਦੂਰ ਕਰਦਾ ਜਾਂਦਾ ਹੈ ਅਤੇ ਗੁਰਮਤਿ ਗਾਡੀ ਰਾਹ ਦੱਸਦਾ ਜਾਂਦਾ ਹੈ। ਅੰਤ ਤੱਕ ਪ੍ਰਸ਼ਨ ਕਰਤਾ ਦੀ ਦਿਲਚਸਪੀ ਬਣੀ ਰਹਿੰਦੀ ਹੈ।

**4.ਦਿਲਚਸਪੀ ਜਗਾਉਣ ਦਾ ਹੁਨਰ :-** ਬਾਬਾ ਨਾਨਕ ਜੀ ਵਿੱਚ ਦੂਸਰੇ ਦੀ ਦਿਲਚਸਪੀ ਨੂੰ ਜਗਾਉਣ ਦੀ ਕਲਾ ਸੀ। ਉਹ ਕੋਈ ਅਜਿਹੀ ਗੱਲ ਕਰਦੇ ਜਾਂ ਕੋਈ ਅਜਿਹੀ ਕਾਰਵਾਈ ਕਰਦੇ, ਕਿ ਸਾਹਮਣੇ ਵਾਲਾ ਇਨਸਾਨ ਮੱਲੋਮੱਲੀ ਉਹਨਾਂ ਨਾਲ ਸੰਵਾਦ ਕਰਨ ਲਈ ਤਿਆਰ ਹੋ ਜਾਂਦਾ। ਬਾਬੇ ਦੇ ਜੀਵਨ ਵਿਚੋਂ ਸੈਂਕੜੇ ਅਜਿਹੀਆਂ ਉਦਾਹਰਣਾਂ ਮਿਲ ਜਾਂਦੀਆਂ ਹਨ ਜਿੱਥੇ ਉਹਨਾਂ ਦੀ ਹਲਕੀ ਜਿਹੀ ਕਿਰਿਆ ਨੇ ਸੰਵਾਦ ਸ਼ੁਰੂ ਕਰਵਾ ਦਿੱਤਾ ਹੋਵੇ। ਅਸੀਂ ਇੱਥੇ ਸਿਰਫ ਇੱਕ ਦੋ ਉਦਾਹਰਣਾਂ ਹੀ ਲਵਾਂਗੇ। ਹਰਿਦੁਆਰ ਵਿੱਚ ਬਾਬੇ ਨੇ ਜਦੋਂ ਆਮ ਲੋਕਾਂ ਵੱਲ ਪਿੱਠ ਕਰਕੇ ਪਾਣੀ ਸੁੱਟਣਾ ਸ਼ੁਰੂ ਕੀਤਾ, ਤਾਂ ਕਿਉ ਦਾ ਸਵਾਲ ਹਰ ਇੱਕ ਦੀ ਦਿਲਚਸਪੀ ਜਗਾਉਂਦਾ ਹੈ ਅਤੇ ਉਹ ਆ ਕੇ ਬਾਬੇ ਨੂੰ ਪ੍ਰਸ਼ਨ ਪੁੱਛਦਾ ਹੈ। ਬਾਬਾ ਇਹੀ ਤਾਂ ਚਾਹੁੰਦਾ ਸੀ ਕਿ ਗੱਲ ਸ਼ੁਰੂ ਹੋਵੇ। ਇਸੇ ਤਰਾਂ ਜਦੋਂ ਉਹ ਮੱਕੇ ਵੱਲ ਪੈਰ ਕਰਕੇ ਪੈ ਜਾਂਦਾ ਹੈ ਤਾਂ ਲੋਹਾ ਲਾਖੇ ਹੋਏ ਕਾਜੀ ਵੀ ਬਾਬੇ ਨਾਲ ਵਾਰਤਾਲਾਪ ਕਰਨ ਲਈ ਤਿਆਰ ਹੋ ਜਾਂਦੇ ਹਨ।

**5.ਦਲੀਲ ਪੂਰਨ ਉੱਤਰ ਦੇਣ ਦੀ ਕਲਾ :-** ਬਾਬਾ ਬਹੁਤ ਹੀ ਸੂਝ ਬੂਝ ਨਾਲ ਜਗਿਆਸੂ ਤੋਂ ਪ੍ਰਸ਼ਨ ਕਰਵਾ ਕੇ ਹੀ ਸ਼ਾਂਤ ਨਹੀਂ ਹੁੰਦਾ, ਸਗੋਂ ਹੁਣ ਲੋਹਾ ਲਾਲ ਹੋਇਆ ਦੇਖ ਕੇ ਬਹੁਤ ਸਿਆਣਪ ਨਾਲ ਸੱਟ ਮਾਰਦਾ ਹੈ। ਦਲੀਲ ਪੂਰਨ ਉੱਤਰ ਦਿੰਦਾ ਹੈ । ਮੱਕੇ ਵੱਲ ਕੀਤੇ ਪੈਰ ਤੇ ਇਤਰਾਜ਼ ਸੁਣ ਕੇ ਸਹਿਜ ਵਿੱਚ ਹੀ ਆਖਦਾ ਹੈ ਕਿ ਮੇਰੇ ਪੈਰ ਉੱਧਰ ਨੂੰ ਕਰ ਦੇਵੋਂ, ਜਿੱਧਰ ਖੁਦਾ ਦਾ ਘਰ ਨਹੀਂ ਹੈ। ਇਸ ਦਲੀਲ ਅੱਗੇ ਸਭ ਨਿਰਸ਼ਬਦ ਹੋ ਜਾਂਦੇ ਹਨ ਅਤੇ ਉਹਨਾਂ ਨੂੰ ਸਭ ਥਾਂ ਰਮਿਆ ਪ੍ਰਭੂ ਨਜਰ ਆਉਂਦਾ ਹੈ। ਉਕਤ ਹਰਿਦੁਆਰ ਵਾਲੀ ਸਾਖੀ ਵਿੱਚ ਲੋਕਾਂ ਦੇ ਪੁੱਛਣ ਤੇ ਕਹਿੰਦਾ ਹੈ ਕਿ ਮੈਂ ਕਰਤਾਰਪੁਰ ਵਿਖੇ ਆਪਣੇ ਖੇਤਾਂ ਨੂੰ ਪਾਣੀ ਦੇ ਰਿਹਾ ਹਾਂ। ਇਹ ਕਲਾ ਦਾ ਸਿਖਰ ਹੈ। ਉਤਸੁਕਤਾ ਜਾਗਦੀ ਹੈ। ਐਡੀ ਦੂਰ ਖੇਤਾਂ ਵਿਚ ਪਾਣੀ ਕਿਵੇਂ ਪੁੱਜ ਜਾਏਗਾ ?? ਤਾਂ ਬਾਬਾ ਦਲੀਲ ਨਾਲ ਸਹਿਜ ਨਾਲ ਆਖਦਾ ਹੈ ਕਿ ਜੇ ਤੁਹਾਡਾ ਦਿੱਤਾ ਪਾਣੀ ਸੂਰਜ ਤੱਕ ਪੁੱਜ ਜਾਏਗਾ, ਤਾਂ ਮੇਰਾ ਪਾਣੀ ਕਰਤਾਰਪੁਰ ਕਿਉ ਨਹੀ ਪੁੱਜ ਸਕਦਾ ? ਸਰੋਤਿਆਂ ਨੂੰ ਝਟਕਾ ਵੱਜਦਾ ਹੈ। ਉਹਨਾਂ ਨੂੰ ਅਹਿਸਾਸ ਹੁੰਦਾ ਹੈ ਕਿ ਅਸਲ ਵਿੱਚ ਇਹ ਇਕ ਫਜ਼ੂਲ ਰਸਮ ਹੈ।

**6. ਨਵੇਂ ਪ੍ਰਸ਼ਨ ਖੜ੍ਹੇ ਕਰ ਦੇਣ ਦੀ ਕਲਾ :-** ਸੰਵਾਦ ਦੌਰਾਨ ਆਪਣੀ ਗੱਲ ਇੱਕ ਵਾਰ ਵੀ ਏਦਾਂ ਨਹੀਂ ਕਹੀ ਬਾਬੇ ਨੇ, ਜਿਸ ਤੋਂ ਸਰੋਤਿਆਂ ਨੂੰ ਇਹ ਲੱਗੇ ਕਿ ਸਾਡੇ ਉੱਤੇ ਕੋਈ ਸਿਧਾਂਤ ਠੋਸਿਆ ਜਾ ਰਿਹਾ ਹੈ। ਇੱਕ ਵਾਰ ਵੀ ਨਹੀਂ। ਸਗੋਂ ਕਦੇ ਕਦੇ ਆਪ ਕੋਈ ਅਜਿਹਾ ਪ੍ਰਸ਼ਨ ਪੁੱਛ ਲੈਣਾ ਕਿ ਸਰੋਤੇ ਨਿਰ ਉੱਤਰ ਹੋ ਜਾਣ। ਮਜਬੂਰੀ ਵਿਚ ਬਾਬੇ ਦੀ ਦਲੀਲ ਮੰਨਣੀ ਪਵੇ। ਇੱਕ ਉਦਾਹਰਣ ਦੇਖੋ। ਧਰਤੀ ਇਕ ਬਲਦ ਦੇ ਸਿੰਗਾਂ ਤੇ ਟਿਕੀ ਹੋਈ ਹੈ- ਇਸ ਮਨੌਤ ਨੂੰ ਬਾਬੇ ਨੇ ਨਕਾਰਿਆ ਨਹੀਂ। ਸਗੋਂ ਇੱਕ ਪ੍ਰਸ਼ਨ ਪੁੱਛਿਆ ਕਿ ਫਿਰ ਇਹ ਬਲਦ ਕਿਸ ਥਾਂ ਤੇ ਟਿਕਿਆ ਹੈ। ਫੇਰ ਉਹ ਧਰਤੀ ਕਿਵੇਂ ਟਿਕੀ ਹੈ ???? ਹੋਰ ਪਰੇ ਹੋਰ ਹੋਰ ਆਖ ਕੇ ਸਭ ਦਾ ਨਜ਼ਰੀਆ ਵਿਸ਼ਾਲ ਕਰ ਦਿੱਤਾ ਹੈ।

**7.ਬਾਣੀ ਵਿੱਚ ਵੀ ਪ੍ਰਸ਼ਨ ਉੱਤਰ ਕਲਾ ਵਰਤੀ ਗਈ ਹੈ:-** ਗੁਰੂ ਨਾਨਕ ਜੀ ਨੂੰ ਪ੍ਰਸ਼ਨ ਉੱਤਰ ਵਿਧੀ ਇੰਨੀ ਵਧੀਆ ਲੱਗਦੀ ਹੈ ਕਿ ਉਹ ਆਪਣੀ ਗੱਲ ਸਮਝਾਉਣ ਲਈ ਪਹਿਲਾਂ ਆਪ ਹੀ ਪ੍ਰਸ਼ਨ ਕਰਦੇ ਹਨ ਅਤੇ ਫੇਰ ਉਸਦਾ ਉੱਤਰ ਦਿੰਦੇ ਹਨ। ਇਹ ਤਕਨੀਕ ਬਾਣੀ ਵਿਚ ਥਾਂ ਥਾਂ ਤੇ ਦੇਖਣ ਨੂੰ ਮਿਲਦੀ ਹੈ। ਅਸੀਂ ਜਪੁਜੀ ਵਿਚੋਂ ਹੀ ਇੱਕ ਉਦਾਹਰਣ ਲੈਂਦੇ ਹਾਂ

ਪ੍ਰਸ਼ਨ :- ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥.....(ਪੰਨਾ 1, ਜਪੁ)
ਉੱਤਰ :- ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥.......(ਪੰਨਾ 1, ਜਪੁ)

**8.ਪ੍ਰਤੀਕਾਂ ਅਤੇ ਅਲੰਕਾਰਾਂ ਦੀ ਵਰਤੋਂ :-** ਬਾਬਾ ਨਾਨਕ ਜੀ ਨੇ ਆਪਣਾ ਸੰਵਾਦ ਗੁਰਬਾਣੀ ਦੇ ਸ਼ਬਦਾਂ ਰਾਹੀਂ ਰਚਾਇਆ ਹੈ। ਬਾਣੀ ਕਾਵਿ ਮਈ ਵੀ ਹੈ ਅਤੇ ਸੰਗੀਤ ਮਈ ਵੀ। ਕਵਿਤਾ ਦੇ ਸ਼ਿੰਗਾਰ ਹੁੰਦੇ ਹਨ ਪ੍ਰਤੀਕ ਅਤੇ ਅਲੰਕਾਰ। ਪਰ ਬਾਬੇ ਨਾਨਕ ਨੇ ਆਪਣੀ ਰਹੱਸਮਈ ਵਾਰਤਾ ਨੂੰ ਸੌਖਿਆਂ ਕਰਨ ਲਈ ਵੀ ਅਤੇ ਉਸ ਨੂੰ ਲੋਕ-ਮਾਨਸਿਕਤਾ ਦੇ ਪੱਧਰ ਤੇ ਲਿਆਉਣ ਲਈ ਵੀ ਪ੍ਰਤੀਕਾਂ ਅਤੇ ਅਲੰਕਾਰਾਂ ਦੀ ਵਰਤੋਂ ਕੀਤੀ ਹੈ। ਅਗੰਮੀ ਅਤੇ ਰੂਹਾਨੀ ਗੱਲ ਸਮਝਾਉਣ ਦੀ ਇਹ ਸਭ ਤੋਂ ਵੱਡੀ ਸਮੱਸਿਆ ਹੁੰਦੀ ਹੈ। ਅਦ੍ਰਿਸ਼ ਨੂੰ ਸਪੱਸ਼ਟ ਕਰਨ ਲਈ ਦ੍ਰਿਸ਼ਟਮਾਨ ਦੀ ਉਦਾਹਰਣ ਅਤੇ ਪ੍ਰਤੀਕ ਨਾਲ ਗੱਲ ਛੇਤੀ ਸਮਝ ਵਿੱਚ ਆਉਂਦੀ ਹੈ।

ਉਦਾਹਰਣ ਲਈ
ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤੁ ਮਹਤੁ ॥.........(ਪੰਨਾ 8, ਜਪੁ)

ਪੰਕਤੀ ਹੀ ਲੈ ਲਈਏ। ਇਸ ਵਿਚ ਉਹ ਕੁਦਰਤ ਅਤੇ ਮਨੁੱਖ ਦੇ ਗੂੜ੍ਹੇ ਸੰਬੰਧ ਨੂੰ ਦਰਸਾ ਕੇ ਗੁਰਮਤਿ ਸਿਧਾਂਤ ਨੂੰ ਲੋਕ ਮਨ ਦੇ ਨੇੜੇ ਲੈ ਜਾਂਦੇ ਹਨ। ਇਸੇ ਤਰਾਂ ਜਨੇਊ, ਨਮਾਜ਼, ਆਦਿ ਦੇ ਹੋਰ ਸੈਂਕੜੇ ਪ੍ਰਮਾਣ ਦੇਖ ਸਕਦੇ ਹਾਂ ।

**9. ਸਧਾਰਨ ਇਨਸਾਨ ਵਾਂਗ ਵਿਚਰ ਕੇ ਗੱਲ ਕਰਨੀ :-** ਗੁਰੂ ਨਾਨਕ ਜੀ ਨੇ ਆਪਣੇ ਆਪ ਨੂੰ ਕਦੇ ਵੀ ਗੁਰੂ, ਬਾਬਾ,ਸੰਤ, ਪੀਰ ਨਹੀਂ ਮੰਨਿਆ। ਸਗੋਂ ਇਕ ਸਧਾਰਨ ਮਨੁੱਖ ਦੀ ਥਾਂ ਰੱਖ ਕੇ ਹੀ ਸਾਰੀ ਗੱਲਬਾਤ ਕਰਦੇ ਰਹੇ ਹਨ। ਕਿਧਰੇ ਵੀ ਉਹਨਾਂ ਨੇ ਕਰਾਮਾਤ ਨਹੀਂ ਦਿਖਾਈ। ਜਦੋਂ ਸਿਧਾਂ ਨੇ ਆਪ ਜੀ ਨੂੰ ਕਰਾਮਾਤ ਦਿਖਾਉਣ ਲਈ ਵੀ ਆਖਿਆ ,ਤਦ ਵੀ ਬਾਬੇ ਦਾ ਉੱਤਰ ਬਹੁਤ ਖੂਬਸੂਰਤ ਅਤੇ ਭੇਦ ਭਰਿਆ ਸੀ ।

ਭਾਈ ਗੁਰਦਾਸ ਜੀ ਆਪਣੀ ਵਾਰ ਵਿਚ ਬਿਆਨ ਕਰਦੇ ਹਨ-
ਸਿਧਿ ਬੋਲਨਿ ਸੁਣਿ ਨਾਨਕਾ ਤੁਹਿ ਜਗ ਨੋ ਕਿਆ ਕਰਾਮਾਤਿ ਦਿਖਾਈ ॥
ਕੁਝ ਵਿਖਾਲੇਂ ਅਸਾ ਨੋ ਤੁਹਿ ਕਿਉ ਢਿਲ ਅਵੇਹੀ ਲਾਈ ॥
ਬਾਬਾ ਬੋਲੇ ਨਾਥ ਜੀ ! ਅਸਾਂ ਤੇ ਵੇਖਣਿ ਜੋਗੀ ਵਸਤੁ ਨ ਕਾਈ ॥
ਗੁਰ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀਂ ਹੈ ਰਾਈ ॥....(ਭਾਈ ਗੁਰਦਾਸ ਜੀ, ਵਾਰ 1 ਪਉੜੀ 42)

ਇਸ ਤਰ੍ਹਾਂ ਲੋਕਾਂ ਦੇ ਤਲ ਤੇ ਖੜ੍ਹ ਕੇ ਗੱਲ ਕਰਨ ਨਾਲ ਬਾਬੇ ਦੀ ਗੱਲ ਵਧੇਰੇ ਲੋਕਾਂ ਨੇ ਸੁਣੀ ਅਤੇ ਮੰਨੀ।

**ਅੰਤਿਕਾ :-** ਗੁਰੂ ਨਾਨਕ ਜੀ ਦੇ ਸੰਵਾਦ ਪ੍ਰਤੀ ਪਿਆਰ ਅਤੇ ਉਹਨਾਂ ਦੀ ਜੁਗਤੀ ਨੂੰ ਜਦੋਂ ਅਜੋਕੇ ਹਾਲਾਤਾਂ ਨਾਲ ਮਿਲਾ ਕੇ ਦੇਖਦੇ ਹਾਂ, ਤਾਂ ਘੋਰ ਨਿਰਾਸ਼ਾ ਅਤੇ ਦੁੱਖ ਦਾ ਅਹਿਸਾਸ ਹੁੰਦਾ ਹੈ। ਬਾਬੇ ਨੇ ਵੱਖਰੀ ਵਿਚਾਰਧਾਰਾ ਵਾਲੇ ਕਰੋੜਾਂ ਹਿਰਦਿਆਂ ਨੂੰ ਅਗਿਆਨਤਾ, ਭਰਮ ਭੁਲੇਖਿਆਂ, ਕਰਮ ਕਾਂਡਾਂ ਵਿਚੋਂ ਕੱਢ ਕੇ ਗੁਰਮਤਿ ਦੇ ਸਰਲ ਮਾਰਗ ਤੇ ਤੋਰਿਆ। ਪਰ ਅਸੀਂ ਬਾਬੇ ਦੇ ਸਿੱਖ ਅਖਵਾਉਣ ਵਾਲਿਆਂ ਨੇ ਕੱਟੜਤਾ ਨੂੰ ਅਪਣਾ ਰੱਖਿਆ ਹੈ। ਗੈਰ ਮੱਤਾਂ ਵਾਲਿਆਂ ਕੋਲ ਗੁਰਮਤਿ ਦੀ ਗੱਲ ਕੀ ਪੁਚਾਉਣੀ ਸੀ, ਅਸੀਂ ਸਿੱਖ ਹੋ ਕੇ ਵੀ ਇਸ ਸੰਵਾਦ ਨੂੰ ਭੁੱਲ ਚੁੱਕੇ ਹਾਂ ਅਤੇ ਬੇਅੰਤ ਛੋਟੇ ਛੋਟੇ ਮਸਲੇ ਜਿਹੜੇ ਸੰਵਾਦ ਨਾਲ ਸੂਝ ਬੂਝ ਨਾਲ ਸੌਖਿਆਂ ਹੀ ਹੱਲ ਹੋਣ ਵਾਲੇ ਹੁੰਦੇ ਹਨ, ਉਹਨਾਂ ਤੇ ਵੀ ਵਿਵਾਦ ਖੜ੍ਹੇ ਕਰ ਬੈਠਦੇ ਹਾਂ ਅਤੇ ਬਹੁਤ ਛੇਤੀ ਤਲਵਾਰਾਂ ਸੂਤ ਲੈਂਦੇ ਹਾਂ। ਸਾਡੇ ਵਿਰੋਧੀ ਨੂੰ ਸਾਡੀ ਇਹ ਬਿਰਤੀ ਬਹੁਤ ਰਾਸ ਆਉਂਦੀ ਹੈ। ਉਹ ਤਾਂ ਸਾਨੂੰ ਬਾਣੀ (ਗਿਆਨ) ਅਤੇ ਸੰਗਤ (ਲੋਕ ਸ਼ਕਤੀ) ਦੋਹਾਂ ਤੋਂ ਦੂਰ ਕਰਨਾ ਚਾਹੁੰਦਾ ਹੈ। ਆਓ, ਗੁਰੂ ਨਾਨਕ ਦੇ ਪ੍ਰਕਾਸ਼ ਪੁਰਬ ਤੇ ਇਹ ਪ੍ਰਣ ਕਰੀਏ ਕਿ ਵਿਸਰ ਚੁੱਕੀ ਸੰਵਾਦ ਦੀ ਪਿਰਤ ਫੇਰ ਸੁਰਜੀਤ ਕਰਾਂਗੇ । ਅਤੇ ਨਾਨਕ ਵਿਚਾਰਧਾਰਾ ਅਨੁਸਾਰ ਸਰਬ ਸਾਂਝੀਵਾਲਤਾ ਅਤੇ ਬ੍ਰਹਿਮੰਡੀ ਪ੍ਰੇਮ ਦੀ ਜੋਤ ਜਗਾਉਣ ਲਈ ਸਦਾ ਕੋਸ਼ਿਸ਼ ਕਰਦੇ ਰਹਾਂਗੇ।

## ਕਵਿਤਾ - ਜਿੰਦ ਮੇਰੀ ਨੇ

ਮੰਨਿਆ ਮੈਂ ਉਲਝਾਈ ਸੀ,
ਉਸ ਕਦੇ,ਸੁਲਝਾਈ ਤਾਣੀ ਨਾ।
ਮੈਂ ਤਾਂ ਕਰਨਾ ਚਾਹੁੰਦਾ ਸੀ,
ਉਸ ਕਰੀ, ਖ਼ਤਮ ਕਹਾਣੀ ਨਾ।

ਦੇਖਿਆ ਜਦੋਂ ਵੀ, ਮੈਂ ਉਸ ਨੂੰ,
ਮੱਥੇ ਵੱਟ ਹਜ਼ਾਰਾਂ, ਪਾਈ ਰੱਖਦੀ ਸੀ।
ਕਰਨਾ ਸੀ ਚਾਹੁੰਦਾ ਖ਼ਤਮ ਮੈਂ,
ਓ ਨਿੱਤ ਪਾਈ ਲੜਾਈ ਰੱਖਦੀ ਸੀ।

ਰਹਿੰਦਾ ਲੱਗਦਾ ਮੈਨੂੰ,
ਕਦੇ ਕਲੇਸ਼ ਨਾ, ਮੁੱਕਣਾ ਏ।
ਉਸ ਰਹਿਣਾ ਹਰੀ ਭਰੀ,
ਜਿੰਦ ਮੇਰੀ ਨੇ, ਸੁੱਕਣਾ ਏ।

ਹੁਣ ਤਾਂ ਅਸੀਂ, ਪ੍ਰਛਾਵਿਆਂ ਤੋਂ,
ਡਰਦੇ ਡਰਦੇ, ਮਰਦੇ ਰਹਿੰਦੇ ਹਾਂ।
ਕੀ ਬੀਤੀ ਸਦਾ ਨਾਲ ਸਾਡੇ ,
ਨਾ ਕਦੇ ਕੁਝ, ਕਿਸੇ ਨੂੰ ਕਹਿੰਦੇ ਹਾਂ।

ਸੰਗਰੂਰਵੀ ਪਾਗ਼ਲ ਹੋ ਗਿਆ ਏ,
ਹੁਣ ਜੱਗ ਸਾਰਾ, ਰਹਿੰਦਾ ਕਹਿੰਦਾ।
ਰਹਿੰਦਾ ਭਟਕਦਾ, ਕਿਤੇ ਨਾ ਕਿਤੇ,
ਨਾ ਟਿੱਕ ਇੱਕ ਥਾਂ, ਕਦੇ ਬਹਿੰਦਾ।

### ਮੱਥੇ ਤੇਰੇ

ਤੈਨੂੰ ਪਈ ਏ ਕੰਮਾਂ ਦੀ,
ਤਾਂ ਸਿਰ ਮੇਰੇ ਵੀ ਜ਼ਿੰਮੇਵਾਰੀਆਂ ਸਾਰੀਆਂ ਨੇ।
ਤੈਨੂੰ ਹੋਣਗੇ ਫ਼ਿਕਰ ਥੋੜ੍ਹੇ,
ਸਿਰ ਸਾਡੇ ਵੀ ਜ਼ਿੰਮੇਵਾਰੀਆਂ ਭਾਰੀਆਂ ਨੇ।

ਤੂੰ ਹੱਸ ਕੇ ਟਾਲ ਛੱਡਦੀ,ਭੁੱਲ ਜਾਂਦੀ,
ਐਪਰ ਚੁੱਭਦੀਆਂ ਗੱਲਾਂ ਕੁਝ ਖ਼ਾਰੀਆਂ ਨੇ।

ਭੁੱਲਣਾ ਹੁੰਦਾ ਕਦੋਂ ਦਾ ਭੁੱਲਿਆ ਹੁੰਦਾ,
ਯਾਦ ਆਉਂਦੀਆਂ ਗੱਲਾਂ ਪਿਆਰੀਆਂ ਨੇ।

ਹੁੰਦੀ ਨਾ ਕਾਹਲ ,ਜੇ ਜਲਦੀ ਜਾਵਣ ਦੀ,
ਰਾਹਾਂ ਵਿੱਚ ਤੇਰੇ ਫਿਰ,ਘਰ ਮੈਂ ਪਾ ਲੈਂਦਾ।
ਮੱਥੇ ਤੇਰੇ ਪਏ ਹੁੰਦੇ ਨਾ,ਵੱਟ ਨੈਣ ਜੋਤੀਏ ਨੀ ,

ਰਾਹ ਰੋਕ "ਸੰਗਰੂਰਵੀ",ਤੈਨੂੰ ਬੁਲਾ ਲੈਂਦਾ।



ਸਰਬਜੀਤ ਸੰਗਰੂਰਵੀ
ਪੁਰਾਣੀ ਅਨਾਜ ਮੰਡੀ, ਸੰਗਰੂਰ।
9463162463

GTA Plumbing & Electrical Supplies
GTA Plumbling & Electrical Supplies

ONE STOP SHOP FOR ALL PLUMBING & ELECTRICAL SUPPLIES
* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250
* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more
Moen, American Standard Pfister, Faucets, ABS, Copper and all type of fitting
905-792-0036
18 Strathearn Ave South A, Unit#25-27
Brampton (Steeles & Dixie)

ਦੇਸੀ ਦਵਾਈਆਂ ਦਾ ਚਮਤਕਾਰ
ਹਰਬਲ ਵਿਆਗਰਾ:-ਮਰਦਾਨਾ ਤਾਕਤ ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ



ਨਸ਼ਾ ਛੁਡਾਓ
ਸ਼ਰਾਬ, ਅਫ਼ੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ
ਔਰਤਾਂ ਤੇ ਮਰਦਾਂ ਦੇ ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।
ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ,ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫ਼ਲ ਇਲਾਜ

ਚਮੜੀ ਦੇ ਰੋਗਾਂ ਦਾ ਸਫ਼ਲ ਇਲਾਜ
ਚੰਬਲ, ਦਦਰੀ, ਸ਼ੁਪਾਕੀ, ਐਲਰਜੀ, ਵਾਲ ਝਵਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫ਼ਲ ਇਲਾਜ ਕੀਤਾ ਜਾਂਦਾ ਹੈ
PH: 416-425-0138
514-632-0138
ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ
ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ
ਨੋਟ: ਸਾਰੇ ਇਲਾਜ ਦੇਸੀ ਜੜੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ
Solve Your Life Problems with Easy Opay & Lucky Stone, Book and Appointment Today!

ASK Mortgage Ltd.
Business Loan
Credit Line
Truck/Taxi Loan
New Immigrant Package
416-366-1234

Jaswinder Khosa
416-894-9400
1332 Khalsa Drive Unit 12

# ਲੋਕਾਂ 'ਚ ਤੇਜ਼ੀ ਨਾਲ ਫੈਲ ਰਹੀ ਹੈ ਸ਼ੂਗਰ !

ਅੱਜ ਦੇ ਯੁੱਗ ਵਿੱਚ ਸ਼ੂਗਰ ਦੀ ਬਿਮਾਰੀ ਤੇਜ਼ੀ ਨਾਲ ਫੈਲ ਰਹੀ ਹੈ। ਹਰ ਵਰਗ ਦੇ ਲੋਕ, ਵੱਡੇ ਅਤੇ ਛੋਟੇ, ਸ਼ੂਗਰ ਤੋਂ ਪੀੜਤ ਹਨ। ਸ਼ਹਿਰੀ ਖੇਤਰ ਹੋਵੇ ਜਾਂ ਪੇਂਡੂ ਖੇਤਰ, ਹਰ ਪਾਸੇ ਸ਼ੂਗਰ ਦੇ ਮਾਮਲੇ ਤੇਜ਼ੀ ਨਾਲ ਵੱਧ ਰਹੇ ਹਨ। ਜੀਵਨਸ਼ੈਲੀ ਵਿੱਚ ਬਦਲਾਅ, ਅਨਿਯਮਿਤ ਕੰਮ ਦੇ ਘੰਟੇ, ਤਣਾਅ ਅਤੇ ਜੰਕ ਫੂਡ ਵਰਗੀਆਂ ਆਦਤਾਂ ਕਾਰਨ ਸ਼ੂਗਰ ਦੇ ਮਾਮਲੇ ਵੱਧ ਰਹੇ ਹਨ।

ਨਿਊਬਰਗ ਡਾਇਗਨੋਸਟਿਕ ਦੇ ਕੰਸਲਟੈਂਟ ਪੈਥੋਲੋਜਿਸਟ ਡਾ: ਆਕਾਸ਼ ਸ਼ਾਹ ਦਾ ਕਹਿਣਾ ਹੈ ਕਿ ਸਮੇਂ ਸਿਰ ਸ਼ੂਗਰ ਦੀ ਪਛਾਣ ਕਰਨਾ ਬਹੁਤ ਜ਼ਰੂਰੀ ਹੈ। ਕਿਉਂਕਿ ਬਿਮਾਰੀ ਦੀ ਪਛਾਣ ਨਾ ਹੋਣ ਨਾਲ ਵਿਅਕਤੀ ਦੀ ਸਿਹਤ 'ਤੇ ਮਾੜਾ ਅਸਰ ਪੈਂਦਾ ਹੈ। ਸ਼ੂਗਰ ਕਾਰਨ ਦਿਲ ਦੀਆਂ ਬਿਮਾਰੀਆਂ, ਗੁਰਦਿਆਂ ਦਾ ਨੁਕਸਾਨ, ਅੱਖਾਂ ਦੀ ਰੋਸ਼ਨੀ ਦੀ ਕਮੀ ਆਦਿ ਵਰਗੀਆਂ ਕਈ ਸਮੱਸਿਆਵਾਂ ਹੋ ਸਕਦੀਆਂ ਹਨ। ਇੱਥੋਂ ਤੱਕ ਕਿ ਅੰਗਾਂ ਨੂੰ ਕੱਟਣਾ ਵੀ ਜ਼ਰੂਰੀ ਹੋ ਸਕਦਾ ਹੈ। ਸ਼ੂਗਰ ਇੱਕ ਅਜਿਹੀ ਬਿਮਾਰੀ ਹੈ ਜਿਸ ਵਿੱਚ ਬਲੱਡ ਸ਼ੂਗਰ ਦਾ ਪੱਧਰ ਵੱਧ ਜਾਂਦਾ ਹੈ, ਜੋ ਸਮੇਂ ਦੇ ਨਾਲ ਦਿਲ, ਅੱਖਾਂ ਅਤੇ ਗੁਰਦਿਆਂ ਨੂੰ ਗੰਭੀਰ ਨੁਕਸਾਨ ਪਹੁੰਚਾਉਂਦਾ ਹੈ।

### ਸ਼ੂਗਰ ਦੀਆਂ ਦੋ ਕਿਸਮਾਂ

ਇਹਨਾਂ ਵਿੱਚੋਂ ਸਭ ਤੋਂ ਆਮ ਟਾਈਪ 2 ਸ਼ੂਗਰ ਹੈ ਜੋ ਖਾਸ ਤੌਰ 'ਤੇ ਨੌਜਵਾਨ ਪੀੜ੍ਹੀ ਵਿੱਚ ਦੇਖਿਆ ਜਾਂਦਾ ਹੈ। ਇਸ ਵਿੱਚ ਸਰੀਰ ਲੋੜੀਂਦੀ ਮਾਤਰਾ ਵਿੱਚ ਇਨਸੁਲਿਨ ਪੈਦਾ ਨਹੀਂ ਕਰ ਪਾਉਂਦਾ ਹੈ। ਇਸ ਦੇ ਨਾਲ ਹੀ ਜੇਕਰ ਅਸੀਂ ਟਾਈਪ 1 ਡਾਇਬਟੀਜ਼ ਦੀ ਗੱਲ ਕਰੀਏ ਤਾਂ ਇਹ ਇੱਕ ਗੰਭੀਰ ਸਥਿਤੀ ਹੈ ਜਿਸ ਵਿੱਚ ਸਰੀਰ ਆਪਣੇ ਆਪ ਇਨਸੁਲਿਨ ਪੈਦਾ ਕਰਨ ਵਿੱਚ ਅਸਮਰੱਥ ਹੁੰਦਾ ਹੈ ਅਤੇ ਇਸਦਾ ਇਲਾਜ ਸਿਰਫ ਇਨਸੁਲਿਨ ਟੀਕੇ ਦੁਆਰਾ ਕੀਤਾ ਜਾ ਸਕਦਾ ਹੈ।

### ਹਰ ਸਾਲ ਸ਼ੂਗਰ ਦੀ ਜਾਂਚ ਕਰਵਾਓ

ਜੇਕਰ ਅਸੀਂ ਨਵੀਂ ਪੀੜ੍ਹੀ ਨੂੰ ਸ਼ੂਗਰ ਤੋਂ ਬਚਾਉਣਾ ਚਾਹੁੰਦੇ ਹਾਂ ਤਾਂ ਸਭ ਤੋਂ ਜ਼ਰੂਰੀ ਹੈ ਜੀਵਨ ਸ਼ੈਲੀ ਅਤੇ ਵਿਵਹਾਰ ਨੂੰ ਬਦਲਣਾ। ਬਚਪਨ ਵਿਚ ਸਰੀਰਕ ਗਤੀਵਿਧੀਆਂ ਦੀ ਕਮੀ ਕਾਰਨ ਮੋਟਾਪਾ ਤੇਜ਼ੀ ਨਾਲ ਵਧਦਾ ਹੈ ਜੋ ਬਾਅਦ ਵਿਚ ਸ਼ੂਗਰ ਦਾ ਕਾਰਨ ਬਣ ਸਕਦਾ ਹੈ।




ਇਸ ਦੇ ਨਾਲ ਹੀ ਜੰਕ ਫੂਡ ਵੀ ਬਹੁਤ ਚਿੰਤਾ ਦਾ ਵਿਸ਼ਾ ਹੈ। ਡਾਕਟਰ ਆਕਾਸ਼ ਦਾ ਕਹਿਣਾ ਹੈ ਕਿ 30 ਸਾਲ ਤੋਂ ਵੱਧ ਉਮਰ ਦੇ ਲੋਕਾਂ ਨੂੰ ਸਾਲ ਵਿੱਚ ਦੋ ਵਾਰ ਸ਼ੂਗਰ ਦੀ ਜਾਂਚ ਕਰਵਾਉਣੀ ਚਾਹੀਦੀ ਹੈ ਤਾਂ ਜੋ ਸ਼ੁਰੂਆਤ ਵਿੱਚ ਹੀ ਬਿਮਾਰੀ ਦਾ ਪਤਾ ਲਗਾਇਆ ਜਾ ਸਕੇ।

ਸ਼ੂਗਰ ਦੇ ਆਮ ਲੱਛਣ
ਵਾਰ ਵਾਰ ਪਿਸ਼ਾਬ
ਬਹੁਤ ਪਿਆਸ ਮਹਿਸੂਸ ਕਰਨਾ
ਅਕਸਰ ਭੁੱਖ ਮਹਿਸੂਸ ਕਰਨਾ
ਥੱਕ ਜਾਣਾ
ਘੱਟ ਨਜ਼ਰ ਆਉਣਾ
ਜ਼ਖ਼ਮ ਠੀਕ ਨਹੀਂ ਹੁੰਦਾ
ਹੱਥਾਂ ਜਾਂ ਪੈਰਾਂ ਵਿੱਚ ਝਰਨਾਹਟ

ਸ਼ੂਗਰ ਦੀ ਰੋਕਥਾਮ ਲਈ ਸੁਝਾਅ
ਸਿਹਤਮੰਦ ਖੁਰਾਕ ਖਾਓ
ਕਸਰਤ ਕਰੋ
ਤਣਾਅ ਨਾ ਕਰੋ
ਸਿਗਰਟਨੋਸ਼ੀ, ਅਲਕੋਹਲ ਅਤੇ ਕੈਫੀਨ ਤੋਂ ਬਚੋ

# ਪਾਰਟਨਰ ਨਾਲ ਰਿਸ਼ਤਾ ਕਰਨਾ ਚਾਹੁੰਦੇ ਹੋ ਮਜ਼ਬੂਤ

## ਤਾਂ ਇਨ੍ਹਾਂ ਆਦਤਾਂ ਨੂੰ ਬਦਲੋ, ਖ਼ੁਸ਼ੀਆਂ ਦੀ ਨਹੀਂ ਰਹੇਗੀ ਕੋਈ ਕਮੀ

ਰਿਸ਼ਤਾ ਸਾਡੀ ਜ਼ਿੰਦਗੀ ਦਾ ਅਹਿਮ ਹਿੱਸਾ ਹੈ। ਦੋਸਤੀ ਹੋਵੇ, ਪਰਿਵਾਰ ਹੋਵੇ ਜਾਂ ਪਤੀ-ਪਤਨੀ ਦਾ ਰਿਸ਼ਤਾ, ਜੇ ਇਸ ਵਿਚ ਮਿਠਾਸ ਬਣੀ ਰਹੇ ਤਾਂ ਜ਼ਿੰਦਗੀ ਵਿਚ ਖੁਸ਼ੀਆਂ ਦੀ ਕੋਈ ਕਮੀ ਨਹੀਂ ਰਹਿੰਦੀ। ਪਰ ਕਈ ਵਾਰ ਸਾਡੀਆਂ ਕੁਝ ਆਦਤਾਂ ਅਣਜਾਣੇ ਵਿੱਚ ਇਨ੍ਹਾਂ ਰਿਸ਼ਤਿਆਂ ਵਿੱਚ ਖਟਾਸ ਪੈਦਾ ਕਰ ਦਿੰਦੀਆਂ ਹਨ। ਅਸੀਂ ਇਹ ਨਹੀਂ ਸਮਝਦੇ ਕਿ ਸਾਡਾ ਛੋਟਾ ਜਿਹਾ ਵਿਵਹਾਰ ਵੀ ਰਿਸ਼ਤਿਆਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਇਸ ਕਾਰਨ ਰਿਸ਼ਤਿਆਂ ਵਿੱਚ ਦੂਰੀ ਬਣ ਜਾਂਦੀ ਹੈ, ਕਈ ਵਾਰ ਰਿਸ਼ਤੇ ਟੁੱਟਣ ਦੀ ਕਗਾਰ 'ਤੇ ਆ ਜਾਂਦੇ ਹਨ। ਅੱਜ ਦਾ ਲੇਖ ਸਿਰਫ ਰਿਸ਼ਤਿਆਂ 'ਤੇ ਹੈ। ਅਸੀਂ ਤੁਹਾਨੂੰ ਕੁਝ ਅਜਿਹੀਆਂ ਆਦਤਾਂ ਬਾਰੇ ਦੱਸਣ ਜਾ ਰਹੇ ਹਾਂ ਜਿਨ੍ਹਾਂ ਤੋਂ ਦੂਰ ਰਹਿ ਕੇ ਤੁਸੀਂ ਆਪਣੇ ਰਿਸ਼ਤੇ ਨੂੰ ਮਜ਼ਬੂਤ ਕਰ ਸਕਦੇ ਹੋ। ਉਨ੍ਹਾਂ ਨੂੰ ਪਿਆਰ ਨਾਲ ਭਰ ਸਕਦਾ ਹੈ।

### ਬਹੁਤੀਆਂ ਉਮੀਦਾਂ ਨਾ ਰੱਖੋ

ਜੇ ਅਸੀਂ ਕਿਸੇ ਵੀ ਰਿਸ਼ਤੇ ਵਿੱਚ ਬਹੁਤ ਜ਼ਿਆਦਾ ਉਮੀਦਾਂ ਰੱਖਦੇ ਹੋ ਤਾਂ ਇਹ ਘਾਤਕ ਹੋ ਸਕਦਾ ਹੈ। ਕਿਉਂਕਿ ਹਰ ਮਨੁੱਖ 'ਚ ਕਮੀਆਂ ਹੁੰਦੀਆਂ ਹਨ। ਜਦੋਂ ਅਸੀਂ ਕਿਸੇ ਤੋਂ ਬਹੁਤ ਸਾਰੀਆਂ ਉਮੀਦਾਂ ਰੱਖਣ ਲੱਗਦੇ ਹਾਂ ਅਤੇ ਉਹ ਉਨ੍ਹਾਂ 'ਤੇ ਖਰਾ ਨਹੀਂ ਉਤਰਦਾ, ਤਾਂ ਸਾਡੇ ਰਿਸ਼ਤੇ ਵਿੱਚ ਦਰਾਰਾਂ ਆਉਣ ਲੱਗਦੀਆਂ ਹਨ। ਬਿਹਤਰ ਹੋਵੇਗਾ ਕਿ ਤੁਸੀਂ ਆਪਣੇ ਪਾਰਟਨਰ ਨੂੰ ਉਸ ਤਰ੍ਹਾਂ ਹੀ ਸਵੀਕਾਰ ਕਰੋ ਜਿਵੇਂ ਉਹ ਹੈ। ਬਹੁਤੀਆਂ ਉਮੀਦਾਂ ਨਾ ਰੱਖੋ।

### ਸਾਥੀ ਨੂੰ ਸਮਾਂ ਨਾ ਦੇਣਾ

ਹਰ ਰਿਸ਼ਤੇ ਨੂੰ ਸਮੇਂ ਦੀ ਲੋੜ ਹੁੰਦੀ ਹੈ। ਸਮਾਂ ਨਾ ਦੇਣਾ ਰਿਸ਼ਤਿਆਂ ਵਿੱਚ ਦੂਰੀ ਬਣਾ ਸਕਦਾ ਹੈ। ਆਪਣੇ ਸਾਥੀ ਨਾਲ ਕੁਆਲਿਟੀ ਸਮਾਂ ਬਿਤਾਓ। ਮਹੀਨੇ ਦੌਰਾਨ ਫਿਲਮਾਂ 'ਤੇ ਜਾਣਾ, ਖਰੀਦਦਾਰੀ ਕਰਨਾ ਅਤੇ ਰਾਤ ਦਾ ਖਾਣਾ ਯਕੀਨੀ ਬਣਾਓ। ਤੁਸੀਂ ਚਾਹੋ ਤਾਂ ਘਰ 'ਚ ਕੈਂਡਲ ਲਾਈਟ ਡਿਨਰ ਕਰ ਸਕਦੇ ਹੋ। ਇਸ ਦੇ ਨਾਲ, ਇੱਕ ਸਾਲ ਵਿੱਚ ਇੱਕ ਯਾਤਰਾ ਦੀ ਯੋਜਨਾ ਜ਼ਰੂਰ ਬਣਾਓ। ਇਸ ਨਾਲ ਤੁਸੀਂ ਇੱਕ ਦੂਜੇ ਨੂੰ ਸਮਾਂ ਦੇ ਸਕੋਗੇ ਅਤੇ ਨੇੜੇ ਵੀ ਆ ਸਕੋਗੇ।

### ਗੱਲਬਾਤ ਵਿੱਚ ਕੋਈ ਕਮੀ ਨਾ ਰਹਿਣ ਦਿਓ

ਰਿਸ਼ਤਿਆਂ ਵਿੱਚ ਦੂਰੀ ਦਾ ਸਭ ਤੋਂ ਵੱਡਾ ਕਾਰਨ ਸੰਚਾਰ ਦੀ ਕਮੀ ਹੈ। ਜੇ ਤੁਹਾਨੂੰ ਆਪਣੇ ਪਾਰਟਨਰ ਨਾਲ ਕੋਈ ਪਰੇਸ਼ਾਨੀ ਜਾਂ ਕੋਈ ਹੋਰ ਗੱਲ ਹੈ ਤਾਂ ਉਸ ਨੂੰ ਮਨ 'ਚ ਰੱਖਣ ਦੀ ਬਜਾਏ ਖੁੱਲ੍ਹ ਕੇ ਗੱਲ ਕਰੋ। ਗੱਲਬਾਤ ਤੋਂ ਬਿਨਾਂ ਰਿਸ਼ਤਿਆਂ ਵਿੱਚ ਗ਼ਲਤਫਹਿਮੀਆਂ ਵਧਣ ਲੱਗਦੀਆਂ ਹਨ ਜੋ ਦੂਰੀਆਂ ਦਾ ਕਾਰਨ ਬਣਦੀਆਂ ਹਨ।

### ਇੱਕ ਦੂਜੇ ਦੀ ਤਾਰੀਫ਼ ਕਰੋ

ਜੇ ਤੁਸੀਂ ਰਿਲੇਸ਼ਨਸ਼ਿਪ ਵਿੱਚ ਹੋ ਤਾਂ ਤੁਹਾਨੂੰ ਜਿੰਨੀ ਹੋ ਸਕੇ ਘੱਟ ਤੋਂ ਘੱਟ ਆਲੋਚਨਾ ਕਰਨੀ ਚਾਹੀਦੀ ਹੈ। ਆਪਣੇ ਸਾਥੀ ਦੀ ਖੁਸ਼ੀ ਦਾ ਧਿਆਨ ਰੱਖਣ ਦੀ ਕੋਸ਼ਿਸ਼ ਕਰੋ। ਹਰ ਕੰਮ ਵਿੱਚ ਉਨ੍ਹਾਂ ਦੀ ਤਾਰੀਫ਼ ਕਰੋ। ਇਸ ਨਾਲ ਉਹ ਖੁਸ਼ ਰਹਿਣਗੇ ਅਤੇ ਤੁਹਾਡਾ ਰਿਸ਼ਤਾ ਵੀ ਮਜ਼ਬੂਤ ਹੋਵੇਗਾ। ਤੁਸੀਂ ਉਨ੍ਹਾਂ ਨੂੰ ਖਾਸ ਮਹਿਸੂਸ ਕਰਨ ਲਈ ਛੋਟੇ ਤੋਹਫ਼ੇ ਵੀ ਦੇ ਸਕਦੇ ਹੋ।

### ਗੁੱਸੇ 'ਤੇ ਕਾਬੂ ਰੱਖੋ

ਗੁੱਸਾ ਤੁਹਾਡੇ ਕਿਸੇ ਵੀ ਰਿਸ਼ਤੇ ਨੂੰ ਵਿਗਾੜ ਸਕਦਾ ਹੈ। ਜੇ ਤੁਹਾਨੂੰ ਆਪਣੇ ਪਾਰਟਨਰ ਦੀ ਕੋਈ ਗੱਲ ਪਸੰਦ ਨਹੀਂ ਹੈ ਜਾਂ ਤੁਸੀਂ ਉਸ ਤੋਂ ਗੁੱਸੇ ਹੋ, ਤਾਂ ਸ਼ਾਂਤ ਹੋ ਜਾਓ। ਕੁਝ ਸਮੇਂ ਲਈ ਆਪਣੇ ਪਾਰਟਨਰ ਤੋਂ ਦੂਰ ਰਹਿਣ ਦੀ ਕੋਸ਼ਿਸ਼ ਕਰੋ। ਜਦੋਂ ਤੁਹਾਡਾ ਗੁੱਸਾ ਸ਼ਾਂਤ ਹੋ ਜਾਵੇ ਤਾਂ ਇਸ ਮਾਮਲੇ ਬਾਰੇ ਉਨ੍ਹਾਂ ਨਾਲ ਪਿਆਰ ਨਾਲ ਗੱਲ ਕਰੋ। ਕਿਉਂਕਿ ਬੰਦਾ ਗੁੱਸੇ ਵਿਚ ਕੁਝ ਨਹੀਂ ਬੋਲਦਾ, ਜਿਸ ਕਾਰਨ ਬਾਅਦ ਵਿਚ ਪਛਤਾਉਣ ਤੋਂ ਇਲਾਵਾ ਕੁਝ ਨਹੀਂ ਬਚਦਾ।

### ਰੋਮਾਂਸ ਦੀ ਘਾਟ

ਜੇ ਤੁਸੀਂ ਪਤੀ-ਪਤਨੀ ਦੇ ਰਿਸ਼ਤੇ ਨੂੰ ਮਜ਼ਬੂਤ ਰੱਖਣਾ ਚਾਹੁੰਦੇ ਹੋ ਤਾਂ ਰੋਮਾਂਸ ਨੂੰ ਘੱਟ ਨਾ ਹੋਣ ਦਿਓ। ਰੋਮਾਂਸ ਘੱਟ ਹੋਣ 'ਤੇ ਪਾਰਟਨਰ ਚਿੜਚਿੜਾ ਹੋ ਜਾਂਦਾ ਹੈ। ਉਸ ਦੀ ਮਾਨਸਿਕ ਸਿਹਤ ਦੇ ਨਾਲ-ਨਾਲ ਉਸ ਦੀ ਸਰੀਰਕ ਸਿਹਤ ਵੀ ਪ੍ਰਭਾਵਿਤ ਹੁੰਦੀ ਹੈ। ਰੋਮਾਂਸ ਦੀ ਕਮੀ ਵੀ ਰਿਸ਼ਤਿਆਂ ਵਿੱਚ ਦੂਰੀ ਪੈਦਾ ਕਰਦੀ ਹੈ।

### ਝੂਠ ਬੋਲਣਾ ਜਾਂ ਚੀਜ਼ਾਂ ਨੂੰ ਲੁਕਾਉਣਾ

ਕਿਸੇ ਵੀ ਰਿਸ਼ਤੇ ਦੀ ਬੁਨਿਆਦ ਵਿਸ਼ਵਾਸ਼ 'ਤੇ ਟਿਕੀ ਹੁੰਦੀ ਹੈ। ਜੇ ਤੁਸੀਂ ਵਾਰ-ਵਾਰ ਝੂਠ ਬੋਲਦੇ ਹੋ ਜਾਂ ਚੀਜ਼ਾਂ ਨੂੰ ਲੁਕਾਉਂਦੇ ਹੋ ਤਾਂ ਤੁਹਾਡਾ ਪਾਰਟਨਰ ਤੁਹਾਡੇ 'ਤੇ ਭਰੋਸਾ ਨਹੀਂ ਕਰ ਪਾਉਂਦਾ ਹੈ। ਰਿਸ਼ਤੇ ਵਿੱਚ ਵਫ਼ਾਦਾਰੀ ਬਣਾਈ ਰੱਖਣ ਦੀ ਕੋਸ਼ਿਸ਼ ਕਰੋ। ਝੂਠ ਬੋਲੇ ਬਿਨਾਂ ਸਭ ਕੁਝ ਸਾਂਝਾ ਕਰੋ।



# ਸਿਹਤਮੰਦ ਜੀਵਨਸ਼ੈਲੀ ਆਪਣਾ ਕੇ ਕਾਬੂ ਰੱਖੋ ਸ਼ੂਗਰ

ਸ਼ੂਗਰ ਤੇਜ਼ੀ ਨਾਲ ਵਧਣ ਵਾਲੀਆਂ ਬਿਮਾਰੀਆਂ ’ਚੋਂ ਇਕ ਹੈ। ਇਸ ਕਾਰਨ ਸਰੀਰ ਹੋਰ ਵੀ ਕਈ ਬਿਮਾਰੀਆਂ ਦਾ ਸ਼ਿਕਾਰ ਹੋ ਸਕਦਾ ਹੈ। ਇਸ ਲਈ ਸਿਹਤ ਮਾਹਿਰ ਸ਼ੂਗਰ ਨੂੰ ਸਿਹਤ ਸੰਕਟ ਦੱਸਦੇ ਹੋਏ ਇਸ ਤੋਂ ਬਚਣ ਲਈ ਸਾਵਧਾਨੀਆਂ ਵਰਤਣ ’ਤੇ ਜ਼ੋਰ ਦਿੰਦੇ ਹਨ। ਚਿੰਤਾ ਦੀ ਗੱਲ ਤਾਂ ਇਹ ਹੈ ਕਿ ਹਰ ਉਮਰ ਦੇ ਲੋਕ ਸ਼ੂਗਰ ਦੀ ਬਿਮਾਰੀ ਦਾ ਸ਼ਿਕਾਰ ਹੋ ਰਹੇ ਹਨ। ਸ਼ੂਗਰ ਤੇਜ਼ੀ ਨਾਲ ਵਧਣ ਵਾਲੀਆਂ ਬਿਮਾਰੀਆਂ ’ਚੋਂ ਇਕ ਹੈ। ਇਸ ਕਾਰਨ ਸਰੀਰ ਹੋਰ ਵੀ ਕਈ ਬਿਮਾਰੀਆਂ ਦਾ ਸ਼ਿਕਾਰ ਹੋ ਸਕਦਾ ਹੈ। ਇਸ ਲਈ ਸਿਹਤ ਮਾਹਿਰ ਸ਼ੂਗਰ ਨੂੰ ਸਿਹਤ ਸੰਕਟ ਦੱਸਦੇ ਹੋਏ ਇਸ ਤੋਂ ਬਚਣ ਲਈ ਸਾਵਧਾਨੀਆਂ ਵਰਤਣ ’ਤੇ ਜ਼ੋਰ ਦਿੰਦੇ ਹਨ। ਚਿੰਤਾ ਦੀ ਗੱਲ ਤਾਂ ਇਹ ਹੈ ਕਿ ਹਰ ਉਮਰ ਦੇ ਲੋਕ ਸ਼ੂਗਰ ਦੀ ਬਿਮਾਰੀ ਦਾ ਸ਼ਿਕਾਰ ਹੋ ਰਹੇ ਹਨ। ਹਰ ਸਾਲ 14 ਨਵੰਬਰ ਨੂੰ ਵਿਸ਼ਵ ਸ਼ੂਗਰ ਦਿਵਸ (ੱਰਲਦ ਧਿਉਬੲਟੲਸ ਧੳ) ਮਨਾ ਕੇ ਸ਼ੂਗਰ ਬਿਮਾਰੀ ਪ੍ਰਤੀ ਜਾਗਰੂਕਤਾ ਫੈਲਾਉਣ ਦਾ ਮੁੱਢਲਾ ਯਤਨ ਕੀਤਾ ਜਾਂਦਾ ਹੈ। ਇਹ ਦਿਨ ਦੁਨੀਆ ਭਰ ’ਚ ਸ਼ੂਗਰ ਦੇ ਮਰੀਜ਼ਾਂ ਲਈ ਜਾਣਕਾਰੀ ਤੇ ਸਹਾਇਤਾ ਪ੍ਰਦਾਨ ਕਰਨ ਲਈ ਵਿਸ਼ੇਸ਼ ਮਹੱਤਵ ਰੱਖਦਾ ਹੈ। ਇਹ ਮੁਹਿੰਮ ਸੰਸਾਰ ਦੇ ਹਰ ਕੋਨੇ ’ਚ ਡਾਇਬਟੀਜ਼ ਨਾਲ ਜੁੜੀਆਂ ਬਿਮਾਰੀਆਂ ਤੇ ਇਨ੍ਹਾਂ ਦੇ ਪਰੇਸ਼ਾਨ ਕਰਨ ਵਾਲੇ ਪ੍ਰਭਾਵਾਂ ਬਾਰੇ ਲੋਕਾਂ ਨੂੰ ਸੁਚੇਤ ਕਰਨ ਲਈ ਹੈ।

**ਸ਼ੁਰੂਆਤ ਤੇ ਮਹੱਤਤਾ :** ਵਿਸ਼ਵ ਸ਼ੂਗਰ ਦਿਵਸ ਦੀ ਸ਼ੁਰੂਆਤ 1991 ਵਿਚ ਇੰਟਰਨੈਸ਼ਨਲ ਡਾਇਬਟੀਜ਼ ਫੈਡਰੇਸ਼ਨ ਤੇ ਵਿਸ਼ਵ ਸਿਹਤ ਸੰਗਠਨ ਵੱਲੋਂ ਕੀਤੀ ਗਈ ਸੀ। ਇਸ ਦਾ ਮੰਤਵ ਸਿਹਤ ਸਬੰਧੀ ਮਸਲਿਆਂ ਉੱਤੇ ਜਾਗਰੂਕਤਾ ਵਧਾਉਣਾ ਸੀ ਕਿਉਂਕਿ ਸ਼ੂਗਰ ਦਾ ਕਹਿਰ ਲਗਾਤਾਰ ਵੱਧਦਾ ਜਾ ਰਿਹਾ ਸੀ। 2006 ’ਚ ਸੰਯੁਕਤ ਰਾਸ਼ਟਰ ਨੇ ਇਸ ਨੂੰ ਅਧਿਕਾਰਤ ਦਿਨ ਕਬੂਲ ਕੀਤਾ ਤੇ ਉਸ ਦਿਨ ਤੋਂ ਇਸ ਦਿਨ ਨੂੰ ਵਿਸ਼ਵ ਪੱਧਰ ’ਤੇ ਮਨਾਇਆ ਜਾ ਰਿਹਾ ਹੈ।

**ਕੀ ਹੈ ਸ਼ੂਗਰ? :** ਸ਼ੂਗਰ ਆਧੁਨਿਕ ਜੀਵਨਸ਼ੈਲੀ ਦੀ ਮੁੱਖ ਸਮੱਸਿਆ ਬਣ ਚੁੱਕੀ ਹੈ। ਦੁਨੀਆਂ ਭਰ ’ਚ ਕਰੋੜਾਂ ਲੋਕ ਇਸ ਬਿਮਾਰੀ ਨਾਲ ਜੂਝ ਰਹੇ ਹਨ। ਇਹ ਬਿਮਾਰੀ ਉਦੋਂ ਹੁੰਦੀ ਹੈ, ਜਦੋਂ ਸਰੀਰ ਵਿਚ ਸ਼ੂਗਰ ਦੀ ਮਾਤਰਾ ਬੇਹਿਸਾਬ ਵੱਧ ਜਾਂਦੀ ਹੈ ਤੇ ਇਹ ਸਰੀਰ ਦੇ ਕਈ ਅੰਗਾਂ ਨੂੰ ਪ੍ਰਭਾਵਿਤ ਕਰਦੀ ਹੈ ਜਾਂ ਡਾਇਬਟੀਜ਼ ਅਜਿਹੀ ਅਵਸਥਾ ਹੈ, ਜਿਸ ਵਿਚ ਸਰੀਰ ਸ਼ੱਕਰ ’ਤੇ ਠੀਕ ਤਰੀਕੇ ਨਾਲ ਪ੍ਰਕਿਰਿਆ ਨਹੀਂ ਕਰ ਸਕਦਾ। ਸ਼ੂਗਰ ਦੇ ਦੋ ਮੁੱਖ ਤਰ੍ਹਾਂ ਦੇ ਰੂਪ ਹਨ ਟਾਈਪ-1 ਅਤੇ ਟਾਈਪ-2 ਡਾਇਬੀਟੀਜ਼। ਟਾਈਪ-1 ਡਾਇਬਟੀਜ਼ ’ਚ ਸਰੀਰ ਇੰਸੁਲਿਨ ਬਿਲਕੁਲ ਨਹੀਂ ਬਣਾ ਸਕਦਾ, ਜਦੋਂਕਿ ਟਾਈਪ-2 ਡਾਇਬੀਟੀਜ਼ ’ਚ ਸਰੀਰ ਦੀ ਇੰਸੁਲਿਨ ਪ੍ਰਤੀ ਸੰਵੇਦਨਸ਼ੀਲਤਾ ਘਟ ਜਾਂਦੀ ਹੈ। ਸਰੀਰ ਇੰਸੁਲਿਨ ਦੀ ਸਹੀ ਤਰੀਕੇ ਨਾਲ ਵਰਤੋਂ ਨਹੀਂ ਕਰ ਸਕਦਾ।

**ਕਾਰਨ :** ਸ਼ੂਗਰ ਦੇ ਕਾਰਨ ਕਈ ਹੋ ਸਕਦੇ ਹਨ, ਜਿਵੇਂ ਜੀਨਜ਼, ਮੋਟਾਪਾ, ਬਿਹਤਰ ਖ਼ੁਰਾਕ ਦੀ ਘਾਟ, ਖ਼ਰਾਬ ਜੀਵਨਸ਼ੈਲੀ ਅਤੇ ਸਰੀਰਕ ਕਸਰਤ ਦੀ ਘਾਟ। ਇਹ ਸਾਰੇ ਕਾਰਕ ਸ਼ੂਗਰ ਦੇ ਜੋਖ਼ਮ ਨੂੰ ਵਧਾ ਸਕਦੇ ਹਨ, ਖਾਸ ਤੌਰ ’ਤੇ ਟਾਈਪ-2 ਡਾਇਬਟੀਜ਼ ਦੇ ਮਾਮਲੇ ਵਿਚ।

**ਲੱਛਣ ਤੇ ਪੇਚੀਦਗੀਆਂ :** ਟਾਈਪ-1 ਡਾਇਬਟੀਜ਼ ਦੇ ਲੱਛਣ ਤੀਬਰ ਪਿਆਸ, ਵਾਰ-ਵਾਰ ਪਿਸ਼ਾਬ ਆਉਣਾ ਤੇ ਤੇਜ਼ੀ ਨਾਲ ਭਾਰ ਘਟਣਾ ਹਨ। ਟਾਈਪ-2 ਡਾਇਬਟੀਜ਼ ਸਾਈਲੈਂਟ ਹੈ ਅਤੇ ਲੰਬੇ ਸਮੇਂ ਤਕ ਕਿਸੇ ਦਾ ਧਿਆਨ ਨਹੀਂ ਜਾਂਦਾ ਪਰ ਇਹ ਦਿਲ ਜਾਂ ਦਿਮਾਗ਼ ਵਰਗੀਆਂ ਵੱਡੀਆਂ ਨਾੜੀਆਂ ਨੂੰ ਨੁਕਸਾਨ ਪਹੁੰਚਾਉਂਦੀ ਹੈ, ਜਿਸ ਨਾਲ ਦਿਲ ਦੇ ਦੌਰੇ ਜਾਂ ਸਟ੍ਰੋਕ ਦਾ ਜੋਖ਼ਮ ਵੀ ਹੋ ਸਕਦਾ ਹੈ। ਨਜ਼ਰ ਦੀ ਕਮੀ, ਗੁਰਦੇ ਦੀ ਅਸਫਲਤਾ ਅਤੇ ਝਰਨਾਹਟ ਜਾਂ ਸੁੰਨ੍ਹ, ਨਸਾਂ ’ਚ ਦਰਦ, ਦੰਦਾਂ ’ਚ ਦਰਦ ਜਾਂ ਮਸੂੜਿਆਂ ’ਚ ਜ਼ਖ਼ਮ ਆਦਿ ਦਾ ਜੋਖ਼ਮ ਹੁੰਦਾ ਹੈ।

**ਡਾਇਬਟੀਜ਼ ਟੈਸਟ :** ਡਾਇਬੀਟੀਜ਼ ਦੀ ਜਾਂਚ ਦੇ ਨਤੀਜੇ ਸਮਝਣ ਤੋਂ ਪਹਿਲਾਂ ਇਹ ਜਾਣਨਾ ਜ਼ਰੂਰੀ ਹੈ ਕਿ ਸ਼ੂਗਰ ਦਾ ਪਤਾ ਲਗਾਉਣ ਲਈ ਕਿਹੜੇ ਟੈਸਟ ਕਰਵਾਏ ਜਾਂਦੇ ਹਨ ਕਿਉਂਕਿ ਹਰ ਟੈਸਟ ਦੇ ਨਤੀਜਿਆਂ ਦਾ ਅਰਥ ਵੱਖਰਾ ਹੁੰਦਾ ਹੈ। ਆਮ ਤੌਰ ’ਤੇ ਡਾਇਬਟੀਜ਼ ਪਤਾ ਕਰਨ ਲਈ ਇਹ ਟੈਸਟ ਕੀਤੇ ਜਾਂਦੇ ਹਨ।

**ਖ਼ਾਲੀ ਪੇਟ ਬਲੱਡ ਸ਼ੂਗਰ ਟੈਸਟ :** ਇਸ ਟੈਸਟ ਵਿਚ ਮਰੀਜ਼ ਨੂੰ ਖ਼ਾਲੀ ਪੇਟ ਰੱਖ ਕੇ ਬਲੱਡ ਸ਼ੂਗਰ ਦੀ ਜਾਂਚ ਕਰਵਾਉਣੀ ਪੈਂਦੀ ਹੈ।

**ਖਾਣਾ ਖਾਣ ਤੋਂ ਬਾਅਦ ਬਲੱਡ ਸ਼ੂਗਰ ਟੈਸਟ :** ਇਹ ਟੈਸਟ ਖਾਣਾ ਖਾਣ ਤੋਂ 2 ਘੰਟੇ ਬਾਅਦ ਕੀਤਾ ਜਾਂਦਾ ਹੈ।

**ਐੱਚਬੀਏ ਟੈਸਟ :** ਇਹ ਟੈਸਟ ਪਿਛਲੇ 2-3 ਮਹੀਨਿਆਂ ਦੀ ਔਸਤ ਬਲੱਡ ਸ਼ੂਗਰ ਦੇ ਪੱਧਰ ਨੂੰ ਦਰਸਾਉਂਦਾ ਹੈ।

**ਰੈਂਡਮ ਬਲੱਡ ਸ਼ੂਗਰ ਟੈਸਟ :** ਇਹ ਕਿਸੇ ਵੀ ਸਮੇਂ ਬਿਨਾਂ ਕਿਸੇ ਵਿਸ਼ੇਸ਼ ਤਿਆਰੀ ਦੇ ਕੀਤਾ ਜਾਂਦਾ ਹੈ।

### ਬਚਾਅ ਤੇ ਇਲਾਜ ਦੇ ਉਪਾਅ

ਵਿਸ਼ਵ ਸ਼ੂਗਰ ਦਿਵਸ ਮੌਕੇ ’ਤੇ ਬਚਾਅ ਅਤੇ ਇਸ ਦੇ ਕੰਟਰੋਲ ਲਈ ਕਈ ਤਰੀਕਿਆਂ ਦੀ ਜਾਣਕਾਰੀ ਪ੍ਰਦਾਨ ਕੀਤੀ ਜਾਂਦੀ ਹੈ। ਸ਼ੂਗਰ ਦਾ ਇਲਾਜ ਕੀਤਾ ਜਾ ਸਕਦਾ ਹੈ ਜਾਂ ਕਹੀਏ ਕਿ ਇਸ ਦੇ ਮਾੜੇ ਪ੍ਰਭਾਵਾਂ ਤੋਂ ਦੇਰ ਤਕ ਬਚਿਆ ਜਾ ਸਕਦਾ ਹੈ, ਬਸ਼ਰਤੇ ਇਸ ਤੋਂ ਪੀੜਤ ਡਾਕਟਰ ਦੀ ਸਲਾਹ ਮੁਤਾਬਿਕ ਚੱਲਣ ਅਤੇ ਹਰ ਸਲਾਹ ਮੰਨਣ। ਸ਼ੂਗਰ ਨੂੰ ਕਾਬੂ ਕਰਨ ਲਈ ਸਿਹਤਮੰਦ ਜੀਵਨਸ਼ੈਲੀ ਬਣਾ ਕੇ ਰੱਖਣੀ ਚਾਹੀਦੀ ਹੈ, ਜਿਸ ਵਿਚ ਹਲਕਾ ਭੋਜਨ, ਕਸਰਤ ਅਤੇ ਤਣਾਅ ਨੂੰ ਘਟਾਉਣ ਦੇ ਯਤਨ ਆਦਿ ਸ਼ਾਮਿਲ ਹਨ। ਇੰਸੁਲਿਨ ਦੀ ਸਹੀ ਵਰਤੋਂ ਅਤੇ ਦਵਾਈਆਂ ਦਾ ਸਮੇਂ ਸਿਰ ਸਹੀ ਤਰੀਕੇ ਨਾਲ ਇਸਤੇਮਾਲ ਵੀ ਇਸ ਨੂੰ ਕਾਬੂ ’ਚ ਰੱਖਣ ਵਿਚ ਮਦਦ ਕਰ ਸਕਦਾ ਹੈ। ਨਾਲ ਹੀ ਖ਼ੂਨ ਦੀ ਸਮੇਂ-ਸਮੇਂ ’ਤੇ ਜਾਂਚ ਕਰਵਾਉਣਾ ਵੀ ਅਤਿ ਜ਼ਰੂਰੀ ਹੈ।

**ਸਹੀ ਖ਼ੁਰਾਕ :** ਖਾਣ-ਪੀਣ ਦੀਆਂ ਮਾੜੀਆਂ ਆਦਤਾਂ ਛੱਡ ਕੇ ਹਰੇ ਪੱਤੇ ਵਾਲੀਆਂ ਸਬਜ਼ੀਆਂ, ਫਲਾਂ ਅਤੇ ਪੌਸ਼ਟਿਕ ਖ਼ੁਰਾਕ ਨਾਲ ਬਚਾਅ ਕੀਤਾ ਜਾ ਸਕਦਾ ਹੈ। ਤੇਜ਼ ਨਮਕ-ਮਿਰਚ ਤੇ ਮਿੱਠੇ ਤੋਂ ਪਰਹੇਜ਼ ਰੱਖਣਾ ਚਾਹੀਦਾ ਹੈ।

**ਨਿਯਮਿਤ ਕਸਰਤ :** ਰੋਜ਼ਾਨਾ 30-35 ਮਿੰਟ ਸੈਰ ਕਰਨਾ ਜਾਂ ਹਫ਼ਤੇ ’ਚ ਘੱਟੋ-ਘੱਟ 150 ਮਿੰਟ ਕਸਰਤ ਕਰਨ ਨਾਲ ਖ਼ਤਰੇ ਨੂੰ ਘਟਾਇਆ ਜਾ ਸਕਦਾ ਹੈ।












# ਰਾਸ਼ੀਫਲ

**ਮੇਖ** : ਆਪਣੇ ਸਰੀਰ ਦੀ ਥਕਾਵਟ ਅਤੇ ਉਰਜਾ ਸਤਰ ਨੂੰ ਵਧਾਉਣ ਲਈ ਤੁਹਾਨੂੰ ਪੂਰੇ ਆਰਾਮ ਦੀ ਜ਼ਰੂਰਤ ਹੈ ਨਹੀਂ ਤਾਂ ਸਰੀਰ ਦੀ ਥਕਾਵਟ ਤੁਹਾਡੇ ਮਨ ਵਿਚ ਨਿਰਾਸ਼ਾਵਾਦ ਨੂੰ ਜਨਮ ਦੇ ਸਕਦੀ ਹੈ। ਆਪਣੇ ਜੀਵਨ ਸਾਥੀ ਨਾਲ ਮਿਲ ਕੇ, ਤਸੀ ਭਵਿੱਖ ਦੇ ਲਈ ਧੰਨ ਦੀ ਯੋਜਨਾ ਅਤੇ ਆਰਥਿਕਤਾ ਬਾਰੇ ਗੱਲਬਾਤ ਕਰ ਸਕਦੇ ਹੋ। ਤੁਹਾਡੇ ਜੀਵਨਸਾਥੀ ਦੀ ਸਿਹਤ ਤੁਹਾਨੂੰ ਚਿੰਤਾ ਵਿਚ ਪਾ ਸਕਦੀ ਹੈ। ਥੋੜੀ ਕੋਸ਼ਿਸ਼ ਹੋਰ ਕਰੋ ਅੱਜ ਕਿਸਮਤ ਤੁਹਾਡਾ ਸਾਥ ਜਰੂਰ ਦੇਵੇਗੀ ਕਿਉਂ ਕਿ ਇਹ ਤੁਹਾਡਾ ਦਿਨ ਹੈ। ਲਗਦਾ ਹੈ ਕਿ ਤੁਹਾਡੇ ਸੀਨੀਅਰ ਅੱਜ ਦੇਵਦਾਤਾਂ ਜਿਹਾ ਵਿਵਹਾਰ ਕਰਨ ਵਾਲੇ ਹਨ। ਅੱਜ ਰਾਤ ਜੀਵਨ ਸਾਥੀ ਦੇ ਨਾਲ ਖਾਲੀ ਸਮਾਂ ਬਿਤਾਉਂਦੇ ਹੋਏ ਤੁਹਾਨੂੰ ਲੱਗੇਗਾ ਕਿ ਤੁਹਾਨੂੰ ਉਨਾਂ ਨੂੰ ਹੋਰ ਵੀ ਸਮਾਂ ਦੇਣ ਚਾਹੀਦਾ ਹੈ। ਮਹਿਲਾਵਾਂ ਸ਼ੁੱਕਰ ਅਤੇ ਪੁਰਸ਼ ਮੰਗਲ ਗ੍ਰਹਿ ਦੇ ਰਹਿਣ ਵਾਲੇ ਹਨ ਪਰੰਤੂ ਅੱਜ ਦੇ ਦਿਨ ਸ਼ੁੱਕਰ ਅਤੇ ਮੰਗਲ ਇਕ ਦੂਸਰੇ ਵਿਚ ਘੁਲ ਜਾਣਗੇ।

**ਬ੍ਰਿਸ਼ਭ** : ਆਪਣੇ ਸਰੀਰ ਦੀ ਥਕਾਵਟ ਅਤੇ ਉਰਜਾ ਸਤਰ ਨੂੰ ਵਧਾਉਣ ਲਈ ਤੁਹਾਨੂੰ ਪੂਰੇ ਆਰਾਮ ਦੀ ਜ਼ਰੂਰਤ ਹੈ ਨਹੀਂ ਤਾਂ ਸਰੀਰ ਦੀ ਥਕਾਵਟ ਤੁਹਾਡੇ ਮਨ ਵਿਚ ਨਿਰਾਸ਼ਾਵਾਦ ਨੂੰ ਜਨਮ ਦੇ ਸਕਦੀ ਹੈ। ਪਰਿਵਾਰ ਦੇ ਕਿਸੇ ਮੈਂਬਰ ਦੇ ਬਿਮਾਰ ਹੋਣ ਦੀ ਵਜਾਹ ਤੋਂ ਤੁਹਾਨੂੰ ਆਰਥਿਕ ਮੁਸ਼ਕਿਲ ਆ ਸਕਦੀ ਹੈ ਹਾਲਾਂ ਕਿ ਇਸ ਵਕਤ ਤੁਹਾਨੂੰ ਧੰਨ ਤੋਂ ਜਿਆਦਾ ਉਨਾਂ ਦੀ ਸਿਹਤ ਦੀ ਚਿੰਤਾ ਕਰਨੀ ਚਾਹੀਦੀ ਹੈ। ਅਜਿਹੇ ਕੰਮਕਰੋ ਜਿਨਾਂ ਤੋਂ ਤੁਹਾਨੂੰ ਖੁਸ਼ੀ ਮਿਲੇ ਪਰੰਤੂ ਦੂਸਰਿਆਂ ਦੀ ਦਖਲ ਅੰਦਾਜ਼ੀ ਤੋਂ ਬਚੋ। ਰੋਮਾਂਸ ਤੁਹਾਡੇ ਦਿਲ ਅਤੇ ਦਿਮਾਗ ਨੂੰ ਨਿਯੰਤਰਿਤ ਕਰਦਾ ਹੈ। ਕੰਮ ਕਾਰ ਦੇ ਨਜ਼ਰੀਏ ਨਾਲ ਅੱਜ ਦਾ ਦਿਨ ਤੁਹਾਡਾ ਹੈ। ਪੈਸੇ, ਪਿਆਰ, ਪਰਿਵਾਰ ਤੋਂ ਦੂਰ ਹੋ ਕੇ ਅੱਜ ਤੁਸੀ ਆਨੰਦ ਦੀ ਤਲਾਸ਼ ਵਿਚ ਕਿਸੇ ਆਧਿਆਤਮਕ ਗੁਰੂ ਨੂੰ ਮਿਲਣ ਲਈ ਜਾ ਸਕਦੇ ਹੋ। ਲੰਬੇ ਸਮੇਂ ਦੇ ਬਾਅਦ ਜੀਵਨਸਾਥੀ ਦੇ ਨਾਲ ਕਾਫੀ ਵਧੀਆ ਸਮਾਂ ਬਿਤਾਉਣ ਦਾ ਮੌਕਾ ਮਿਲ ਸਕਦਾ ਹੈ।

**ਮਿਥੁਨ** : ਬਜ਼ੁਰਗ ਲੋਕਾਂ ਨੂੰ ਆਪਣੀ ਸਿਹਤ ਦਾ ਧਿਆਨ ਰੱਖਣ ਦੀ ਜ਼ਰੂਰਤ ਹੈ। ਅੱਜ ਦੇ ਦਿਨ ਤੁਹਾਨੂੰ ਆਰਥਿਕ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਸੰਭਵ ਹੈ ਕਿ ਤੁਸੀ ਜ਼ਰੂਰਤ ਤੋਂ ਜ਼ਿਆਦਾ ਖਰਚ ਕਰੋ ਜਾਂ ਤੁਹਾਡਾ ਪਰਸ ਵੀ ਖੋ ਸਕਦਾ ਹੈ ਇਨਾਂ ਮਾਮਲਿਆਂ ਵਿਚ ਸਾਵਧਾਨੀ ਦੀ ਘਾਟ ਤੁਹਾਨੂੰ ਨੁਕਸਾਨ ਪਹੁੰਚਾ ਸਕਦੀ ਹੈ। ਪਰਿਵਾਰਿਕ ਮੋਰਚੇ ਤੋ ਚੀਜਾਂ ਚੰਗੀਆਂ ਰਹਿਣਗੀਆਂ ਅਤੇ ਆਪਣੀ ਯੋਜਨਾ ਦੇ ਨਾਲ ਤੁਸੀ ਪੂਰੀ ਸਹਿਯੋਗ ਦੀ ਉਮੀਦ ਕਰ ਸਕਦੇ ਹੋ। ਤੁਹਾਡੇ ਸੁਪਨੇ ਅਤੇ ਹਕੀਕਤ ਅੱਜ ਪਿਆਰ ਦੀ ਖੁਸ਼ੀ ਵਿਚ ਰਲਗਡ ਹੋ ਜਾਵੇਗੀ। ਜੇਕਰ ਤੁਸੀ ਆਪਣੇ ਵਿਚਾਰ ਨੇੜੇ ਨੇੜੇ ਦੇ ਲੋਕਾਂ ਨੂੰ ਦੱਸੋ ਜੋ ਮਹੱਤਵਪੂਰਣ ਫੈਂਸਲੇ ਲੈਂਦੇ ਹਨ ਤਾਂ ਤੁਹਾਨੂੰ ਲਾਭ ਹੋਵੇਗਾ। ਕੰਮ ਦੇ ਪ੍ਰਤੀ ਆਪਣੇ ਸਮਰਪਣ ਅਤੇ ਨਿਸ਼ਠਾ ਦੇ ਲਈ ਸ਼ਾਬਾਸ਼ੀ ਮਿਲਣ ਦੀ ਸੰਭਾਵਨਾ ਹੈ। ਤੁਹਾਨੂੰ ਅੱਜ ਲੋਕਾਂ ਨਾਲ ਗੱਪੇ ਮਾਰਨ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਕਿਉਂ ਕਿ ਇਹ ਤੁਹਾਡਾ ਬਹੁਤਾ ਸਮਾਂ ਖਾਂਦਾ ਹੈ। ਅੱਜ ਤੁਸੀ ਜਾਣੋਗੇ ਕਿ ਤੁਸੀ ਆਪਣੇ ਜੀਵਨਸਾਥੀ ਦੇ ਨਾਲ ਕਿਵੇਂ ਮਹਿਸੂਸ ਕਰੋਂਗੇ ਹਾਂ , ਤੁਹਾਡਾ ਜੀਵਨਸਾਥੀ ਇਕ ਹੈ।

**ਕਰਕ** : ਬਜ਼ੁਰਗ ਲੋਕਾਂ ਨੂੰ ਆਪਣੀ ਸਿਹਤ ਦਾ ਖਿਆਲ ਰੱਖਣ ਦੀ ਖਾਸ ਲੋੜ ਹੈ। ਕਾਰੋਬਾਰੀਆਂ ਨੂੰ ਅੱਜ ਵਪਾਰ ਵਿਚ ਘਾਟਾ ਪੈ ਸਕਦਾ ਹੈ ਅਤੇ ਆਪਣੇ ਵਪਾਰ ਨੂੰ ਬੇਹਤਰ ਬਣਾਉਣ ਲਈ ਤੁਹਾਨੂੰ ਪੈਸਾ ਖਰਚ ਕਰਨਾ ਪੈ ਸਕਦਾ ਹੈ। ਕਿਸੇ ਨਜ਼ਦੀਕੀ ਰਿਸ਼ਤੇਦਾਰ ਜਾਂ ਦੋਸਤ ਤੋਂ ਮਿਲੀ ਚੰਗੀ ਖਬਰ ਦੇ ਨਾਲ ਦਿਨ ਦੀ ਸ਼ੁਰੂਆਤ ਹੋਵੇਗੀ। ਤੁਸੀ ਦੇਖਭਾਲ ਕਰਨ ਵਾਲੇ ਅਤੇ ਸਮਝਣ ਵਾਲੇ ਦੋਸਤ ਨੂੰ ਮਿਲੋਗੇ। ਰਚਨਾਤਮਕ ਕੰਮ ਵਿਚ ਲੱਗੇ ਲੋਕਾਂ ਦੇ ਲਈ ਸਫਲਤਾ ਨਾਲ ਭਰਿਆ ਦਿਨ ਹੈ ਉਨਾਂ ਨੂੰ ਉਹ ਸ਼ੋਹਰਤ ਅਤੇ ਪਹਿਚਾਣ ਮਿਲੇਗੀ ਜਿਸ ਦੀ ਉਨਾਂ ਨੂੰ ਲੰਬੇ ਸਮੇਂ ਤੋਂ ਉਡੀਕ ਸੀ। ਦੂਸਰਿਆਂ ਨੂੰ ਇਹ ਦੱਸਣ ਉਤਸਕ ਨਾ ਹੋਵੇ ਕਿ ਤੁਸੀ ਅੱਜ ਕਿਵੇਂ ਮਹਿਸੂਸ ਕਰ ਰਹੇ ਹੋ। ਮਹਿਲਾਵਾਂ ਸ਼ੁੱਕਰ ਅਤੇ ਪੁਰਸ਼ ਮੰਗਲ ਗ੍ਰਹਿ ਦੇ ਰਹਿਣ ਵਾਲੇ ਹਨ ਪਰੰਤੂ ਅੱਜ ਦੇ ਦਿਨ ਸ਼ੁੱਕਰ ਅਤੇ ਮੰਗਲ ਇਕ ਦੂਸਰੇ ਵਿਚ ਘੁਲ ਜਾਣਗੇ।

**ਸਿੰਘ** :ਆਪਣੇ ਨਾਕਾਰਤਮਕ ਰਵੱਈਏ ਦੇ ਚਲਦੇ ਤੁਸੀ ਪ੍ਰਗਤੀ ਨਹੀਂ ਕਰ ਰਹੇ ਹੋ ਇਹ ਇਸ ਬਾਤ ਨੂੰ ਸਮਝਣ ਦਾ ਸਹੀ ਸਮੇਂ ਹੈ ਕਿ ਚਿੰਤਾ ਦੀ ਆਦਤ ਨੇ ਤੁਹਾਡੀ ਸੋਚਣ ਦੀ ਸ਼ਮਤਾ ਨੂੰ ਖਤਮ ਕਰ ਦਿੱਤੈ ਹੈ ਹਾਲਾਤ ਦੇ ਉਲਜੇ ਪਹਿਲੂ ਵੱਲ ਵੇਖੋ ਅਤੇ ਤੁਸੀ ਪਾਉਂਗੇ ਕਿ ਚੀਜਾਂ ਸੁਧਰ ਰਹੀਆਂ ਹਨ। ਅੱਜ ਤੁਹਾਡਾ ਪੈਸਾ ਕਈਂ ਚੀਜਾਂ ਤੇ ਖਰਚ ਹੋ ਸਕਦਾ ਹੈ ਤੁਹਾਨੂੰ ਅੱਜ ਚੰਗਾ ਬਜਟ ਯੋਜਨਾ ਬਣਾਉਣ ਦੀ ਲੋੜ ਹੈ ਇਸ ਨਾਲ ਤੁਹਾਡੀਆਂ ਕਈਂ ਮੁਸ਼ਕਿਲਾਂ ਦੂਰ ਹੋ ਸਕਦੀਆਂ ਹਨ। ਘਰ ਵਿਚ ਉਲਾਸ ਦਾ ਮਾਹੌਲ ਤੁਹਾਡੇ ਤਣਾਅ ਨੂੰ ਘੱਟ ਕਰ ਦੇਵੇਗਾ। ਤੁਸੀ ਵੀ ਪੂਰੀ ਸਹਾਭੀਗਤਾ ਕਰੋ ਅਤੇ ਮਹਿਜ਼ ਸ਼ਾਤ ਦਰਸ਼ਕ ਨਾ ਬਣੋ। ਤੁਹਾਡੀ ਪ੍ਰੇਮ ਸੰਬੰਧਾਂ ਬਾਰੇ ਗਲਤਫਹਿਮੀ ਹੋਣ ਦੀ ਸੰਭਾਵਨਾ ਹੈ। ਇਸ ਰਾਸ਼ੀ ਦੇ ਚਿੰਨ੍ਹ ਵਾਲੇ ਨੂੰ ਕੰਮਕਾਰ ਵਿਚ ਜਰੂਰਤ ਤੋਂ ਜਿਆਦਾ ਬੋਲਣ ਤੋਂ ਬਚਣਾ ਚਾਹੀਦਾ ਹੈ ਨਹੀਂ ਤਾਂ ਤੁਹਾਡੀ ਈਮੇਜ਼ ਤੇ ਮਾੜਾ ਅਸਰ ਪੈ ਸਕਦਾ ਹੈ ਇਸ ਰਾਸ਼ੀ ਦੇ ਕਾਰੋਬਾਰੀਆਂ ਨੂੰ ਕਿਸੇ ਪੁਰਾਣੇ ਨਿਵੇਸ਼ ਦੀ ਵਜਾਹ ਨਾਲ ਅੱਜ ਘਾਟਾ ਹੋਣ ਦੀ ਸੰਭਾਵਨਾ ਹੈ। ਰਸਮਾਂ, ਹਵਨ, ਪੂਜਾ ਪਾਠ ਆਦਿ ਦਾ ਆਯੋਜਨ ਘਰ ਵਿਚ ਹੋਵੇਗਾ। ਦਿਨ ਵਿਚ ਜੀਵਨਸਾਥੀ ਦੇ ਨਾਲ ਬਹਿਸ ਦਾ ਬਾਅਦ ਤੁਹਾਡੇ ਜੀਵਨ ਸਾਥੀ ਨਾਲ ਸ਼ਾਮ ਬੇਹਤਰੀਨ ਗੁਜ਼ਰੇਗੀ।

**ਕੰਨਿਆ**: ਤੁਹਾਡਾ ਲੜਾਕੂ ਸੁਭਾਅ ਤੁਹਾਡੇ ਦੁਸ਼ਮਨਾਂ ਦੀ ਸੂਚੀ ਨੂੰ ਲੰਬਾ ਕਰ ਸਕਦਾ ਹੈ ਕਿਸੇ ਨੂੰ ਖੁਦ ਤੇ ਇਨਾਂ ਨਿਯੰਤਰਣ ਨਾ ਦਿਉ। ਕਿ ਉਹ ਤੁਹਾਨੂੰ ਨਾਰਾਜ਼ ਕਰ ਸਕੇ ਅਤੇ ਜਿਸਦੇ ਲਈ ਤੁਹਾਨੂੰ ਬਾਅਦ ਵਿਚ ਪਛਤਾਉਣਾ ਪਵੇ। ਅੱਜ ਦੇ ਦਿਨ ਤੁਹਾਨੂੰ ਆਪਣੇ ਉਨਾਂ ਦੋਸਤਾਂ ਤੋਂ ਬਚ ਕੇ ਰਹਿਣ ਦੀ ਲੋੜ ਹੈ ਜੋ ਤੁਹਾਡੇ ਤੋਂ ਉਧਾਰ ਮੰਗਦੇ ਹਨ ਅਤੇ ਫਿਰ ਵਾਪਸ ਨਹੀਂ ਕਰਦੇ। ਆਪਣੇ ਪਰਿਵਾਰ ਦੇ ਨਾਲ ਰੁਖਾ ਵਿਵਹਾਰ ਨਾ ਕਰੋ ਇਹ ਪਰਿਵਾਰਿਕ ਸ਼ਾਤੀ ਨੂੰ ਭੰਗ ਕਰ ਸਕਦਾ ਹੈ। ਅੱਜ ਤੁਸੀ ਹਰ ਤਰਫ ਪਿਆਰ ਹੀ ਪਿਆਰ ਫੈਲੈਉਂਗੇ। ਕੁਝ ਲੋਕਾਂ ਦੇ ਲਈ ਪਾਰਟ ਟਾਈਮ ਨੋਕਰੀ ਚੰਗਾ ਸਮਾਂ ਹੈ। ਬਿਨਾਂ ਕਿਸੇ ਸੂਚਨਾ ਤੋਂ ਅੱਡ ਤੁਹਾਡੇ ਰਿਸ਼ਤੇਦਾਰ ਤੁਹਾਡੇ ਘਰ ਆ ਸਕਦੇ ਹਨ ਜਿਸ ਨਾਲ ਤੁਹਾਡਾ ਕੀਮਤੀ ਸਮਾਂ ਉਨਾਂ ਦੀ ਖਾਤਿਰਦਾਰੀ ਵਿਚ ਖਰਾਬ ਹੋ ਸਕਦਾ ਹੈ। ਅੱਜ ਤੁਸੀ ਆਪਣੇ ਜੀਵਨਸਾਥੀ ਦੇ ਨਾਲ ਕੁਝ ਬੇਹਤਰੀਨ ਪਲ ਗੁਜ਼ਾਰ ਸਕੋਂਗੇ।

**ਤੁਲਾ** : ਅੱਜ ਤੁਸੀ ਥਕਾਵਟ ਮਹਿਸੂਸ ਕਰੋਂਗੇ ਅਤੇ ਛੋਟੀ ਛੋਟੀ ਗੱਲਾਂ ਤੇ ਨਾਰਾਜ਼ ਵੀ ਹੋ ਸਕਦੇ ਹੋ। ਰੁਕੇ ਹੋਏ ਮਾਮਲੇ ਹੋਰ ਘਣੇ ਹੋਣਗੇ ਉਹ ਖਰਚ ਤੁਹਾਡੇ ਦਿਮਾਗ ਤੇ ਛਾ ਜਾਵੇਗਾ। ਤੁਹਾਡਾ ਮਜ਼ਾਕੀਆ ਸੁਭਾਅ ਸਮਾਜਿਕ ਮੇਲ ਜੋਲ ਦੀ ਜਗਾਹ ਉੱਤੇ ਤੁਹਾਡੀ ਲੋਕਪ੍ਰਿਯਤਾ ਵਿਚ ਵਾਧਾ ਕਰੇਗਾ। ਅੱਜ ਦੇ ਦਿਨ ਰੋਮਾਂਸ ਦੀ ਆਸ ਨਾ ਰੱਖੋ। ਕੰਮਕਾਰ ਦੇ ਨਜ਼ਰੀਏ ਤੋਂ ਅੱਜ ਦਾ ਦਿਨ ਵਾਕਾਈ ਸੁਚਾਰੂ ਰੂਪ ਨਾਲ ਚੱਲੇਗਾ। ਅੱਜ ਤੁਹਾਡੇ ਕੋਲ ਖਾਲੀ ਸਮਾਂ ਹੋਵੇਗਾ ਅਤੇ ਇਸ ਸਮੇਂ ਦਾ ਇਸਤੇਮਾਲ ਤੁਸੀ ਧਿਆਨ ਯੋਗ ਕਰਨ ਵਿਚ ਕਰ ਸਕਦੇ ਹੋ ਅੱਜ ਤੁਹਾਨੂੰ ਮਾਨਸਿਕ ਸ਼ਾਤੀ ਦਾ ਅਹਿਸਾਸ ਹੋਵੇਗਾ। ਅੱਜ ਤੁਹਾਡੀ ਬੀਤੀ ਜ਼ਿੰਦਗੀ ਦਾ ਕੋਈ ਰਾਜ਼ ਤੁਹਾਡੇ ਜੀਵਨ ਸਾਥੀ ਨੂੰ ਉਦਾਸ ਕਰ ਸਕਦਾ ਹੈ।

**ਬ੍ਰਿਸ਼ਚਕ** : ਆਪਣੇ ਕੰਮ ਲਈ ਦੂਸਰਿਆਂ ਤੇ ਦਬਾਅ ਨਾ ਪਾਉ। ਦੂਜੇ ਲੋਕਾਂ ਦੀ ਇੱਛਾ ਅਤੇ ਦਿਲਚਸਪੀਆਂ ਤੇ ਵੀ ਧਿਆਨ ਦਿਉ ਇਸ ਨਾਲ ਤੁਹਾਨੂੰ ਦਿਲ ਦੀ ਖੁਸ਼ੀ ਹਾਸਿਲ ਹੋਵੇਗੀ। ਅੱਜ ਤੁਹਾਡੇ ਕੋਲ ਕਾਫੀ ਧੰਨ ਹੋਵੇਗਾ ਅਤੇ ਇਸ ਨਾਲ ਮਨ ਵਿਚ ਸ਼ਾਤੀ ਰਹੇਗੀ। ਅੱਜ ਤੁਸੀ ਜਿਸ ਸਮਾਜਿਕ ਸਮਾਗਮ ਵਿਚ ਜਾਵੋਂਗੇ ਉੱਥੇ ਤੁਸੀ ਸਭ ਦੇ ਧਿਆਨ ਦਾ ਕੇਂਦਰ ਹੋਵੋਂਗੇ। ਤੁਹਾਡਾ ਪਿਆਰ ਅਸਵੀਕਾਰ ਨੂੰ ਸੱਦਾ ਦੇ ਸਕਦਾ ਹੈ। ਲੋਕਾਂ ਨੂੰ ਕੰਮ ਤੇ ਲੈ ਕੇ ਜਾਉ ਕਿਉਂ ਕਿ ਤੁਹਾਡੀ ਉਨਤੀ ਵਿਚ ਸਹਾਇਤਾ ਕਰੇਗੀ। ਤੁਸੀ ਆਪਣੇ ਸੀਨੀਅਰ ਨੂੰ ਅਨੇਕਾਂ ਅਧੂਰੇ ਕਾਰਜਾਂ ਨੂੰ ਸਹਿਣ ਕਰ ਸਕਦੇ ਹੋ ਜਿਸ ਦਾ ਤੁਹਾਡੇ ਦੁਆਰਾ ਪਿਛਲੇ ਸਮੇਂ ਵਿਚ ਕੋਈ ਧਿਆਨ ਨਹੀਂ ਦਿੱਤਾ ਗਿਆ ਸੀ ਅੱਜ ਤੁਹਾਡਾ ਖਾਲੀ ਸਮਾਂ ਤੁਹਾਡੇ ਦਫਤਰ ਦੇ ਕੰਮ ਕਰਨ ਵਿਚ ਬਤੀਤ ਕਰੇਗਾ। ਜੇਕਰ ਤੁਹਾਡੇ ਜੀਵਨ ਸਾਥੀ ਦੀ ਸਿਹਤ ਦੇ ਚਲਦੇ ਕਿਸੇ ਨਾਲ ਮਿਲਣ ਦੀ ਯੋਜਨਾ ਰੱਦ ਹੋ ਜਾਵੇ ਤਾਂ ਚਿੰਤਾ ਨਾ ਕਰੋ ਤੁਸੀ ਨਾਲ ਜਿਆਦਾ ਸਮਾਂ ਗੁਜ਼ਾਰ ਸਕੋਂਗੇ।

**ਧਨੂੰ**: ਤੁਹਾਡੀ ਸਮੱਸਿਆਵਾਂ ਅੱਜ ਤੁਹਾਡੇ ਮਾਨਸਿਕ ਸੁੱਖ ਨੂੰ ਖਤਮ ਕਰ ਸਕਦੀਆਂ ਹਨ। ਇਸ ਰਾਸ਼ੀ ਨਾਲ ਕੁਝ ਲੋਕਾਂ ਨੂੰ ਅੱਜ ਬੱਚੇ ਦੇ ਪੱਖ ਤੋਂ ਆਰਥਿਕ ਲਾਭ ਹੋਣ ਦੀ ਉਮੀਦ ਹੈ ਅੱਜ ਤੁਸੀ ਆਪਣੇ ਬੱਚੇ ਤੇ ਗਰਵ ਮਹਿਸੂਸ ਕਰੋਂਗੇ। ਘਰੇਲੂ ਮਾਮਲੇ ਅਤੇ ਕਾਫੀ ਸਮੇਂ ਤੋਂ ਲੰਬਿਤ ਘਰ ਦੇ ਕੰਮ ਕਾਜ ਦੇ ਹਿਸਾਬ ਨਾਲ ਚੰਗਾ ਦਿਨ ਹੈ। ਜੇਕਰ ਤੁਸੀ ਸਮੂਹ ਵਿਚ ਘੁੰਮਦੇ ਹੋ ਤਾਂ ਵਿਸ਼ੇਸ਼ ਵਿਅਕਤੀ ਦੀ ਨਜ਼ਰ ਪਰੜੋਂਗੇ। ਕੰਮ ਕਾਰ ਵਿਚ ਕਿਸੇ ਵਿਸ਼ੇਸ਼ ਵਿਅਕਤੀ ਨਾਲ ਮੁਲਾਕਾਤ ਹੋ ਸਕਦੀ ਹੈ। ਪਰਿਵਾਰ ਦੀਆਂ ਲੋੜਾਂ ਨੂੰ ਪੂਰਾ ਕਰਦੇ ਸਮੇਂ ਤੁਸੀ ਕਈਂ ਵਾਰ ਖੁਦ ਨੂੰ ਬਰੇਕ ਦੇਣਾ ਭੁੱਲ ਜਾਂਦੇ ਹੋ ਪਰੰਤੂ ਅੱਜ ਤੁਸੀ ਆਪਣੇ ਲਈ ਸਮਾਂ ਕੱਢੋਗੇਂ ਅਤੇ ਨਵੇਂ ਸ਼ੌਂਕ ਦੀ ਭਾਲ ਕਰੋਂਗੇ ਇਕ ਵਿਆਹੁਤ ਜ਼ਿੰਦਗੀ ਵਿਚ ਨਿੱਜਤਾ ਦੀ ਵਿਸ਼ੇਸ਼ ਥਾਂ ਹੈ ਪਰ ਅੱਜ ਤੁਸੀ ਕੋਸ਼ਿਸ਼ ਕਰੋਂਗੇ ਕਿ ਦੂਜੇ ਤੁਹਾਡੇ ਕਰੀਬ ਆਉਣ। ਰੋਮਾਂਸ ਵਿਚ ਅੱਗ ਲੱਗ ਜਾਵੇਗੀ।

**ਮਕਰ** : ਤੁਹਾਨੂੰ ਕੋਈ ਗਲਤ ਜਾਣਕਾਰੀ ਮਿਲ ਸਕਦੀ ਹੈ ਜਿਸਦੇ ਚੱਲਦੇ ਤੁਸੀ ਮਾਨਸਿਕ ਦਬਾਅ ਦਾ ਸ਼ਿਕਾਰ ਹੋ ਸਕਦੇ ਹੋ। ਜੀਵਨ ਸਾਥੀ ਨਾਲ ਪੈਸਿਆਂ ਨਾਲ ਜੁੜੇ ਮਾਮਲੇ ਨੂੰ ਲੈ ਕੇ ਅੱਜ ਬਹਿਸ ਹੋਣ ਦੀ ਸੰਭਾਵਨਾ ਹੈ ਅੱਜ ਤੁਹਾਡੇ ਫਜ਼ੂਲ ਖਰਚ ਤੇ ਤੁਹਾਨੂੰ ਲੈਕਚਰ ਦੇ ਸਕਦਾ ਹੈ। ਪਰਿਵਾਰਿਕ ਸਮਾਗਮ ਵਿਚ ਨਵੇਂ ਦੋਸਤ ਬਣ ਸਕਦੇ ਹਨ ਹਾਲਾਂ ਕਿ ਆਪਣੀ ਚੋਣ ਵਿਚ ਸਾਵਧਾਨੀ ਵਰਤੋ। ਚੰਗੇ ਦੋਸਤ ਉਸ ਖਜਾਨੇ ਦੀ ਤਰਾਂ ਹੁੰਦੇ ਹਨ ਜਿਸ ਨੂੰ ਸਾਰੀ ਜ਼ਿੰਦਗੀ ਦਿਲ ਦੇ ਕਰੀਬ ਰੱਖਿਆ ਜਾਂਦਾ ਹੈ। ਅੱਜ ਤੁਹਾਡਾ ਪਿਆਰਾ ਤੁਹਾਡਾ ਜੀਵ ਦੇਵਦੂਤ ਬਣਨ ਜਾ ਰਿਹਾ ਹੈ ਪਲਾਂ ਦੀ ਕਦਰ ਕਰੋ। ਇਸ ਰਾਸ਼ੀ ਦੇ ਕਾਰੋਬਾਰੀਆਂ ਨੂੰ ਅੱਜ ਕਾਰੋਬਾਰ ਦੇ ਸਿਲਸਿਲੇ ਵਿਚ ਅਣਚਾਹੀ ਯਾਤਰਾ ਕਰਨੀ ਪੈ ਸਕਦੀ ਹੈ। ਇਹ ਤੁਹਾਨੂੰ ਮਾਨਸਿਕ ਤਣਾਵ ਦੇ ਸਕਦਾ ਹੈ ਨੋਕਰੀ ਪੇਸ਼ੇ ਵਾਲੇ ਲੋਕਾਂ ਨੂੰ ਅੱਜ ਦਫਤਰ ਵਿਚ ਇੱਧਰ ਉੱਧਰ ਦੀਆਂ ਗੱਲਾਂ ਕਰਨ ਤੋਂ ਬਚਣਾ ਚਾਹੀਦਾ ਹੈ। ਲੰਬੇ ਸਮੇਂ ਤੋਂ ਲਟਕੀਆਂ ਮੁਸ਼ਕਿਲਾਂ ਨੂੰ ਜਲਦੀ ਹੀ ਹੱਲ ਕਰਨ ਦੀ ਲੋੜ ਹੈ ਅਤੇ ਤੁਸੀ ਜਾਣਦੇ ਹੋ ਕਿ ਤੁਹਾਨੂੰ ਕਿਤੋ ਨਾ ਕਿਤੋ ਸ਼ੁਰੂਆਤ ਕਰਨੀ ਹੋਵੇਗੀ ਸਾਕਾਰਤਮਕ ਰਹੋ ਅਤੇ ਅੱਜ ਤੋਂ ਪ੍ਰਯਾਸ ਸ਼ੁਰੂ ਕਰ ਦਿਉ। ਵਿਵਾਹਿਕ ਜ਼ਿੰਦਗੀ ਦੇ ਕਈਂ ਲਾਭ ਵੀ ਹੁੰਦੇ ਹਨ ਅਤੇ ਅੱਜ ਤੁਸੀ ਉਨਾਂ ਸਾਰਿਆਂ ਦਾ ਅੁਭਵ ਕਰ ਸਕਦੇ ਹੋ।

**ਕੁੰਭ**: ਅੱਜ ਦਾ ਦਿਨ ਉਹਨਾਂ ਦਿਨਾਂ ਦੀ ਤਰਾਂ ਨਹੀਂ ਹੈ ਜਦੋਂ ਤੁਸੀ ਕਿਸਮਤ ਵਾਲੇ ਸਾਬਿਤ ਹੁੰਦੇ ਹੋ ਇਸ ਲਈ ਅੱਜ ਜੋ ਕੁਝ ਵੀ ਬੋਲੋ ਸੋਚ ਸਮਝ ਕੇ ਬੋਲੋ ਕਿਉਂ ਕਿ ਥੋੜੀ ਜਿਹੀ ਬਾਤਚੀਤ ਦਿਨਭਰ ਖਿੱਚ ਕੇ ਵੱਡੇ ਵਿਵਾਦ ਦਾ ਰੂਪ ਲੈ ਸਕਦੀ ਹੈ ਅਤੇ ਤੁਹਾਨੂੰ ਤਨਾਵ ਦੇ ਪਲ ਵੀ ਦੇ ਸਕਦੀ ਹੈ। ਪੈਸੇ ਦੀ ਆਵਾਜਾਈ ਲਗਾਤਾਰ ਸਾਰਾ ਦਿਨ ਹੁੰਦੀ ਰਹੇਗੀ ਅਤੇ ਦਿਨ ਦੇ ਖਤਮ ਹੋਣ ਤੋਂ ਬਾਅਦ ਤੁਸੀ ਬਚਤ ਕਰਨ ਵਿਚ ਵੀ ਸ਼ਮਤ ਹੋ ਪਾਉਂਗੇ। ਬੱਚਿਆਂ ਤੋਂ ਮਿਲੀ ਅਚਾਨਕ ਖੁਸ਼ਖਬਰੀ ਦਿਨ ਦੇ ਪਲ ਬਣਾ ਸਕਦੀ ਹੈ। ਸੱਚੇ ਅਤੇ ਪਵਿੱਤਰ ਪ੍ਰੇਮ ਦਾ ਤਜ਼ਰਬਾ ਕਰੋ। ਕਾਰੋਬਾਰ ਦੇ ਲਈ ਚੰਗਾ ਦਿਨ ਹੈ ਕਾਰੋਬਾਰ ਦੇ ਲਈ ਅਚਾਨਕ ਕੀਤੀ ਗਈ ਯਾਤਰਾ ਸਾਕਾਰਾਤਮਕ ਪਰਿਣਾਮ ਦੇਵੇਗੀ। ਜੇਕਰ ਤੁਸੀ ਖਰੀਦਦਾਰੀ ਕਰਨ ਜਾਵੋ ਤਾਂ ਲੋੜ ਤੋਂ ਜ਼ਿਆਦਾ ਜੇਬ ਢਿੱਲੀ ਕਰਨ ਤੋਂ ਬਚੋ। ਤੁਸੀ ਅਤੇ ਤੁਹਾਡਾ ਜੀਵਨਸਾਥੀ ਮਿਲਕੇ ਵਿਵਾਹਿਕ ਜੀਵਨ ਬੇਹਤਰੀਨ ਯਾਦਾਂ ਰਚੋਂਗੇ।

**ਮੀਨ**: ਕੋਈ ਤੁਹਾਡਾ ਮੂਡ ਖਰਾਬ ਕਰ ਸਕਦਾ ਹੈ ਪਰੰਤੂ ਅਜਿਹੀਆਂ ਚੀਜਾਂ ਨੂੰ ਖੁਦ ਤੇ ਕਾਬੂ ਨਾ ਹੋਣ ਦਿਉ ਵਿਅਰਥ ਦੀ ਚਿੰਤਾ ਅਤੇ ਪਰੇਸ਼ਾਨੀਆਂ ਤੁਹਾਡੇ ਸਰੀਰ ਤੇ ਨਾਕਾਰਤਮਕ ਅਸਰ ਪਾ ਸਕਦੀ ਹੈ ਅਤੇ ਸਰੀਰ ਨਾਲ ਜੁੜੀ ਸਮੱਸਿਆ ਪੈਦਾ ਕਰ ਸਕਦੀ ਹੈ। ਅਤਿਰਿਕਿਤ ਉਮਰ ਦੇ ਲਈ ਆਪਣੇ ਸੁਜਨਾਤਮਕ ਵਿਚਾਰਾਂ ਦਾ ਲਉ। ਤੁਸੀ ਪਰਿਵਾਰ ਦੇ ਮੈਂਬਰਾਂ ਨਾਲ ਆਪਣੀਆਂ ਮੁਸ਼ਕਿਲਾਂ ਸਾਂਝੀਆਂ ਕਰਕੇ ਹਲਕਾ ਮਹਿਸੂਸ ਕਰ ਸਕਦੇ ਹੋ ਪਰੰਤੂ ਕਈਂ ਵਾਰ ਆਪਣੇ ਅਹਿਮ ਨੂੰ ਅੱਗੇ ਰੱਖ ਕੇ ਘਰ ਵਾਲਿਆਂ ਨੂੰ ਜਰੂਰੀ ਗੱਲਾਂ ਨਹੀਂ ਦੱਸਦੇ, ਜੋ ਕਿ ਸਹੀ ਨਹੀਂ ਹੈ ਅਜਿਹਾ ਕਰਨ ਨਾਲ ਮੁਸੀਬਤਾਂ ਵਿਚ ਵਾਧਾ ਹੁੰਦਾ ਹੈ। ਤੁਹਾਡਾ ਪਿਆਰ ਅੱਜ ਰੁਮਾਂਟਿਕ ਮੂਡ ਵਿਚ ਹੋਵੇਗਾ। ਖਾਸ ਲੋਕਾਂ ਦੇ ਨਾਲ ਗੱਲਬਾਤ ਕਰਦੇ ਸਮੇਂ ਆਪਣੇ ਅੱਖ ਤੇ ਕੰਨ ਖੁੱਲੇ ਰੱਖੋ ਹੋ ਸਕਦਾ ਹੈ ਕਿ ਤੁਹਾਡੇ ਹੱਥ ਕੋਈ ਕੀਮਤੀ ਵਿਚਾਰ ਲੱਗ ਜਾਵੇ। ਯਾਤਰਾ ਦੇ ਮੌਕਿਆਂ ਨੂੰ ਹੱਥ ਤੋਂ ਨਹੀਂ ਦਿੱਤਾ ਜਾਣਾ ਚਾਹੀਦਾ। ਅੱਜ ਤੁਹਾਡਾ ਵਿਵਾਹਿਕ ਜੀਵਨ ਖੁਸ਼ੀ, ਪਿਆਰ ਅਤੇ ਉਲਾਸ ਦਾ ਕੇਂਦਰ ਬਣ ਸਕਦਾ ਹੈ।

# ਸਮੁੱਚੀ ਮਨੁੱਖਤਾ ਨੂੰ ਬਾਬੇ ਨਾਨਕ ਵੱਲੋਂ ਸੱਚ ਦਾ ਸੁਨੇਹਾ

## ਅੱਜ ਲੋੜ ਹੈ ਬਾਬੇ ਨਾਨਕ ਦਾ ਸੱਚ, ਸਬਰ, ਸੰਤੋਖ ਅਤੇ ਮਿਹਨਤ ਦਾ ਸੁਨੇਹਾ ਆਪਣੇ ਜੀਵਨ ਵਿੱਚ ਅਪਨਾਉਣ ਦੀ, ਉਹਨਾਂ ਦੀਆਂ ਸਿੱਖਿਆਵਾਂ ਅੱਜ ਵੀ ਸਾਡੇ ਲਈ ਉਦਾਹਰਨ ਹਨ



ਗੁਰੂ ਨਾਨਕ ਦੇਵ ਜੀ ਮਨੁੱਖਤਾ ਦੇ ਮਹਾਨ ਪੈਗ਼ੰਬਰ ਸਨ। ਉਹਨਾਂ ਨੇ ਆਪਣੀ ਪਵਿੱਤਰ ਸਿੱਖਿਆ ਰਾਹੀਂ ਮਨੁੱਖਤਾ ਨੂੰ ਸੱਚ ਅਤੇ ਸੰਤੋਖ ਦਾ ਰਾਹ ਵਿਖਾਇਆ। ਸੱਚ ਨੂੰ ਪ੍ਰਕਾਸ਼ਿਤ ਕਰਨ ਲਈ ਉਹਨਾਂ ਨੇ ਸੰਸਾਰ ਦੇ ਵੱਖ-ਵੱਖ ਹਿੱਸਿਆਂ ਦੀ ਯਾਤਰਾ ਕੀਤੀ, ਜਿਸਨੂੰ ਉਦਾਸੀਆਂ ਕਿਹਾ ਜਾਂਦਾ ਹੈ। ਇਹ ਚਾਰ ਉਦਾਸੀਆਂ ਉਹਨਾਂ ਦੇ ਸੰਕਲਪ ਨੂੰ ਪ੍ਰਗਟਾਉਂਦੀਆਂ ਹਨ, ਜਿਸ ਵਿੱਚ ਉਹਨਾਂ ਨੇ ਸਮਾਜ ਦੇ ਵਿਕਾਰਾਂ ਦਾ ਖਾਤਮਾ ਕਰਨ ਦੀ ਕੋਸ਼ਿਸ਼ ਕੀਤੀ।

ਜਗਤ ਗੁਰੂ ਨੇ ਲੋਕਾਂ ਨੂੰ ਜਾਤ-ਪਾਤ, ਧਰਮ ਦੇ ਵੰਡ ਤੋਂ ਉੱਪਰ ਉੱਠਣ ਅਤੇ ਏਕਤਾ ਦਾ ਸਨੇਹਾ ਦਿੱਤਾ। ਉਹਨਾਂ ਨੇ ਮਨੁੱਖਤਾ ਲਈ ਇਹ ਪ੍ਰਚਾਰ ਕੀਤਾ ਕਿ ਸਾਰੇ ਲੋਕ ਸਿਰਫ ਇਕੋ ਹੀ ਸਿਰਜਣਹਾਰ ਦੇ ਪਾਲਕ ਹਨ। ਜਿਥੇ ਕਈ ਲੋਕ ਧਰਮ ਦੇ ਨਾਮ 'ਤੇ ਵੰਡੇ ਹੋਏ ਸਨ, ਉਥੇ ਗੁਰੂ ਨਾਨਕ ਜੀ ਨੇ ਸਾਰਿਆ ਨੂੰ ਇਕ ਹੀ ਰਾਹ ਤੇ ਚਲਣ ਦੇ ਸੁਨੇਹੇ ਨੂੰ ਫੈਲਾਇਆ।

ਉਹਨਾਂ ਦੀਆਂ ਸਿੱਖਿਆਵਾਂ 'ਚ ਹੱਥੀਂ ਕਿਰਤ ਦਾ ਮਹੱਤਵ ਬਹੁਤ ਵੱਡਾ ਸੀ। ਜਿਵੇਂ ਕਿ ਉਹਨਾਂ ਨੇ ਕਿਹਾ, "ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ," ਇਸ ਤਰੀਕੇ ਨਾਲ ਉਹਨਾਂ ਨੇ ਲੋਕਾਂ ਨੂੰ ਮਿਹਨਤ ਨਾਲ ਆਪਣਾ ਜੀਵਨ ਚਲਾਉਣ ਦੀ ਪ੍ਰੇਰਣਾ ਵੀ ਦਿੱਤੀ। ਇਸ ਸਿਧਾਂਤ ਰਾਹੀਂ ਉਹਨਾਂ ਨੇ ਲੋਕਾਂ ਨੂੰ ਠੱਗੀ ਅਤੇ ਹੱਥ ਦੇ ਫੇਰ 'ਚੋਂ ਬਾਹਰ ਕੱਢਿਆ। ਸਾਡੇ ਸਮਾਜ ਵਿਚ ਕਈ ਲੋਕ ਮਿਹਨਤ ਕਰਨ ਵਾਲੇ ਨੂੰ ਨੀਵੀਂ ਨਜ਼ਰ ਨਾਲ ਦੇਖਦੇ ਸਨ, ਪਰ ਗੁਰੂ ਨਾਨਕ ਜੀ ਨੇ ਸਿਖਾਇਆ ਕਿ ਹਰ ਕਿਸੇ ਨੂੰ ਆਪਣੀ ਮਿਹਨਤ ਨਾਲ ਹੀ ਰੋਜ਼ੀ ਕਮਾਉਣੀ ਚਾਹੀਦੀ ਹੈ। ਉਹਨਾਂ ਨੇ ਕਿਹਾ ਕਿ ਮਿਹਨਤ ਸਿਰਫ ਪੈਸਾ ਕਮਾਉਣ ਲਈ ਨਹੀਂ, ਬਲਕਿ ਮਨੁੱਖ ਨੂੰ ਸੰਤੁਸ਼ਟੀ ਵੀ ਦਿੰਦੀ ਹੈ ਅਤੇ ਸਮਾਜ ਵਿੱਚ ਸਨਮਾਨ ਪ੍ਰਦਾਨ ਕਰਦੀ ਹੈ।

ਉਹਨਾਂ ਨੇ ਕੁਦਰਤ ਨਾਲ ਸਿੱਧੇ ਸਬੰਧਾਂ ਨੂੰ ਸਮਝਾਉਣ ਲਈ 'ਪਵਨ ਨੂੰ ਗੁਰੂ, ਪਾਣੀ ਨੂੰ ਪਿਤਾ ਅਤੇ ਧਰਤੀ ਨੂੰ ਮਾਤਾ' ਕਿਹਾ। ਇਹ ਸਿੱਖਿਆ ਕੁਦਰਤ ਨਾਲ ਮਨੁੱਖ ਦੇ ਗੂੜ੍ਹੇ ਰਿਸ਼ਤੇ ਨੂੰ ਦਰਸਾਉਂਦੀ ਹੈ। ਉਹਨਾਂ ਨੇ ਸਿਖਾਇਆ ਕਿ ਕੁਦਰਤ ਦਾ ਸਨਮਾਣ ਕਰਨਾ, ਇਸਦੀ ਰੱਖਿਆ ਕਰਨੀ ਸਾਡਾ ਪਹਿਲਾ ਧਰਮ ਹੈ।

ਪਰ ਅੱਜ ਅਸੀਂ ਤਕਨੀਕੀ ਯੁਗ 'ਚ ਵਿਕਾਸ ਦੇ ਨਾਂ 'ਤੇ ਕੁਦਰਤੀ ਸਾਧਨਾਂ ਨੂੰ ਹਦੋਂ-ਵੱਧ ਨਸ਼ਟ ਕਰ ਰਹੇ ਹਾਂ, ਜੋ ਕਿ ਸਮੂਹ ਸ਼੍ਰਿਸ਼ਟੀ ਲਈ ਨੁਕਸਾਨ ਦਾਇਕ ਹੈ। ਅਸੀਂ ਗੁਰੂ ਜੀ ਦੇ ਦਰਸਾਏ ਰਾਹ ਤੋਂ ਦੂਰ ਹੋ ਰਹੇ ਹਾਂ ਅਤੇ ਇਸ ਦੇ ਨਤੀਜੇ ਵਜੋਂ ਅਸੀਂ ਵਾਤਾਵਰਣੀ ਬਦਲਾਵ ਅਤੇ ਬਿਮਾਰੀਆਂ ਦਾ ਸਾਹਮਣਾ ਕਰ ਰਹੇ ਹਾਂ।

ਅੱਜ ਲੋੜ ਹੈ ਬਾਬੇ ਨਾਨਕ ਦਾ ਸੱਚ, ਸਬਰ, ਸੰਤੋਖ ਅਤੇ ਮਿਹਨਤ ਦਾ ਸਨੇਹਾ ਆਪਣੇ ਜੀਵਨ ਵਿੱਚ ਅਪਨਾਉਣ ਦੀ,ਉਹਨਾਂ ਦੀਆਂ ਸਿੱਖਿਆਵਾਂ ਅੱਜ ਵੀ ਸਾਡੇ ਲਈ ਉਦਾਹਰਨ ਹਨ ਅਤੇ ਉਹ ਸੱਚੇ- ਸੁੱਚੇ ਅਤੇ ਸਹੀ ਜੀਵਨ ਦਾ ਰਾਹ ਦਿਖਾਉਂਦੀਆਂ ਹਨ। ਅਸੀਂ ਜੇਕਰ ਬਾਬੇ ਨਾਨਕ ਦੇ ਸਿਧਾਂਤਾਂ ਤੇ ਚਲਣ ਦਾ ਯਤਨ ਕਰੀਏ, ਤਾਂ ਸਾਡੇ ਸਮਾਜ ਨੂੰ ਕਈ ਬੁਰਾਈਆਂ ਤੋਂ ਛੁਟਕਾਰਾ ਮਿਲ ਸਕਦਾ ਹੈ ਅਤੇ ਅਸੀਂ ਇੱਕ ਸੁਰਖਿਅਤ ਅਤੇ ਸੁਖੀ ਜੀਵਨ ਦਾ ਆਨੰਦ ਮਾਣ ਸਕਦੇ ਹਾਂ। ਇਸ ਲਈ ਅੱਜ ਸਾਨੂੰ ਗੁਰੂ ਨਾਨਕ ਦੇਵ ਜੀ ਦੇ ਸਿਧਾਂਤਾਂ ਦੀ ਪਾਲਣਾ ਕਰਨ ਦੀ ਬਹੁਤ ਜਰੂਰਤ ਹੈ। ਜੇ ਅਸੀਂ ਉਹਨਾਂ ਦੇ ਸਿਖਾਏ ਮਾਰਗ 'ਤੇ ਚੱਲਣ ਦੀ ਕੋਸ਼ਿਸ਼ ਕਰਾਂਗੇ, ਤਾਂ ਇਹ ਸਾਡੇ ਲਈ ਸਿਰਫ ਧਾਰਮਿਕ ਹੀ ਨਹੀਂ, ਬਲਕਿ ਆਤਮਿਕ ਅਤੇ ਸਮਾਜਿਕ ਸੁਧਾਰ ਦਾ ਮਾਰਗ ਵੀ ਬਣੇਗਾ। ਜਿਸ ਨਾਲ ਸਾਡਾ ਜੀਵਨ ਸਿਰਫ ਸ਼ਾਂਤੀਮਈ ਨਹੀਂ ਹੋਵੇਗਾ, ਬਲਕਿ ਸਾਡੇ ਵਾਤਾਵਰਣ ਦੇ ਸੰਭਾਲ ਲਈ ਵੀ ਇਹ ਇਕ ਅਹਿਮ ਕਦਮ ਹੋਵੇਗਾ।



ਬਲਦੇਵ ਸਿੰਘ ਬੇਦੀ
ਜਲੰਧਰ

# ਮਨੁੱਖ ਨੂੰ ਮੌਤ ਦੇ ਮੂੰਹ ਸੁੱਟ ਰਹੀ ਹੈ, ਉਸ ਦੀ ਨਾ ਸਮਝੀ



-ਸੁਖਮੰਦਰ ਸਿੰਘ ਤੂਰ-

ਵਿਸ਼ਵ ਪ੍ਰਸਿੱਧ ਭੌਤਿਕ ਵਿਗਿਆਨੀ ਅਲਬਰਟ ਆਈਨਸਟਾਈਨ ਨੇ ਇਕ ਵਾਰ ਆਖਿਆ ਸੀ ਕਿ ਦੋ ਚੀਜ਼ਾਂ ਦਾ ਕੋਈ ਅੰਤ ਨਹੀਂ, ਇਕ ਬ੍ਰਹਿਮੰਡ ਦੀ ਸੀਮਾ ਦਾ ਅਤੇ ਦੂਜਾ ਮਨੁੱਖ ਦੀ ਮੂਰਖਤਾ ਦਾ। ਪਹਿਲੀ ਬਾਰੇ ਤਾਂ ਕਿਸੇ ਨੂੰ ਸ਼ੱਕ ਹੋ ਸਕਦਾ ਹੈ, ਪਰ ਦੂਜੀ ਬਾਰੇ ਨਹੀਂ। ਘੱਟੋ-ਘੱਟ ਮੈਨੂੰ ਤਾਂ ਨਹੀਂ। ਇਹ ਤਾਂ ਜਿਸ ਟਾਹਣੀ 'ਤੇ ਬੈਠਾ ਹੈ, ਉਸ ਨੂੰ ਹੀ ਕੱਟੀ ਜਾਂਦਾ ਹੈ। ਆਪਣੀ ਮੌਤ ਨੂੰ ਆਪ ਹੀ ਆਵਾਜ਼ਾਂ ਮਾਰੀ ਜਾ ਰਿਹਾ ਹੈ। ਇਹ ਜਾਣਦੇ ਹੋਏ ਵੀ ਕਿ ਇਸ ਸੂਰਜ ਮੰਡਲ ਵਿਚਲੇ ਕਿਸੇ ਹੋਰ ਗ੍ਰਹਿ/ਉਪ-ਗ੍ਰਹਿ .'ਤੇ ਇਸ ਧਰਤੀ ਵਰਗਾ ਸਵਰਗ ਨਹੀਂ, ਉਹ ਇਸੇ ਨੂੰ ਹੀ ਨਰਕ ਬਣਾਈ ਜਾ ਰਿਹਾ ਹੈ। ਅਸੀਮ ਲਾਲਚ ਤੇ ਲਾਲਸਾ ਨੇ ਉਸ ਦੀ ਮੱਤ ਮਾਰ ਰੱਖੀ ਹੈ। ਧਰਤੀ ਜਿੰਨੇ ਕੁ ਲੋਕਾਂ ਦਾ ਭਾਰ ਝੱਲ ਸਕਦੀ ਹੈ, ਉਸ ਤੋਂ ਵੱਧ ਲੋਕ ਇਸ.'ਤੇ ਉਸ ਨੇ ਪੈਦਾ ਕਰ ਦਿੱਤੇ ਹਨ। ਇਸ ਦੀਆਂ ਲੋੜਾਂ ਤਾਂ ਇਹ ਧਰਤੀ ਪੂਰੀਆਂ ਕਰ ਦੇਵੇ, ਪਰ ਇਸ ਦੀਆਂ ਅਸੀਮ ਲਾਲਸਾਵਾਂ ਦੀ ਪੂਰਤੀ ਕੋਈ ਵੀ ਅਤੇ ਕਦੀ ਵੀ ਪੂਰੀਆਂ ਨਹੀਂ ਕਰ ਸਕਦਾ। ਅਜੋਕੇ ਮਨੁੱਖ ਨੇ ਜਿਵੇਂ ਧਰਤੀ ਅੰਦਰ ਪੌਣ ਪਾਣੀ ਨੂੰ ਪ੍ਰਦੂਸ਼ਿਤ ਕਰਕੇ ਹਰ ਪਾਸੇ ਪੁਆੜੇ ਪਾਏ ਹਨ, ਉਸ ਨੂੰ ਵੇਖ ਕੇ ਕੋਈ ਵੀ ਸੰਵੇਦਨਸ਼ੀਲ ਜੀਵ ਪ੍ਰੇਸ਼ਾਨ ਹੋਏ ਬਿਨਾਂ ਨਹੀਂ ਰਹੇਗਾ। ਉਸ ਦੀ ਨਾਸਮਝੀ ਜਾਂ ਮੂਰਖਤਾ ਕਰਕੇ ਹਰ ਪਾਸੇ ਕਚਰੇ ਅਤੇ ਕੂੜੇ ਦੇ ਢੇਰ ਲੱਗ ਰਹੇ ਹਨ, ਪੈਦਲ ਜਾਣ ਦੀ ਥਾਂ ਸਾਈਕਲ, ਸਾਈਕਲ ਦੀ ਥਾਂ ਸ਼ੋਰ ਮਚਾਂਦੇ ਧੂੰਆਂ ਛੱਡਦੇ ਸਕੂਟਰ ਤੇ ਮੋਟਰਸਾਈਕਲ, ਫਿਰ ਕਾਰਾਂ, ਟਰੱਕ ਥ੍ਰੀ - ਵੀਲਰ। ਜ਼ਰੂਰਤ ਤੋਂ ਬਿਨਾਂ ਦਿਖਾਵੇ ਲਈ ਖਾ-ਪੀ ਕੇ ਬੇਪ੍ਰਵਾਹੀ ਨਾਲ ਸੁੱਟੇ ਪਲਾਸਟਿਕ ਦੇ ਲਿਫਾਫੇ, ਡਿਸਪੋਜ਼ੇਬਲ ਸਿੱਕੇ, ਪੈਕ ਗਲਾਸ, ਕੱਪ, ਪਲੇਟਾਂ, ਬੋਤਲਾਂ, ਪੈਕਿੰਗ ਦੇ ਥੈਲੇ। ਆਪਣੇ ਘਰ ਦੇ ਅੰਦਰੋਂ - ਬਾਹਰੋਂ ਸਮੇਟਿਆ ਕੂੜੇ ਦਾ ਢੇਰ ਗੁਆਂਢੀਆਂ ਦੇ ਘਰ ਅੱਗੇ ਜਾਂ ਸੀਵਰੇਜ਼ ਵਿਚ, ਆਪਣੇ ਘਰ ਦਾ ਮਲ-ਮੂਤਰ ਨਾਲੀਆਂ ਜ਼ਰੀਏ ਕਿਸੇ ਨਦੀ ਨਾਲੇ ਵਿਚ। ਆਪਣੇ ਕਾਰਖਾਨੇ ਦਾ ਗੰਦਾ ਅਤੇ ਜ਼ਹਿਰਾਂ ਭਰਿਆ ਸਾਰਾ ਕਬਾੜਾ ਤੇ ਪਾਣੀ ਕਿਸੇ ਦਰਿਆ ਆਦਿ ਵਿਚ। ਉੱਚੇ ਹਾਰਨ ਅਤੇ ਡਿਸਕੋ ਵਾਂਗ ਕੰਨ ਪਾੜਦੇ ਸੰਗੀਤ ਨਾਲ ਸੜਕਾਂ 'ਤੇ ਹੂਟਰ ਮਾਰ-ਮਾਰ ਭੱਜਦੀਆਂ ਜੀਪਾਂ ਤੇ ਕਾਰਾਂ, ਮੈਰਿਜ ਪੈਲੇਸਾਂ ਵਿਚ ਖਿਲਰ ਰਿਹਾ ਕਚਰਾ, ਕੰਨ ਪੜਾਵਾਂ ਸੰਗੀਤ, ਸੜਕਾਂ ਆਦਿ 'ਤੇ ਲਾਊਡ ਸਪੀਕਰਾਂ ਰਾਹੀਂ ਦਿਨ-ਰਾਤ ਸੁਣਾਏ ਜਾ ਰਹੇ ਬਾਬਿਆਂ ਦੇ ਪ੍ਰਵਚਨ ਆਦਿ। ਮਨੁੱਖ ਦੀ ਇਸ ਕੁਚੱਜਤਾ ਨੇ ਉਸ ਦੇ ਵਾਤਾਵਰਣ ਨੂੰ ਹੀ ਪਲੀਤ ਨਹੀਂ ਕੀਤਾ , ਸਗੋਂ ਉਸ ਦੀ ਸਿਹਤ ਨੂੰ ਵੀ ਬੁਰੀ ਤਰ੍ਹਾਂ ਰੋਗੀ ਬਣਾ ਦਿੱਤਾ ਹੈ ।

ਇੱਥੇ ਹੀ ਬਸ ਨਹੀਂ ਕੀੜੇ ਮਾਰ ਦਵਾਈਆਂ ਤੇ ਖਾਦਾਂ ਨਾਲ ਉਗ ਰਹੀਆਂ ਫਸਲਾਂ, ਟੀਕੇ ਲਗਾ - ਲਗਾ ਕੇ ਵੱਡੇ ਕੀਤੇ ਜਾ ਰਹੇ ਫਲ /ਸਬਜ਼ੀਆਂ, ਗਾਵਾਂ, ਮੱਝਾਂ ਨੂੰ ਟੀਕੇ ਲਗਾ ਕੇ ਵਧਾਇਆ ਜਾਂਦਾ ਦੁੱਧ। ਬਨਾ ਵਟੀ ਦੁੱਧ, ਖੋਆ ਅਤੇ ਇਸ ਤੋਂ ਬਣੇ ਪਕਵਾਨ, ਹੋਰ ਤਾਂ ਹੋਰ ਕੀਟਨਾਸ਼ਕ ਜ਼ਹਿਰਾਂ ਫਸਲਾਂ ਰਾਹੀਂ ਉਸ ਦੀ ਖਾਧ-ਖੁਰਾਕ ਤੱਕ ਪਹੁੰਚ ਗਈਆਂ ਹਨ । ਇਹ ਸਭ ਕੁਝ ਮਨੁੱਖ ਜਾਤੀ ਦੇ ਲਈ ਤਬਾਹੀ ਦੇ ਸੰਕੇਤ ਹੀ ਨਹੀਂ ਹਨ ਤਾਂ ਹੋਰ ਕੀ ਹੈ। ਹਰ ਪਾਸੇ ਖਾਓ-ਪੀਓ ਤੇ ਐਸ਼ ਕਰੋ ਦੀ ਉਪਭੋਗੀ ਬਿਰਤੀ ਨੂੰ ਉਤਸ਼ਾਹਿਤ ਕਰਕੇ ਪੈਸਾ ਕਮਾਉਣ ਦੀ ਹੋੜ੍ਹ ਹੈ। ਹਰ ਇਕ ਨੂੰ ਰਾਤੋ - ਰਾਤ ਢੇਰਾਂ ਦੇ ਢੇਰ ਪੈਸਾ ਕਮਾਉਣ ਦੀ ਇੱਛਾ ਨੇ ਅੰਨ੍ਹਾ ਕਰ ਰੱਖਿਆ ਹੈ। ਜਦ ਮਨੁੱਖ ਹੀ ਨਾ ਰਿਹਾ ਤਾਂ ਪੈਸਾ ਕਿਸ ਕੰਮ। ਲਗਦੈ ਕਿ ਮਨੁੱਖ ਜਾਤੀ ਨੇ ਸਮੇਂ ਤੋਂ ਪਹਿਲਾਂ ਹੀ ਇਸ ਦੁਨੀਆਂ ਤੋਂ ਵਿਦਾ ਹੋਣ ਦੀ ਧਾਰੀ ਹੋਈ ਹੈ।



# ਮੂਸ ਜਾਅ ਦੀਆਂ ਸੁਰੰਗਾਂ

ਰੀਜਾਇਨਾ ਤੋਂ ਤਕਰੀਬਨ 65 ਕਿਲੋਮੀਟਰ ਦੂਰ ਮੂਸ ਜਾਅ (Moosejaw) ਨਾਮ ਦਾ ਸ਼ਹਿਰ ਹੈ। 40 ਕੁ ਹਜ਼ਾਰ ਦੀ ਅਬਾਦੀ ਵਾਲਾ ਸ਼ਹਿਰ ਕਦੇ ਬਹੁਤ ਹੀ ਬਦਨਾਮ ਸ਼ਹਿਰ ਹੁੰਦਾ ਸੀ। ਮੂਜ਼ ਜਾਅ 1920 ਦੇ ਦਹਾਕੇ ਵਿੱਚ ਗੈਂਗਸਟਰਾਂ ਨਾਲ ਭਰਿਆ ਹੋਇਆ ਸੀ, ਅਤੇ ਪੁਲਿਸ ਮੁਖੀ ਵਾਲਟਰ ਜੌਨਸਨ ਬਹਤ ਬਦਨਾਮ ਤੇ ਹੱਦ ਦਰਜੇ ਦਾ ਕੁਰੱਪਟ ਸੀ। ਸੰਯੁਕਤ ਰਾਜ ਅਮਰੀਕਾ ਲਈ ਪਾਬੰਦੀਸ਼ੁਦਾ ਅਲਕੋਹਲ ਦੇ ਗੈਰ-ਕਾਨੂੰਨੀ ਉਤਪਾਦਨ ਵੱਲ ਅੱਖਾਂ ਬੰਦ ਕਰ ਰਿਹਾ ਸੀ ਤੇ ਗੈਂਗਸਟਰਾਂ ਨੂੰ ਖੁੱਲੀ ਛੁੱਟੀ ਸੀ ਜੋ ਗਲੀਆਂ ਵਿੱਚ ਦੜ-ਦੜਾਦੇਂ ਘੁੰਮ ਰਹੇ ਸਨ, ਕਿਸੇ ਦੀ ਹਿੰਮਤ ਨਹੀਂ ਸੀ ਉਹਨਾਂ ਦੇ ਧੰਦੇ ਵਿੱਚ ਲੱਤ ਅੜਾਵੇ। ਧੰਦਾ ਕੀ ਸੀ ਉਹਨਾਂ ਦਾ, ਗੈਰ ਕਨੂੰਨੀ ਸ਼ਰਾਬ, ਜੂਆ ਤੇ ਦੇਹ ਵਿਉਪਾਰ। ਅਮਰੀਕਾ ਦੇ ਸ਼ਹਿਰ ਛਿਕਾਗੋ ਦਾ ਮੰਨਿਆ-ਪਰਮੰਨਿਆਂ ਗੁੰਡਾ ਐਲ ਕਪੂਨ (Al Capone) ਕਦੀ ਕਦੀ ਗੇੜਾ ਮਾਰਦਾ ਸੀ, ਜਦੋਂ ਛਿਕਾਗੋ ਵਿੱਚ ਪੁਲੀਸ ਵੱਲੋਂ ਛਿਕੰਜਾ ਕੱਸਿਆ ਜਾਂਦਾ ਸੀ। ਮੂਸ ਜਾਅ ਉਹਦੇ ਲਈ ਕਾਫ਼ੀ ਸੁਰੱਖਿਅਤ ਸੀ, ਕਿਉਂਕਿ ਮੂਸ ਜਾਅ ਗੁੰਡਾ ਗਰਦੀ ਦਾ ਗੁੜ ਸੀ। ਜਦੋਂ ਰੇਲ ਗੱਡੀ ਤੋਂ ਉੱਤਰ ਦਾ ਸੀ, ਦੋ ਚਾਰ ਫ਼ਾਇਰ ਕਰ ਦਿੰਦਾ ਸੀ ਲੋਕਾਂ ਨੂੰ ਪਤਾ ਲੱਗ ਜਾਂਦਾ ਸੀ ਕਿ ਕਪੂਨ ਆ ਗਿਆ ਲੋਕੀਂ ਕੰਧੀ ਕੌਲੇ ਲੱਗ ਜਾਂਦੇ ਸਨ।

ਮੂਸ ਜਾਅ ਵਿੱਚ ਦੋ ਸੁਰੰਗਾਂ ਹਨ। ਇਹਨਾਂ ਸੁਰੰਗਾਂ ਬਾਰੇ ਕਿਸੇ ਨੂੰ ਕੋਈ ਗਿਆਨ ਨਹੀਂ, ਕੀਹਨੇ ਬਣਾਈਆਂ, ਕਿਉਂ ਬਣੀਆਂ। ਅਨੁਮਾਨ ਲਾਇਆ ਜਾਂਦਾ ਹੈ ਕਿ ਦੋਹਾਂ ਵਿੱਚੋਂ ਇੱਕ ਸੁਰੰਗ ਚੀਨਿਆਂ ਨੇ ਬਣਾਈ ਸੀ। ਕੀ ਮਕਸਦ ਸੀ ਇਹ ਸੁਰੰਗ ਬਣਾਉਣ ਦਾ। ਦਰ ਅਸਲ ਗੱਲ ਇਹ ਹੈ ਕਿ ਮੂਜ਼ ਜਾਅ ਸ਼ਹਿਰ ਦੀ ਸਥਾਪਨਾ 1882 ਵਿੱਚ ਕੀਤੀ ਗਈ ਸੀ ਜਦੋਂ ਕੈਨੇਡੀਅਨ ਪੈਸੀਫਿਕ ਰੇਲਵੇ (CPR) ਨੇ ਕਸਬੇ ਲਈ ਸਾਈਟ ਦੀ ਚੋਣ ਕੀਤੀ ਸੀ। 1880 ਦੇ ਦਹਾਕੇ ਦੇ ਸ਼ੁਰੂ ਵਿੱਚ ਠੇਕੇਦਾਰ ਐਂਡਰਿਊ ਓਂਡਰਡੌਂਕ ਨੇ ਬ੍ਰਿਟਿਸ਼ ਕੋਲੰਬੀਆ ਦੇ ਪਹਾੜਾਂ ਵਿੱਚ ਦੀ ਰਲਵੇ ਲਾਈਨ ਕੱਢਣੀ ਸੀ। ਕੰਮ ਕਰਨ ਲਈ ਚੀਨ ਤੋਂ 17000 ਚੀਨੇ ਲਿਆਂਦੇ ਸਨ। ਸੈਂਕੜੇ ਚੀਨੇ ਪਹਾੜਾਂ ਨਾਲ ਮੱਥਾ ਮਾਰਦਿਆਂ ਸ਼ਹੀਦ ਹੋ ਗਏ। ਬਾਕੀਆਂ ਨੂੰ ਦੇਸ਼ ਛੱਡਣ ਲਈ ਹੁਕਮ ਚਾੜ ਦਿੱਤਾ। ਉਹਨਾ ਉੱਪਰ Head Tax ਲਾ ਦਿੱਤਾ। ਰੇਲਵੇ ਦੇ ਯਾਰਡ ਵਿੱਚ ਕੰਮ ਕਰਦਿਆਂ ਗੋਰਿਆਂ ਨੇ ਬਹੁਤ ਸਾਰੇ ਚੀਨਿਆਂ ਨੂੰ ਮਾਰ ਦਿੱਤਾ। ਬਾਕੀ ਦੇ ਖੁੱਡੀਂ ਵੜ ਗਏ। ਪਤਾ ਨਹੀਂ ਇਹ ਟੱਨਲ ਉਹਨਾ ਨੇ ਖੋਦੀ ਸੀ ਕਿ ਖੋਜੀ ਸੀ ਕਹਿ ਨਹੀਂ ਸਕਦੇ।

ਜਿਹੜਾ ਐਲ ਕਪੂਨ (Al Capone) ਕਦੀ ਕਦੀ ਗੇੜਾ ਮਾਰਦਾ ਸੀ, ਹੁਣ ਉਸ ਨੇ ਦੂਸਰੀ ਸੁਰੰਗ ਜੋ ਪਹਿਲੀ ਨਾਲੋਂ ਕਾਫੀ ਲੰਬੀ ਚੌੜੀ ਸੀ, ਉਹਦੇ ਤੇ ਕਬਜ਼ਾ ਕਰ ਲਿਆ। ਇਹ ਸੁਰੰਗ ਐਲ ਕਪੂਨ ਦੇ ਗੈਰ ਕਨੂੰਨੀ ਧੰਦੇ ਦਾ ਹੈੱਡ-ਕੁਆਰਟਰ ਬਣ ਗਿਆ। ਹੁਣ ਐਲ ਦਾ ਧੰਦਾ ਸੀ, ਜੂਆ, ਨਾਜਾਇਜ਼ ਸ਼ਰਾਬ ਤੇ ਦੇਹ ਵਿਉਪਾਰ। ਦੇਹ ਵਿਉਪਾਰ ਕਰਨ ਵਾਲੀਆਂ ਦੀ ਫੀਸ ਦੋ ਡਾਲਰ ਹੁੰਦੀ ਸੀ ਜਿਸਨੂੰ ਮੂਸ ਜਾਅ ਵਿੱਚ ਟੂ ਡਾਲਰ ਨਹੀਂ ਟੂ ਬੱਕਸ (Two bucks) ਕਿਹਾ ਜਾਂਦਾ ਸੀ। Moose Jaw ਦੂਰ ਦੂਰ ਤੱਕ ਜਾਣਿਆ ਜਾਣ ਲੱਗਾ। ਸੈਂਕੜੇ ਸਾਲਾਂ ਬਾਅਦ ਅਹਿਸਾਸ ਹੋਇਆ ਸਾਡੀ ਗੌਰਮਿੰਟ ਨੂੰ ਕਿ Buck ਤਾਂ ਗੰਦਾ ਲਫ਼ਜ਼ਾਂ ਹੈ। ਉਹਨਾ Two Bucks ਨੂੰ ਸਕਰੈਪ ਕਰਕੇ ਇਹਦੀ ਜਗਾਹ ਨਵਾਂ ਸਿੱਕਾ ਚਾਲੂ ਕਰ ਦਿੱਤਾ, ਜਿਸ ਨੂੰ ਟੂਨੀ (Toonie) ਕਿਹਾ ਜਾਂਦਾ ਹੈ।






ਪੰਜਾਬ ਸਟਾਰ
www.punjabstar.com

ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼

# ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਨਾਰੀ ਸ਼ਕਤੀ ਦਾ ਸਿੱਖ ਸੰਦਰਭ



ਪੰਦਰਵੀਂ ਸਦੀ ਵਿਚ ਗੁਰੂ ਨਾਨਕ ਦੇਵ ਜੀ ਦੇ ਸਮੇਂ (1469–1539) ਤੋਂ ਪਹਿਲਾਂ ਔਰਤ ਨੂੰ ਸਮਾਜ ਵਿਚ ਕੋਈ ਸਨਮਾਨਯੋਗ ਸਥਾਨ ਪ੍ਰਾਪਤ ਨਹੀਂ ਸੀ। ਇਸ ਦਾ ਮੁੱਖ ਕਾਰਣ ਮਨੁੱਖ ਦੁਆਰਾ ਬਣਾਇਆ ਮਰਦ ਪ੍ਰਧਾਨ ਸਮਾਜ ਹੀ ਸੀ। ਪਰ ਇਸ ਧਾਰਨਾ ਨੂੰ ਉਸ ਵੇਲੇ ਦੇ ਧਰਮ ਦਾ ਵੀ ਸਮਰਥਨ ਹਾਸਲ ਸੀ। ਹਿੰਦੂ ਧਰਮ ਵਿਚ ਇਹ ਪ੍ਰਭਾਵ ਤਾਂ ਮਿਲਦਾ ਸੀ ਕਿ ਜਿੱਥੇ ਨਾਰੀ ਦਾ ਸਤਿਕਾਰ ਨਹੀਂ ਹੈ, ਉਥੇ ਨਰਕ ਦਾ ਵਾਸਾ ਹੁੰਦਾ ਹੈ। ਪਰ ਇਸ ਭਾਵਨਾ ਦਾ ਸਮਾਜਿਕ ਪ੍ਰਗਟਾਵਾ ਕਿਧਰੇ ਨਜ਼ਰ ਨਹੀਂ ਆਉਂਦਾ। ਇਹ ਸਾਰਾ ਕੁਝ ਇਸ ਵਾਸਤੇ ਸੀ ਕਿਉਂਕਿ ਧਰਮ ਵਿਚ ਵੀ ਮਰਦ ਨੂੰ ਹੀ ਪ੍ਰਧਾਨਤਾ ਪ੍ਰਾਪਤ ਸੀ। ਏਸੇ ਲਈ ਨਾਰੀ-ਸ਼ਕਤੀ ਦੇ ਰਾਹ ਦੀ ' ਰੁਕ ਰੁਕਾਵਟ ਸਦਾ ਹੀ ਮਰਦ-ਪ੍ਰਧਾਨ ਸਮਾਜਿਕ ਵਰਤਾਰਾ ਰਿਹਾ ਹੈ। ਇਥੇ ਮਰਦਾਂ ਦੁਆਰਾ ਅਤੇ ਮਰਦਾ ਵਾਸਤੇ ਸਮਾਜਿਕ ਬਣਤਰ ਦੀ ਵਿਵਸਥਾ ਕਾਇਮ ਕੀਤੀ ਜਾਂਦੀ ਰਹੀ ਹੈ। ਇਸ ਵਿਵਸਥਾ ਅਧੀਨ ਔਰਤ ਦੁਆਲੇ ਅਜਿਹੀਆਂ ਸੀਮਾਂਵਾ ਜਾਂ ਪਾਬੰਦੀਆਂ ਲਗਾ ਦਿਤੀਆਂ ਗਈਆਂ ਸਨ ਜਿਹੜੀਆਂ ਮਨੁੱਖ ਦੀਆਂ ਕਮਜ਼ੋਰੀਆਂ ਨੂੰ ਔਰਤ ਦੀ ਬਲੀ ਦੇਕੇ ਢਕਦੀਆਂ ਸਨ। ਇਸ ਨਾਲ ਔਰਤ ਨੂੰ ਮਰਦ ਆਪਣੇ ਅਧੀਨ ਰੱਖਣ ਦੀ ਇੱਛਾ ਦਾ ਸਿਧਾਂਤੀਕਰਣ ਵੀ ਕਰਦਾ ਰਿਹਾ ਹੈ ਅਤੇ ਨਿਯਮੀਕਰਣ ਵੀ ਕਰਦਾ ਰਿਹਾ ਹੈ। ਇਸ ਦਾ ਆਮ ਤੌਰ ਤੇ ਮੁਖ ਕਾਰਣ ਔਰਤ ਦਾ ਸਰੀਰਕ ਤੌਰ ਤੇ ਕਮਜ਼ੋਰ ਹੋਣਾ ਅਤੇ ਆਰਥਿਕ ਤੌਰ ਤੇ ਹੀਣੀ ਹੋਣਾ ਸੀ। ਮਰਦ ਦਾ ਬਲਵਾਨ ਅਤੇ ਨਰੋਈ ਬਿਰਤੀ ਵਾਲਾ ਮੰਨਿਆ ਜਾਂਦਾ ਆਪੇ ਹੀ ਬਨਾਇਆ ਹੋਇਆ ਪ੍ਰਭਾਵ, ਔਰਤ ਦੇ ਖਿਲਾਫ ਹੀ ਭੁਗਤਦਾ ਰਿਹਾ ਹੈ। ਮਰਦ ਨੇ ਸਾਰਾ ਸਮਾਜਿਕ ਢਾਂਚਾ ਕੁਝ ਇਸ ਤਰੀਕੇ ਨਾਲ ਸਿਰਜਿਆ ਹੋਇਆ ਸੀ ਜਿਸ ਨਾਲ ਆਰਥਿਕ, ਸਮਾਜਿਕ ਅਤੇ ਧਾਰਮਿਕ ਕਦਰਾਂ ਕੀਮਤਾਂ ਨੂੰ ਆਪਣੇ ਹੱਕ ਵਿੱਚ ਭੁਗਤਾਉਣ ਵਾਲੇ ਰਾਹੇ ਪਾ ਲਿਆ ਗਿਆ ਸੀ। ਸੋ ਇਸੇ ਕਰਕੇ ਪ੍ਰਚਲਿਤ ਕਦਰਾਂ ਕੀਮਤਾਂ ਨੂੰ ਮੁੜ ਤੋਂ ਵਿਉਂਤਣ ਲਈ ਨਾਰੀ-ਸਕਤੀ (ਵਿਮੈਨ ਇੰਮਪਾਵਰਮੈਂਟ) ਦੀ ਜਰੂਰਤ ਪਈ ਹੈ। ਇਸ ਵਿਚ ਆਧੁਨਿਕ ਕਾਲ ਵਿਚ ਚੱਲੀਆਂ ਨਾਰੀਵਾਦੀ ਲਹਿਰਾਂ ਨੇ ਵੀ ਸਹਾਇਤਾ ਕੀਤੀ ਹੈ। ਇਸ ਨਾਰੀਵਾਦੀ-ਉਭਾਰ ਨੂੰ ਅੰਗਰੇਜ਼ੀ ਵਿਚ ਫੈਮੀਨਿਜ਼ਮ ਕਿਹਾ ਜਾਂਦਾ ਹੈ । ਪੰਜਾਬੀ ਵਿੱਚ ਇਹੀ ਨਾਰੀਵਾਦ ਦੇ ਅਰਥਾਂ ਵਿਚ ਲਿਆ ਜਾ ਰਿਹਾ ਹੈ। ਇਸ ਬਾਰੇ ਬਹੁਤ ਸਾਰਾ ਸਾਹਿਤ ਬਹੁਤ ਸਾਰੀਆਂ ਭਾਸ਼ਾਵਾਂ ਵਿਚ ਲਿਖਿਆ ਜਾ ਚੁੱਕਾ ਹੈ।

ਸੋ ਨਾਰੀਵਾਦ ਦਾ ਅਰਥ ਲਿੰਗ ਦੇ ਆਧਾਰ ਤੇ ਰਾਜਨੀਤਕ, ਆਰਥਿਕ ਅਤੇ ਸਮਾਜਿਕ ਸਮਾਨਤਾ ਵਾਸਤੇ ਯਤਨਸ਼ੀਲ ਹੋਣਾ ਹੈ। ਆਧੁਨਿਕ ਯੁੱਗ ਵਿੱਚ ਨਾਰੀਵਾਦ ਨਾਲ ਜਾਣੇ ਜਾਂਦੇ ਇਸ ਸਿਧਾਂਤ ਨਾਲ ਸਬੰਧਤ ਸਰੋਕਾਰਾਂ ਨੂੰ ਸਿੱਖ ਧਰਮ ਅੰਦਰ ਨਾਲ ਸਦੀ ਵਿੱਚ ਗੁਰੂ ਨਾਨਕ ਦੇਵ ਜੀ ਦੁਆਰਾ ਮੁੱਢਲੇ ਰੂਪ ਵਿਚ ਪਹਿਲੀ ਵਾਰ ਪ੍ਰਸਾਰਿਤ ਕੀਤਾ ਗਿਆ ਕਿਹਾ ਜਾ ਸਕਦਾ ਹੈ। ਗੁਰੂ ਕਵੀਆਂ ਨੇ ਸਮਾਜ ਵਿਚ ਔਰਤ ਦੇ ਯੋਗਦਾਨ ਦੀ ਕਦਰ ਕਰਦਿਆਂ, ਇਸ ਭਾਵਨਾ ਨੂੰ ਸਾਹਮਣੇ ਲਿਆਂਦਾ ਸੀ । ਅਕਾਲ ਪੁਰਖ ਦੀ ਰਚਨਾ ਵਿਚ ਔਰਤ ਅਤੇ ਮਰਦ ਵਿਚ ਕੋਈ ਫਰਕ ਨਹੀਂ ਕੀਤਾ ਗਿਆ ਅਤੇ ਨਜ਼ਰ ਆਉਣ ਵਾਲੇ ਵਰਕ ਮਨੁੱਖ ਦੇ ਆਪਣੇ ਹੀ ਬਨਾਏ ਹੋਏ ਹਨ।



ਜਿਸ ਕਿਸਮ ਦੀ ਚੇਤਨਾ-ਲਹਿਰ ਔਰਤ ਦੀ ਆਜ਼ਾਦੀ ਨੂੰ ਲੈ ਕੇ ਵੂਮੈਨ ਲਿਬਰਟੀ ਦੇ ਨਾਮ ਹੇਠ ਪੱਛਮ ਵਿਚ ਪੈਦਾ ਹੋਈ ਸੀ, ਉਸ ਨੇ ਔਰਤ ਅਤੇ ਮਰਦ ਦੇ ਰਿਸ਼ਤਿਆਂ ਵਿਚ ਸਹਿਜ ਸਥਾਪਤ ਕਰਣ ਦੀ ਥਾਂ ਅਜਿਹਾ ਤਨਾਉ ਪੈਦਾ ਕਰ ਦਿਤਾ. ਸੀ, ਜਿਸ ਨਾਲ ਘਰ ਵੱਸਣ ਦੀ ਥਾਂ ਤੇ ਟੁੱਟਣ ਵਾਲੇ ਪਾਸੇ ਤੁਰ ਪਿਆ ਸੀ। ਕੇਵਲ ਅਧਿਕਾਰਾਂ ਦੀ ਸਿਆਸਤ ਨਾਲ ਨੈਤਿਕ ਕੀਮਤਾਂ ਦਾ ਜੋ ਹਾਲ ਹੋਇਆ, ਉਸ ਦਾ ਕਾਰਣ ਬੇਲਗਾਮ ਮਾਨਸਿਕਤਾ ਸੀ। ਗੁਰੂ ਨਾਨਕ ਦੇਵ ਜੀ ਨੇ ਇਸ ਮਾਨਸਿਕ ਬੇਲਗਾਮੀ ਨੂੰ ਅਧਿਆਤਮਿਕ ਚੇਤਨਾ ਨਾਲ ਸੰਭਾਲਣ ਦਾ ਸਿਧਾਂਤ ਸਾਹਮਣੇ ਲਿਆਦਾ ਸੀ। ਇਥੇ ਇਹ ਜਾਨਣਾ ਦਿਲਸਚਪ ਹੋਵੇਗਾ ਕਿ ਜਦੋਂ ਕੋਲੰਬਸ 1492 ਵਿਚ ਭਾਰਤ ਨੂੰ ਲੱਭਦਾ ਲੱਭਦਾ ਅਮਰੀਕਾ ਦੀ ਧਰਤੀ ਉਤੇ ਪਹੁੰਚ ਗਿਆ ਸੀ, ਉਸ ਵੇਲੇ ਗੁਰੂ ਨਾਨਕ ਦੇਵ ਜੀ 'ਜਗਤ ਜਲੰਦੇ' ਦੇ ਪਾਰ ਉਤਾਰੇ ਲਈ ਹੱਲ ਲੱਭਣ ਦੀ ਕੋਸ਼ਿਸ਼ ਕਰ ਰਹੇ ਸਨ। ਔਰਤ ਦੇ ਮਾਨ ਸਤਿਕਾਰ ਵਾਸਤੇ ਲੋੜੀਦੇ ਸਰੋਕਾਰਾ ਦੀ ਨਿਸ਼ਾਨਦੇਹੀ, ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਦਾ ਹਿੱਸਾ ਸੀ।

ਗੁਰ-ਇਤਿਹਾਸ ਵਿਚ ਔਰਤ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ। ਗੁਰੂ ਸਾਹਿਬਾਨ ਨੇ ਸਿਧਾਂਤ ਅਤੇ ਵਿਹਾਰ ਵਿਚ ਔਰਤ ਨੂੰ ਵਡਿਆਇਆ ਹੋਇਆ ਹੈ। ਮੱਧਕਾਲ ਵਿਚ ਔਰਤ ਦੀ ਹੋਂਦ ਚਿੰਤਾ ਦਾ ਵਿਸ਼ਾ ਬਣ ਗਈ ਸੀ ਕਿਉ ਜੋ ਸਦੀਆ ਤੋਂ ਔਰਤ ਨੂੰ ਮਰਦ ਵਲੋਂ ਅਸੂਲ ਬਣਾ ਦਿੱਤੇ ਗਏ ਬਹਾਨਿਆਂ ਨਾਲ ਦਬਿਆ ਕੁਚਲਿਆ ਜਾਂਦਾ ਰਿਹਾ ਸੀ । ਦੁਨੀਆਂ ਭਰ ਦੇ ਸਾਹਿਤ ਦੇ ਇਤਿਹਾਸ ਤੇ ਜੇਕਰ ਨਜ਼ਰ ਮਾਰੀਏ ਤਾਂ ਬਿਨਾਂ ਮਿਹਨਤ ਕੀਤਿਆਂ ਹੀ ਪਤਾ ਲਗ ਜਾਂਦਾ ਹੈ ਕਿ ਔਰਤ ਨੂੰ ਬਹੁਤ ਭੰਡਿਆ ਗਿਆ ਹੈ।

ਇਥੇ ਇਕ ਪਾਸੇ ਔਰਤ ਨੂੰ ਨਿੰਦਿਆ ਜਾ ਰਿਹਾ ਹੈ ਅਤੇ ਦੂਜੇ ਪਾਸੇ ਉਸੇ ਨੂੰ ਸ਼ਕਤੀ ਦੇ ਰੂਪ ਵਿੱਚ ਪੂਜਣ ਦੀ ਪ੍ਰਥਾ ਵੀ ਨਿਭਾਈ ਜਾ ਰਹੀ ਹੈ। ਇਸ ਨਾਲ ਮਰਦ-ਪ੍ਰਧਾਨ ਸਮਾਜ ਦੀ ਦੋਗਲੀ ਪਹੁੰਚ ਸਾਹਮਣੇ ਆ ਜਾਂਦੀ ਹੈ, ਜਿਸ ਦਾ ਨੁਕਸਾਨ ਕੇਵਲ ਨਾਰੀ-ਜਾਤ ਨੂੰ ਹੁੰਦਾ ਆਇਆ ਹੈ। ਇਸ ਵਿਚੋਂ ਬਾਹਰ ਆਉਣ ਦਾ ਸਿਧਾਂਤਕ ਮਾਰਗ ਗੁਰਬਾਣੀ ਵਿੱਚ ਦਿੱਤਾ ਹੋਇਆ ਹੈ। ਇਸ ਦੇ ਬਾਵਜੂਦ ਸਿੱਖ ਸਮਾਜ ਸਮਕਾਲੀ ਸਭਿਆਚਾਰ ਦੇ ਪ੍ਰਭਾਵ ਹੇਠ ਨਾਰੀ ਨੂੰ ਉਹ ਸਥਾਨ ਨਹੀਂ ਦੇ ਸਕਿਆ, ਜਿਸ ਦੀ ਉਹ ਹੱਕਦਾਰ ਹੈ।

ਗੁਰੂ ਸਾਹਿਬਾਨ ਇਸ ਸਥਿਤੀ ਤੋਂ ਭਲੀਭਾਂਤ ਜਾਣੂ ਸਨ। ਸਿੱਖ ਧਰਮ ਵਿਚ ਗੁਰੂ ਸਾਹਿਬਾਨ ਨੇ ਬਾਣੀ ਰਾਹੀਂ ਮਨੁੱਖੀ ਸਮਾਨਤਾ ਦੀ ਵਿਚਾਰਧਾਰਾ ਪ੍ਰਗਟ ਕੀਤੀ ਅਤੇ ਲਿੰਗ ਆਧਾਰਤ ਵੰਡ ਨੂੰ ਨਕਾਰਿਆ ਸੀ। ਮਰਦ ਅਤੇ ਔਰਤ ਦੀ ਸਮਾਨਤਾ ਦੇ ਅਧਿਆਤਮਕ ਆਧਾਰ ਸਾਹਮਣੇ ਲਿਆਂਦੇ ਸਨ । ਇਹਨਾਂ ਨੂੰ ਧਰਮ ਵਿਚ ਪ੍ਰਗਟ ਕਰਨ ਦੀਆਂ ਸੰਭਾਵਨਾਵਾਂ ਵਲ ਇਸ਼ਾਰਾ ਕੀਤਾ ਹੋਇਆ ਪ੍ਰਾਪਤ ਹੈ । ਗੁਰੂ ਨਾਨਕ ਦੇਵ ਜੀ ਔਰਤ ਨੂੰ ਸਤਿਕਾਰ ਦਿੰਦੇ ਹੋਏ ਕਹਿੰਦੇ ਹਨ ਕਿ ਮਰਦ ਦਾ ਔਰਤ ਦਾ ਬਗੈਰ ਗੁਜ਼ਾਰਾ ਹੀ ਨਹੀਂ ਹੈ। ਉਹ ਔਰਤ ਤੋਂ ਹੀ ਪੈਦਾ ਹੁੰਦਾ ਹੈ ਅਤੇ ਔਰਤ ਨਾਲ ਹੀ ਵਿਆਹ ਕਰਵਾਕੇ ਜਿੰਦਗੀ ਗੁਜ਼ਾਰਦਾ ਹੈ। ਜੇ ਔਰਤ ਮਰ ਜਾਵੇ ਤਾਂ ਮਰਦ ਦੂਜਾ ਵਿਆਹ ਕਰਦਾ ਹੈ। ਇਸ ਹਾਲਤ ਵਿੱਚ ਔਰਤ ਦੀ ਨਿੰਦਿਆ ਕਿਵੇਂ ਕੀਤੀ ਜਾ ਸਕਦੀ ਹੈ? ਕਾਰਣ ਇਹ ਹੈ ਕਿ ਔਰਤ ਹੀ ਹਰ ਕਿਸਮ ਦੇ ਮਰਦ ਨੂੰ ਜਨਮ ਦੇਂਦੀ ਹੈ ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥ ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥ ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥ ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥

ਗੁਰੂ ਬਾਣੀ ਵਿਚ ਮਰਦ ਅਤੇ ਔਰਤ ਦੀ ਸਮਾਨਤਾ ਦੇ ਵਿਚਾਰ ਉਜਾਗਰ ਹੁੰਦੇ ਪ੍ਰਾਪਤ ਹਨ। ਭਗਤ ਕਬੀਰ ਜੀ ਕਹਿੰਦੇ ਹਨ ਕਿ ਔਰਤ ਨੂੰ ਪ੍ਰਭੂ ਦੇ ਜੋਤਿ-ਰੂਪ ਨੂੰ ਪ੍ਰਗਟ ਕਰਣ ਦਾ ਵਸੀਲਾ ਹੋਣ ਦਾ ਫਖਰ ਹਾਸਲ ਹੈ:

ਏਤੇ ਅਉਰਤ ਮਰਦਾ ਸਾਜੇ ਏ ਸਭ ਰੂਪ ਤੁਮਾਰੇ॥

ਗੁਰੂ ਸਾਹਿਬ ਦੀ ਦ੍ਰਿਸ਼ਟੀ ਵਿਚਿ ਮਰਦ ਅਤੇ ਔਰਤ ਦੋਵੇ ਸਮਾਨ ਹਨ। ਗੁਰੂ ਰਾਮਦਾਸ ਜੀ 'ਨਾਰੀ ਪੁਰਖ ਪੁਰਖ ਸਭ ਨਾਰੀ ਏਕੋ ਪੁਰਖੁ ਮੁਰਾਰੇ' ਆਖ ਕੇ ਮਰਦ ਤੇ ਔਰਤ ਦੀ ਸਮਾਨਤਾ ਨੂੰ ਦ੍ਰਿੜ ਕਰਦੇ ਹਨ। ਗੁਰੂ ਸਾਹਿਬ ਨੇ ਮਰਦ ਤੇ ਔਰਤ ਦੋਨਾਂ ਨੂੰ ਜੀਵ ਇਸਤਰੀ' ਕਹਿ ਕੇ ਸੰਬੋਧਨ ਕੀਤਾ ਹੈ। ਬਾਣੀ ਵਿੱਚ ਪੁਰਖ ਸ਼ਬਦ ਕੇਵਲ ਪਰਮਾਤਮਾ ਲਈ ਵਰਤਿਆ ਹੈ, ਏਕ ਪੁਰਖ ਸਬਾਈ ਨਾਰ ਰਾਹੀਂ ਇਹ ਪੱਖ ਉਜਾਗਰ ਹੁੰਦਾ ਹੈ। ਸੋ ਗੁਰਬਾਣੀ ਰਾਹੀਂ ਔਰਤ ਦੇ ਸਤਿਕਾਰ ਦੀਆਂ ਸਿਧਾਂਤਕ ਸੰਭਾਵਨਾਂਵਾ ਸਾਹਮਣੇ ਆਉਂਦੀਆਂ ਹਨ ਕਿਉਂਕਿ ਗੁਰੂ ਸਾਹਿਬਾਨ ਆਪਣੇ ਆਪ ਨੂੰ ਇਸਤਰੀ ਰੂਪ ਵਿੱਚ ਪ੍ਰਗਟ ਕੀਤਾ ਹੋਇਆ ਹੈ। ਇਸ ਨੂੰ ਆਧਾਰ ਬਣਾ ਕੇ ਨਾਰੀ-ਸ਼ਕਤੀ ਦੀ ਉਸਾਰੂ ਭੂਮਿਕਾ ਨੂੰ ਸਾਹਮਣੇ ਲਿਆਂਦਾ ਜਾ ਸਕਦਾ ਹੈ।

ਗੁਰੂ ਸਾਹਿਬਾਨ ਦੀ ਸਭ ਤੋਂ ਵੱਡੀ ਮਹਾਨਤਾ ਇਹ ਸੀ ਕਿ ਉਨ੍ਹਾਂ ਨੇ ਜੋ ਸਿਧਾਂਤ ਦਿੱਤਾ ਉਸਨੂੰ ਆਪ ਵੀ ਨਿਭਾਇਆ ਸੀ। ਉਹਨਾਂ ਦੀ ਕਥਨੀ ਤੇ ਕਰਨੀ ਇਕੋ ਸੀ।

ਉਹਨਾਂ ਦੇ ਸਿਧਾਂਤ ਅਤੇ ਵਿਹਾਰ ਵਿਚ ਵਖਰੇਵਾਂ ਨਜ਼ਰ ਨਹੀਂ ਆਉਂਦਾ। ਗੁਰ ਇਤਿਹਾਸ ਨੂੰ ਵਾਚਣ ਤੇ ਇਹ ਸਿਧਾਂਤ ਪ੍ਰਪਤ ਹੋ ਜਾਂਦਾ ਹੈ ਕਿ ਉਨ੍ਹਾਂ ਨੇ ਔਰਤ ਨੂੰ ਉਤਮ ਕੇਵਲ ਮੰਨਿਆ ਹੀ ਨਹੀਂ ਬਲਕਿ ਸਮਾਜ ਵਿੱਚ ਉਹਨਾਂ ਦੀ ਬਣਦੀ ਥਾਂ ਵੀ ਦਿੱਤੀ। ਸੀਸ ਸਿੱਖ ਧਰਮ ਵਿੱਚ ਨਾਰੀ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਇਸ ਦੇ ਇਤਿਹਾਸ ਵਿਚ ਪ੍ਰਗਟਾਵ ਦਾ ਆਰੰਭ ਗੁਰੂ ਪਤਨੀਆ ਅਤੇ ਗੁਰੂ-ਪੁਤਰੀਆਂ ਤੋਂ ਸ਼ੁਰੂ ਹੁੰਦਾ ਹੈ। ਗੁਰੂ-ਮਹਲ ਦਿਸ ਗੱਲ ਦੀ ਉਤਮ ਉਦਾਹਰਣ ਹਨ।

ਸਿੱਖ ਧਰਮ ਵਿਚ ਤਾਂ ਪਹਿਲੀ ਸਿੱਖ ਹੋਣ ਦਾ ਮਾਣ ਵੀ ਇਸਤਰੀ ਬੇਬੇ ਨਾਨਕੀ ਨੂੰ ਹੀ ਪ੍ਰਾਪਤ ਹੈ। ਮਾਤਾ ਸੁਲਖਣੀ, ਮਾਤਾ ਖੀਵੀ, ਮਾਤਾ ਮਨਸਾ, ਬੀਬੀ ਭਾਨੀ, ਮਾਤਾ ਗੰਗਾ, ਮਾਤਾ ਦਮੋਦਰੀ, ਮਾਤਾ ਗੁਜਰੀ, ਮਾਤਾ ਸੁੰਦਰੀ, ਮਾਤਾ ਜੀਤ, ਮਾਤਾ ਸਾਹਿਬ ਕੌਰ ਅਤੇ ਹੋਰ ਸਿੱਖ ਇਸਤਰੀਆਂ ਦਾ ਸਿੱਖ ਪੰਥ ਦੀ ਨੁਹਾਰ ਬਦਲਣ ਵਿੱਚ ਵੱਡਾ ਹੱਥ ਰਿਹਾ ਹੈ। ਸਿੱਖ ਔਰਤਾਂ ਨੇ ਜਿੱਥੇ ਘਰ ਪਰਿਵਾਰ ਦੀਆਂ ਜਿਮਵਾਰੀਆ ਨੂੰ ਨਿਭਾਇਆ ਉਥੇ ਹੀ ਗੁਰੂ ਜੀ ਨਾਲ ਮੋਢੇ ਨਾਲ ਮੋਢਾ ਜੋੜ ਕੇ ਉਹਨਾਂ ਨੂੰ ਸਫਲ ਬਣਾਉਣ ਲਈ ਬਾਖੂਬੀ ਭੂਮਿਕਾ ਵੀ ਨਿਭਾਈ ਸੀ। ਜਿਥੇ ਗੁਰੂ ਸਾਹਿਬਾਨ ਧਰਮ- ਪ੍ਰਚਾਰ ਦਾ ਕਾਰਜ ਕਰਦੇ ਸਨ ਉਥੇ ਗੁਰੂ ਮਹਿਲਾਂ ਗੁਰੂ ਘਰ ਅਤੇ ਸੰਗਤਾਂ ਦੇ ਰੱਖ ਰਖਾਵ ਦਾ ਕੰਮ ਸੰਭਾਲਦੀਆਂ ਸਨ। ਇਕ ਪਾਸੇ ਧਾਰਮਿਕ ਕਾਰਜਾਂ ਨੂੰ ਸਿਰੇ ਚੜ੍ਹਾਉਣ ਵਿਚ ਅਤੇ ਦੂਜੇ ਪਾਸੇ ਘਰ-ਪਰਿਵਾਰ ਵਿਚ ਚੱਲ ਰਹੀਆਂ ਰਾਜਨੀਤਕ ਗਤੀਵਿਧੀਆਂ ਵਿਚ ਵੀ ਬਰਾਬਰ ਦਾ ਯੋਗਦਾਨ ਪਾਇਓ ਹੈ। ਸਾਰਾ ਪਰਿਵਾਰ ਕੁਰਬਾਨ ਹੋ ਜਾਣ ਤੇ ਵੀ ਸਿੱਖ ਸੰਗਤਾਂ ਦੀ ਰਹਿਨੁਮਾਈ ਕਰਕੇ ਸਿੱਖ ਸੰਗਤ ਨੂੰ ਹੁਕਮਨਾਮਾ ਜਾਰੀ ਕਰਨਾ, ਇਹ ਸਭ ਗੁਰੂ ਮਹਿਲਾ ਦੇ ਹਿੱਸੇ ਹੀ ਆਉਂਦਾ ਹੈ। ਇਸ ਦੇ ਨਾਲ ਹੀ ਹੋਰ ਬਹੁਤ ਸਾਰੀਆਂ ਸਿੱਖ ਇਸਤਰੀਆਂ ਨੇ ਸਿੱਖ ਧਰਮ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਸੀ ਜਿਨ੍ਹਾਂ ਵਿਚੋਂ ਬਹੁਤੀਆਂ ਨੇ ਧਰਮ ਦੀ ਖਾਤਰ ਆਪਣੇ ਬੱਚਿਆਂ ਅਤੇ ਆਪਣੀ ਸ਼ਹਾਦਤ ਤੱਕ ਦੇ ਦਿੱਤੀ ਸੀ। ਸੋ ਗੁਰ ਇਤਿਹਾਸ ਰਾਹੀਂ ਔਰਤਾਂ ਦਾ ਸਿਧਾਂਤਕ ਅਤੇ ਵਿਹਾਰਕ ਪੱਖ ਸਾਹਮਣੇ ਆ ਜਾਂਦਾ ਹੈ।

ਪਰ ਸਮੇਂ ਦੇ ਬਦਲਾਵ ਨਾਲ ਪੁਰਾਤਨ ਕਦਰਾਂ ਕੀਮਤਾਂ ਵੀ ਬਦਲਦੀਆਂ ਜਾ ਰਹੀਆਂ ਹਨ। ਇਹਨਾਂ ਦੇ ਬਦਲਾਅ ਨਾਲ ਗੁਰੂ ਸਾਹਿਬਾਨ ਦੁਆਰਾ ਦਿੱਤੇ ਸਿਧਾਂਤਾਂ ਦੇ ਅਮਲ ਵਿੱਚ ਵੀ ਵਖਰੇਵਾਂ ਨਜ਼ਰ ਆਉਣ ਲੱਗ ਪਿਆ ਹੈ। ਆਧੁਨਿਕਤਾ ਦਾ ਜਾਮਾ ਪਾਏ ਹੋਏ ਭਾਰਤੀ ਸਮਾਜ ਨੇ ਸਿਧਾਂਤਕ ਪੱਖ ਤੋਂ ਔਰਤ ਨੂੰ ਅਜ਼ਾਦੀ ਦਿੱਤੀ ਹੋਈ ਹੈ, ਪਰ ਵਿਹਾਰਕ ਪੱਖ ਤੋਂ ਉਹ ਅਜੇ ਵੀ ਅਜ਼ਾਦ ਨਹੀਂ ਹੈ।

ਸਿੱਖ ਧਰਮ ਦੇ ਇਤਿਹਾਸਕ ਪ੍ਰਸੰਗ ਨੂੰ ਸਾਹਮਣੇ ਰੱਖ ਕੇ ਅਜ ਦੀ ਮਾਨਸਿਕਤਾ ਨੂੰ ਵੀ ਸਾਹਮਣੇ ਲਿਆਉਣਾ ਜਰੂਰੀ ਹੈ। ਆਧੁਨਿਕਤਾ ਦੇ ਪ੍ਰਵੇਸ਼ ਨਾਲ ਮਨੁੱਖੀ ਮਾਨਸਿਕਤਾ ਸੁੰਗੜਦੀ ਜਾ ਰਹੀ ਹੈ। ਸਮਾਨਤਾ ਦਾ ਅਧਿਕਾਰ ਦਿੱਤੇ ਜਾਣ ਦੇ ਬਾਵਜੂਦ ਔਰਤ ਅਸਮਾਨਤਾ ਭਵਸਾਗਰ ਵਿੱਚ ਮੁਲਤਾਨ ਹੈ। ਗੁਰੂ ਸਾਹਿਬਾਨ ਨੇ ਜੋ ਸਿਧਾਂਤ ਆਪਣੀ ਬਾਣੀ ਰਾਹੀ ਦਿੱਤੇ ਹਨ, ਉਹਨਾਂ ਨੂੰ ਕਿਥੋਂ ਤੱਕ ਨਿਭਾਇਆ ਜਾ ਰਿਹਾ ਹੈ, ਇਹ ਵੇਖਣ ਦੀ ਜਰੂਰਤ ਹੈ।

ਜਿਸ ਕਿਸਮ ਦੀ ਨਾਰੀਵਾਦੀ ਚੇਤਨਾ ਵਿਦਿਆ ਦੇ ਪ੍ਰਸਾਰ ਨਾਲ ਸਾਹਮਣੇ ਆਉਣੀ ਸ਼ੁਰੂ ਹੋ ਗਈ ਹੈ ਉਸਦੀ ਰੋਸ਼ਨੀ ਵਿਚ ਇਹ ਪੁਛਿਆ ਹੀ ਜਾਣਾ ਹੈ ਕਿ ਸਿੱਖ ਧਰਮ ਦੀਆਂ ਮੂਲ ਸੰਸਥਾਂਵਾ ਵਿਚ ਇਸਤਰੀ ਨੂੰ ਬਣਦਾ ਸਨਮਾਨ ਕਿਉਂ ਨਹੀਂ ਦਿੱਤਾ ਗਿਆ। ਨਾਰੀਵਾਦੀ ਚੇਤਨਾ ਨੇ ਇਹ ਪੁੱਛਣਾ ਹੈ ਕਿ:

1. ਪੰਜ ਪਿਆਰਿਆਂ ਵਿੱਚ ਇਸਤਰੀ ਕਿਉਂ ਨਹੀਂ?
2. ਦਰਬਾਰ ਸਾਹਿਬ ਵਿਚ ਇਸਤਰੀ ਕੀਰਤਨ ਕਿਉਂ ਨਹੀਂ ਕਰ ਸਕਦੀ
3. ਗਕਬਰ ਸਾਹਿਬ ਤੋਂ ਪਹਿਲਾ ਦਰਬਾਰ ਸਾਹਿਬ ਦੇ ਇਸ਼ਨਾਨ ਵਿਚ ਇਸਤਰੀਆ ਸ਼ਾਮਿਲ ਕਿਉਂ ਨਹੀਂ ਹੋ ਸਕਦੀਆਂ?
4. ਤਖਤਾਂ ਦੇ ਜਥੇਦਾਰਾਂ ਵਿਚੋਂ ਕੋਈ ਇਸਤਰੀ ਜਥੇਦਾਰ ਕਿਉਂ ਨਹੀਂ ਹੋ ਸਕਦੀ।

ਅਜਿਹੇ ਕਈ ਸਵਾਲ ਕਈਆਂ ਦੇ ਦਿਮਾਗ ਵਿਚ ਆਉਂਦੇ ਹੋਣਗੇ। ਇਹਨਾ ਸਵਾਲਾ ਦੇ ਉਤਰ ਲੱਭਣ ਵਿਚ ਨਾਰੀ ਚੇਤਨਾ ਨੂੰ ਵੀ ਬਣਦੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਇਨਾਂ ਪ੍ਰਸ਼ਨਾ ਦੇ ਉੱਤਰ ਗੁਰਬਾਣੀ ਦੀ ਰੋਸ਼ਨੀ ਵਿੱਚ ਲੱਭ ਲੈਣ ਨਾਲ ਨਾਰੀ-ਸ਼ਕਤੀ ਦੇ ਸਿੱਖ-ਸੰਦਰਭ ਦਾ ਵਰਤਮਾਨ ਸਥਾਪਤ ਕਰਣ ਵਿੱਚ ਸਹਾਇਤਾ ਮਿਲੇਗੀ।



ਦਵਿੰਦਰ ਕੌਰ ਖੁਸ਼ ਧਾਲੀਵਾਲ,
ਖੋਜ ਕਰਤਾ,
8847227740

# ਕਿੱਥੋਂ ਆ ਰਹੇ ਹਨ ਪੰਜਾਬ ਦੇ ਗੈਂਗਸਟਰਾਂ ਕੋਲ ਧੜਾ ਧੜ ਹਥਿਆਰ !



ਪੰਜਾਬ ਵਿੱਚ ਰੋਜ਼ਾਨਾ ਕਿਸੇ ਨਾ ਕਿਸੇ ਜਿਲ੍ਹੇ ਦੀ ਪੁਲਿਸ ਵੱਲੋਂ ਦਰਜ਼ਨਾਂ ਦੇ ਹਿਸਾਬ ਹਥਿਆਰ, ਖਾਸ ਤੌਰ 'ਤੇ ਰਿਵਾਲਵਰ ਅਤੇ ਪਿਸਟਲ ਪਕੜੇ ਜਾ ਰਹੇ ਹਨ। ਅੱਜ ਤੋਂ 35 – 40 ਸਾਲ ਪਹਿਲਾਂ ਬਦਮਾਸ਼ਾਂ ਕੋਲ ਬਿਹਾਰ ਜਾਂ ਕਿਸੇ ਲੋਕਲ ਮਿਸਤਰੀ ਦੇ ਬਣੇ ਘਟੀਆ ਜਿਹੇ ਇੱਕ ਗੋਲੀ ਚਲਾਉਣ ਵਾਲੇ ਪਿਸਤੌਲ (ਕੱਟਾ) ਹੁੰਦੇ ਸਨ ਪਰ ਅੱਜ ਕਲ੍ਹ ਛੋਟਾ ਮੋਟਾ ਗੈਂਗਸਟਰ ਵੀ ਅੱਤ ਆਧੁਨਿਕ ਜ਼ਿਗਾਨਾ ਅਤੇ ਗਲੌਕ ਵਰਗੇ ਪਿਸਤੌਲ ਲਈ ਫਿਰਦਾ ਹੈ। ਉੱਤਰ ਪ੍ਰਦੇਸ਼ ਦੇ ਬਾਹੂਬਲੀ ਅਤੀਕ ਅਹਿਮਦ, ਉਸ ਦੇ ਭਰਾ ਅਸ਼ਰਫ ਤੇ ਬਾਬਾ ਸੱਦੀਕੀ ਦੀ ਹੱਤਿਆ ਵਾਸਤੇ ਤੁਰਕੀ ਦੀ ਬਣੀ ਜ਼ਿਗਾਨਾ ਪਿਸਤੌਲ ਵਰਤੀ ਗਈ ਸੀ। ਕੁਝ ਮਾਤਰਾ ਵਿੱਚ ਪਿਸਤੌਲ ਪਾਕਿਸਤਾਨ ਤੋਂ ਹੈਰੋਇਨ ਦੇ ਨਾਲ ਪਾਕਿਸਤਾਨ ਤੋਂ ਸਮਗਲ ਕੀਤੇ ਜਾ ਰਹੇ ਹਨ, ਪਰ ਬਾਰਡਰ 'ਤੇ ਸਖਤੀ ਹੋਣ ਕਾਰਨ ਹਥਿਆਰ ਸਮਗਲ ਕਰਨਾ ਬੇਹੱਦ ਔਖਾ ਹੋ ਗਿਆ ਹੈ। ਇਸ ਕਾਰਨ ਪਹਿਲਾਂ ਪਿਸਤੌਲ ਬਿਹਾਰ ਦੇ ਮੁੰਗੇਰ ਜਿਲ੍ਹੇ ਤੋਂ ਮੰਗਵਾਏ ਜਾਂਦੇ ਸਨ ਪਰ ਪਿਛਲੇ 6 – 7 ਸਾਲਾਂ ਤੋਂ ਮੱਧ ਪ੍ਰਦੇਸ਼ ਨਜ਼ਾਇਜ ਅਸਲ੍ਹੇ ਦੇ ਗੜ੍ਹ ਵਜੋਂ ਉੱਭਰਿਆ ਹੈ। ਉਥੋਂ ਦੇ ਬਣੇ ਵਧੀਆ ਕਿਸਮ ਦੇ ਰਿਵਾਲਵਰ ਅਤੇ ਪਿਸਟਲ ਚਾਲੀ ਪੰਜਾਹ ਹਜ਼ਾਰ ਤੱਕ ਅਸਾਨੀ ਨਾਲ ਮਿਲ ਜਾਂਦੇ ਹਨ ਤੇ ਕਾਰਕਰਦਗੀ, ਪਾਲਿਸ਼ ਅਤੇ ਫਿਨਿਸ਼ਿੰਗ ਵਿੱਚ ਜ਼ਿਗਾਨਾ ਅਤੇ ਗਲੌਕ ਨੂੰ ਵੀ ਮਾਤ ਪਾਉਂਦੇ ਹਨ।

ਸ਼ੁਰੂਆਤ ਵਿੱਚ ਸਿਰਫ ਸਥਾਨਕ ਕਿਸਾਨਾਂ ਵੱਲੋਂ ਕੱਟੇ ਖਰੀਦੇ ਜਾਂਦੇ ਸਨ ਤਾਂ ਜੋ ਰਾਤ ਵੇਲੇ ਖੇਤਾਂ ਦੀ ਰਾਖੀ ਕਰਨ ਸਮੇਂ ਲੁਟੇਰਿਆਂ ਤੋਂ ਸੁਰੱਖਿਅਤ ਰਹਿਣ। ਪਰ ਹੁਣ ਪੰਜਾਬ, ਮਹਾਰਾਸ਼ਟਰ, ਰਾਜਸਥਾਨ, ਉੱਤਰ ਪ੍ਰਦੇਸ਼, ਦਿੱਲੀ ਅਤੇ ਹਰਿਆਣਾ ਆਦਿ ਵਿੱਚ ਵੀ ਮੱਧ ਪ੍ਰਦੇਸ਼ ਦੇ ਅਸਲ੍ਹੇ ਦੀ ਭਾਰੀ ਮੰਗ ਹੈ। ਪੰਜਾਬ ਵਿੱਚ ਸਿਰਫ ਅਕਤੂਬਰ ਮਹੀਨੇ ਵਿੱਚ ਹੀ ਮੱਧ ਪ੍ਰਦੇਸ਼ ਦੇ ਬਣੇ 54 ਪਿਸਤੌਲ ਬਰਾਮਦ ਹੋ ਚੁੱਕੇ ਹਨ। ਮੱਧ ਪ੍ਰਦੇਸ਼ ਦੇ ਬਰਵਾਨੀ, ਧਾਰ, ਬੁਰਹਾਨਪੁਰ ਅਤੇ ਖਰਗੋਨ ਆਦਿ ਵਿੱਚ ਸੈਂਕੜੇ ਕਾਰੀਗਰ ਨਜ਼ਾਇਜ ਹਥਿਆਰ ਬਣਾ ਰਹੇ ਹਨ ਤੇ ਇਸ ਕਾਰੋਬਾਰ 'ਤੇ ਉਥੋਂ ਦੇ ਵਸਨੀਕ ਸਿਕਲੀਗਰ ਸਿੱਖਾਂ ਦਾ ਏਕਾਧਿਕਾਰ ਹੈ। ਪੁਰਾਣੇ ਸਮੇਂ ਵਿੱਚ ਉਹ ਰਾਜਿਆਂ ਮਹਾਰਾਜਿਆਂ ਦੀਆਂ ਫੌਜਾਂ ਵਾਸਤੇ ਤਲਵਾਰਾਂ, ਬਰਛੇ ਅਤੇ ਤੀਰ ਕਮਾਨ ਆਦਿ ਬਣਾਇਆ ਕਰਦੇ ਸਨ, ਪਰ ਸਮੇਂ ਦੇ ਬਦਲਣ ਨਾਲ ਉਹ ਵੀ ਆਧੁਨਿਕ ਹੋ ਗਏ ਹਨ। ਉਨ੍ਹਾਂ ਨੂੰ 32 ਬੋਰ, 9 ਮਿ.ਮੀ. ਅਤੇ 30 ਬੋਰ ਦੇ ਪਿਸਤੌਲ ਬਣਾਉਣ ਵਿੱਚ ਵਿਸ਼ੇਸ਼ ਮੁਹਾਰਤ ਹਾਸਲ ਹੈ। 32 ਬੋਰ ਦੀ ਜਿਆਦਾ ਮੰਗ ਹੈ ਕਿਉਂਕਿ ਇਸ ਦੀਆਂ ਗੋਲੀਆਂ ਅਸਾਨੀ ਨਾਲ ਕਿਸੇ ਵੀ ਲਾਇਸੈਂਸਧਾਰੀ ਜਾਂ ਅਸਲ੍ਹੇ ਦੀ ਦੁਕਾਨ ਤੋਂ ਦੋ ਨੰਬਰ ਵਿੱਚ ਮਿਲ ਸਕਦੀਆਂ ਹਨ। ਇਥੇ ਜੰਗਲਾਂ ਵਿੱਚ ਦੇਸੀ ਕਿਸਮ ਦੀਆਂ ਸ਼ੂਟਿੰਗ ਰੇਂਜਾਂ ਵੀ ਬਣੀਆਂ ਹੋਈਆਂ ਹਨ ਜਿੱਥੇ ਗਾਹਕ ਖਰੀਦਣ ਤੋਂ ਪਹਿਲਾਂ ਅਸਲ੍ਹਾ ਚੈੱਕ ਕਰ ਸਕਦੇ ਹਨ।

ਬਿਹਾਰ ਤੇ ਯੂ.ਪੀ. ਦੇ ਬਣੇ ਪਿਸਤੌਲਾਂ ਵਿੱਚ ਗਰਮ ਹੋਣਾ, ਗੋਲੀ ਫਸਣਾ, ਮਿੱਸ ਫਾਇਰ ਅਤੇ ਨਾਲੀ ਫਟਣਾ ਆਮ ਜਿਹੀ ਗੱਲ ਸੀ। ਪਰ ਮੱਧ ਪ੍ਰਦੇਸ਼ ਦੇ ਪਿਸਤੌਲਾਂ ਵਿੱਚ ਅਜਿਹੀ ਕੋਈ ਮੁਸ਼ਕਿਲ ਪੇਸ਼ ਨਹੀਂ ਆਉਂਦੀ। ਉਹ ਚੱਲਣ ਵਿੱਚ ਅਸਾਨ ਹਨ ਅਤੇ ਵਧੀਆ ਕਿਸਮ ਦੀ ਸਮਗਰੀ ਨਾਲ ਤਿਆਰ ਕੀਤੇ ਜਾਂਦੇ ਹਨ ਜੋ ਅਸਾਨੀ ਨਾਲ ਕਬਾੜੀਆਂ ਅਤੇ ਸਪੇਅਰ ਪਾਰਟਸ ਦੀਆਂ ਦੁਕਾਨਾਂ 'ਤੇ ਮੁਹੱਈਆ ਹੈ। ਰੇਲਵੇ ਦੀ ਕੰਡਮ ਪਟੜੀ, ਬੱਸਾਂ ਟਰੱਕਾਂ ਦੇ ਇੰਜਣਾਂ ਦੀ ਕਰੈਂਕ ਸ਼ਾਫਟ ਅਤੇ ਕਮਾਨੀਆਂ ਵਰਗੇ ਮਜ਼ਬੂਤ ਅਤੇ ਲਚਕਦਾਰ ਇਸਪਾਤ ਤੋਂ ਤਿਆਰ ਕੀਤੇ ਗਏ ਇਹ ਪਿਸਤੌਲ ਬਹੁਤ ਹੀ ਕਾਰਗਰ ਹਨ। ਕਾਰੀਗਰਾਂ ਤੋਂ ਹਥਿਆਰ ਖਰੀਦਣ ਤੋਂ ਬਾਅਦ ਗਾਹਕ ਲੱਭਣ ਦੀ ਜ਼ਿੰਮੇਵਾਰੀ ਦਲਾਲਾਂ ਦੀ ਹੈ ਕਿਉਂਕਿ ਉਨ੍ਹਾਂ ਦੇ ਸੰਗਠਿਤ ਅਪਰਾਧੀਆਂ ਨਾਲ ਨਜ਼ਦੀਕੀ ਸਬੰਧ ਹੁੰਦੇ ਹਨ। ਦਲਾਲ ਗਾਹਕ ਨੂੰ ਸਿੱਧਾ ਜਾਂ ਪਾਂਡੀ ਰਾਹੀਂ ਹਥਿਆਰ ਪਹੁੰਚਾਉਂਦੇ ਹਨ। ਹਥਿਆਰ ਇਧਰੋਂ ਉਧਰ ਲੈ ਕੇ ਜਾਣ ਲਈ ਪਹਿਲਾਂ ਬੰਦਿਆਂ ਦੀ ਵਰਤੋਂ ਕੀਤੀ ਜਾਂਦੀ ਸੀ ਪਰ ਹੁਣ ਹਥਿਆਰ ਔਰਤਾਂ (ਪਾਂਡੀ) ਰਾਹੀਂ ਭੇਜੇ ਜਾਂਦੇ ਹਨ ਕਿਉਂਕਿ ਪੁਲਿਸ ਔਰਤਾਂ 'ਤੇ ਜਿਆਦਾ ਸ਼ੱਕ ਨਹੀਂ ਕਰਦੀ। ਗਾਹਕ ਤੋਂ ਪੈਸੇ ਐਡਵਾਂਸ ਵਿੱਚ ਹੀ ਖਾਤਿਆਂ ਵਿੱਚ ਪਵਾ ਲਏ ਜਾਂਦੇ ਹਨ। ਇਸ ਕੰਮ ਵਿੱਚ ਬਹੁਤ ਮੁਨਾਫਾ ਹੈ। ਕਾਰੀਗਰ ਨੂੰ ਵਧੀਆ ਕਿਸਮ ਦੇ ਪਿਸਤੌਲ ਦੇ ਪੰਦਰਾਂ ਵੀਹ ਹਜ਼ਾਰ, ਪਾਂਡੀ ਨੂੰ ਇੱਕ ਗੇੜੇ ਦੇ ਪੰਜ ਤੋਂ ਦਸ ਹਜ਼ਾਰ ਤੇ ਦਲਾਲ ਨੂੰ ਵੀਹ ਪੱਚੀ ਹਜ਼ਾਰ ਤੱਕ ਬਣ ਜਾਂਦੇ ਹਨ ਕਿਉਂਕਿ ਇੱਕ ਪਿਸਤੌਲ ਚਾਲੀ ਤੋਂ ਪੰਜਾਹ ਹਜ਼ਾਰ ਤੱਕ ਅਰਾਮ ਨਾਲ ਵਿਕ ਜਾਂਦਾ ਹੈ। ਦੇਸੀ ਕੱਟ ਦੀ ਕੀਮਤ 1000 – 1200 ਰੁਪਏ ਹੈ।

ਮਹਾਰਾਸ਼ਟਰ ਦੀ ਹੱਦ 'ਤੇ ਵੱਸੇ ਹੋਏ ਸਿਕਲੀਗਰਾਂ ਦੇ ਇਲਾਕੇ ਬੇਹੱਦ ਪੱਛੜੇ ਤੇ ਜੰਗਲਾਂ ਪਹਾੜਾਂ ਨਾਲ ਘਿਰੇ ਹੋਏ ਹਨ ਜਿਸ ਕਾਰਨ ਪੁਲਿਸ ਦਾ ਇਥੇ ਪਹੁੰਚਣਾ ਬਹੁਤ ਮਸ਼ਕਿਲ ਹੈ। ਚੰਗਾ ਕਾਰੀਗਰ ਸਿਰਫ ਹਥੌੜੇ ਛੈਣੀ ਦੀ ਮਦਦ ਨਾਲ ਇੱਕ ਕੱਟਾ ਦੋ ਤਿੰਨ ਦਿਨਾਂ ਵਿੱਚ ਤਿਆਰ ਕਰ ਲੈਂਦਾ ਹੈ। ਪਰ ਵਧੀਆ ਕਿਸਮ ਦੇ ਹਥਿਆਰ ਤਿਆਰ ਕਰਨ ਲਈ ਖਰਾਦ ਦੀ ਜਰੂਰਤ ਪੈਂਦੀ ਹੈ। ਅਜਿਹੀਆਂ ਵਰਕਸ਼ਾਪਾਂ ਦੂਰ ਦਰੇਡੇ ਜੰਗਲਾਂ ਵਿੱਚ ਸਥਾਪਿਤ ਕੀਤੀਆਂ ਗਈਆਂ ਹਨ ਤੇ ਖਰਾਦ ਨੂੰ ਚਲਾਉਣ ਲਈ ਤਿੰਨ ਚਾਰ ਵਰਕਸ਼ਾਪਾਂ ਵਾਲੇ ਮਿਲ ਕੇ ਸਾਈਲੈਂਟ ਜਨਰੇਟਰ ਖਰੀਦ ਲੈਂਦੇ ਹਨ ਤਾਂ ਜੋ ਪੁਲਿਸ ਉਨ੍ਹਾਂ ਦੀ ਅਵਾਜ਼ ਨਾ ਸੁਣ ਸਕੇ। ਇਸ ਵਕਤ ਪੱਚੀ ਤੀਹ ਹਜ਼ਾਰ ਸਿਕਲੀਗਰ ਕਾਰੀਗਰ ਇਸ ਕੰਮ ਵਿੱਚ ਲੱਗੇ ਹੋਏ ਹਨ ਤੇ ਇਹ ਇੱਕ ਕਿਸਮ ਦਾ ਘਰੇਲੂ ਉਦਯੋਗ ਬਣ ਗਿਆ ਹੈ। ਬਹੁਤਿਆਂ ਉੱਪਰ ਆਰਮਜ਼ ਐਕਟ ਦੇ 15, 15 – 20, 20 ਪਰਚੇ ਦਰਜ਼ ਹਨ ਤੇ ਉਹ ਕਈ ਪੀੜ੍ਹੀਆਂ ਤੋਂ ਇਹ ਕੰਮ ਕਰ ਰਹੇ ਹਨ। ਇਸ ਇਲਾਕੇ ਵਿੱਚ ਕੋਈ ਵੱਡਾ ਉਦਯੋਗ ਨਹੀਂ ਹੈ ਤੇ ਜ਼ਮੀਨ ਪਥਰੀਲੀ ਅਤੇ ਬੰਜਰ ਕਿਸਮ ਦੀ ਹੈ ਜਿਸ ਕਾਰਨ ਸਿਕਲੀਗਰ ਇਹ ਕੰਮ ਕਰਨ ਲਈ ਮਜ਼ਬੂਰ ਹਨ। ਇਥੇ ਇਹ ਵੀ ਵਰਨਣ ਯੋਗ ਹੈ ਕਿ ਜਦੋਂ ਕਿਸੇ ਵਿਗੜੇ ਬਦਮਾਸ਼ ਨੂੰ ਪੁਲਿਸ ਨੇ ਕਿਸੇ ਮੁਕੱਦਮੇ ਵਿੱਚ ਫਸਾਉਣਾ ਹੋਵੇ ਤਾਂ ਉਸ 'ਤੇ ਫਿੱਟ ਕਰਨ ਵਾਲਾ ਹਥਿਆਰ ਵੀ ਸਿਕਲੀਗਰਾਂ ਤੋਂ ਹੀ ਲੈਂਦੀ ਹੈ।

ਪੁਲਿਸ ਵੱਲੋਂ ਇਸ ਇਲਾਕੇ ਵਿੱਚ ਲਗਾਤਾਰ ਰੇਡ ਕੀਤੇ ਜਾਂਦੇ ਹਨ। ਹੁਣ ਤੱਕ ਹਜ਼ਾਰਾਂ ਦੀ ਗਿਣਤੀ ਵਿੱਚ ਹਥਿਆਰ ਬਰਾਮਦ ਹੋਏ ਹਨ ਤੇ ਸੈਂਕੜੇ ਗ੍ਰਿਫਤਾਰੀਆਂ ਹੋ ਚੁੱਕੀਆਂ ਹਨ ਪਰ ਧੰਦਾ ਲਗਾਤਾਰ ਜਾਰੀ ਹੈ। ਜੇ ਪਿਤਾ ਪਕੜਿਆ ਜਾਂਦਾ ਹੈ ਤਾਂ ਪੁੱਤਰ ਹਥਿਆਰ ਬਣਾਉਣੇ ਸ਼ੁਰੂ ਕਰ ਦੇਂਦਾ ਹੈ। 2023 ਵਿੱਚ ਮੱਧ ਪ੍ਰਦੇਸ਼ ਸਪੈਸ਼ਲ ਟਾਸਕ ਫੋਰਸ (ਐਸ.ਟੀ.ਐਫ) ਨੇ ਇੱਕ ਡੋਜ਼ੀਅਰ ਤਿਆਰ ਕੀਤਾ ਸੀ ਜਿਸ ਦੇ ਮੁਤਾਬਕ ਮਾਓਵਾਦੀਆਂ ਸਮੇਤ ਸਿਕਲੀਗਰਾਂ ਦੇ ਹਥਿਆਰ ਭਾਰਤ ਦੇ 19 ਸੂਬਿਆਂ ਵਿੱਚ ਸਪਲਾਈ ਹੋ ਰਹੇ ਹਨ। ਇਸ ਡੋਜ਼ੀਅਰ ਵਿੱਚ ਹੀਰਾ ਸਿੰਘ, ਰਮੇਸ਼ ਸਿੰਘ ਅਤੇ ਕਿਸ਼ਨ ਸਿੰਘ ਵਰਗੇ ਉਸਤਾਦ ਕਾਰੀਗਰਾਂ ਸਮੇਤ ਅਜਿਹੇ 250 ਚੋਟੀ ਦੇ ਸਿਕਲੀਗਰਾਂ ਦੇ ਨਾਮ ਹਨ ਜਿਨ੍ਹਾਂ ਦੁਆਰਾ ਬਣਾਏ ਗਏ ਸ਼ਾਨਦਾਰ ਰਿਵਾਲਵਰ, ਸੈਮੀ ਆਟੋਮੈਟਿਕ ਪਿਸਟਲ ਤੇ ਕਾਰਬਾਈਨਾਂ ਉੱਤਰ ਪ੍ਰਦੇਸ਼, ਰਾਜਸਥਾਨ, ਹਰਿਆਣਾ, ਦਿੱਲੀ, ਬਿਹਾਰ, ਮਹਾਰਾਸ਼ਟਰ ਅਤੇ ਪੰਜਾਬ ਦੇ ਗੈਂਗਸਟਰ ਕਿਸੇ ਵੀ ਕੀਮਤ 'ਤੇ ਲੈ ਲੈਂਦੇ ਹਨ। ਖਰੀਦਾਰ ਦੀ ਮੰਗ 'ਤੇ ਹਥਿਆਰ 'ਤੇ ਮੇਡ ਇੰਨ ਇੰਗਲੈਂਡ ਅਤੇ ਮੇਡ ਇੰਨ ਚਾਈਨਾ ਦੇ ਠੱਪੇ ਵੀ ਲਗਾ ਦਿੱਤੇ ਜਾਂਦੇ ਹਨ।

ਪਿਛਲੇ ਸਮੇਂ ਵਿੱਚ ਸਿਕਲੀਗਰਾਂ ਦੁਆਰਾ ਤਿਆਰ ਕੀਤੇ ਗਏ ਹਥਿਆਰ ਕਈ ਸਨਸਨੀਖੇਜ਼ ਵਾਰਦਾਤਾਂ ਵਿੱਚ ਵਰਤੇ ਜਾ ਚੁੱਕੇ ਹਨ। 2009 ਵਿੱਚ ਯੂ.ਪੀ. ਦੀ ਐਸ.ਟੀ.ਐਫ. ਨੇ ਦਾਉਦ ਇਬਰਾਹੀਮ ਦਾ ਇੱਕ ਸ਼ੂਟਰ ਆਲਮਜ਼ੇਬ ਗ੍ਰਿਫਤਾਰ ਕੀਤਾ ਸੀ ਜਿਸ ਨੂੰ ਉਸ ਸਮੇਂ ਦੇ ਬੀ.ਜੇ.ਪੀ. ਐਮ.ਪੀ. ਵਰੁਣ ਗਾਂਧੀ ਦੀ ਹੱਤਿਆ ਦੀ ਸੁਪਾਰੀ ਦਿੱਤੀ ਗਈ ਸੀ। ਇੰਟੈਰੋਗੇਸ਼ਨ ਸਮੇਂ ਉਸ ਨੇ ਦੱਸਿਆ ਸੀ ਕਿ ਵਾਰਦਾਤ ਲਈ ਪਿਸਤੌਲ ਉਸ ਨੇ ਮਥੁਰਾ ਦੇ ਇੱਕ ਦਲਾਲ ਰਾਹੀਂ ਮੱਧ ਪ੍ਰਦੇਸ਼ ਦੇ ਬਰਵਾਨੀ ਜਿਲ੍ਹੇ ਦੇ ਇੱਕ ਸਿਕਲੀਗਰ ਤੋਂ ਖਰੀਦਿਆ ਸੀ। ਉਸੇ ਸਾਲ ਪਾਬੰਦੀਸ਼ੁਦਾ ਸਟੂਡੈਂਟਸ ਇਸਲਾਮਿਕ ਮੂਵਮੈਂਟ ਆਫ ਇੰਡੀਆ (ਸਿਮੀ) ਦੇ ਮੈਂਬਰ ਇਸ਼ਤਿਆਕ ਅਹਿਮਦ ਨੇ ਮੱਧ ਪ੍ਰਦੇਸ਼ ਐਂਟੀ ਟੈਰੇਰਿਸਟ ਸਕੁਐਡ (ਏ.ਟੀ.ਐਸ) ਦੇ ਕਾਂਸਟੇਬਲ ਸੀਤਾ ਰਾਮ ਯਾਦਵ ਦੀ ਹੱਤਿਆ ਲਈ ਵਰਤਿਆ ਪਿਸਤੌਲ ਬੁਰਹਾਨਪੁਰ ਦੇ ਕਿਸੇ ਸਿਕਲੀਗਰ ਤੋਂ ਖਰੀਦਿਆ ਸੀ। 2008 ਦੇ ਅਹਿਮਦਾਬਾਦ ਸੀਰੀਅਲ ਬੰਬ ਧਮਾਕਿਆਂ ਦੇ ਮੁਲਜ਼ਮਾਂ ਅਤੇ ਸਿੱਧੂ ਮੂਸੇਵਾਲਾ ਦੀ ਹੱਤਿਆ ਦੇ ਦੋਸ਼ੀ ਗੈਂਗਸਟਰ ਸੰਤੋਸ਼ ਯਾਦਵ ਨੇ ਵੀ ਹਥਿਆਰ ਬਰਵਾਨੀ ਜਿਲੇ ਦੇ ਸਿਕਲੀਗਰਾਂ ਤੋਂ ਹੀ ਖਰੀਦੇ ਸਨ।

ਇਸ ਸਾਲ ਜਨਵਰੀ ਮਹੀਨੇ ਵਿੱਚ ਕੁਝ ਖੋਜੀ ਪੱਤਰਕਾਰਾਂ ਨੇ ਇਸ ਇਲਾਕੇ ਦਾ ਦੌਰਾ ਕੀਤਾ ਤਾਂ ਪਤਾ ਚੱਲਿਆ ਕਿ ਇੰਦੌਰ ਤੋਂ ਕਰੀਬ 150 ਕਿ.ਮੀ. ਦੂਰ ਵੱਸਿਆ ਉਮੈਰਤੀ ਪਿੰਡ ਨਜ਼ਾਇਜ ਅਸਲ੍ਹਾ ਬਣਾਉਣ ਅਤੇ ਵੇਚਣ ਲਈ ਸਭ ਤੋਂ ਵੱਡੀ ਮੰਡੀ ਵਜੋਂ ਉੱਭਰਿਆ ਹੈ। ਇਸ ਦਾ ਕਾਰਨ ਇਹ ਹੈ ਕਿ ਇਹ ਪਿੰਡ ਅਨੀਆਰ ਨਦੀ ਦੇ ਕਿਨਾਰੇ ਮਹਾਰਾਸ਼ਟਰ ਦੀ ਸਰਹੱਦ 'ਤੇ ਵੱਸਿਆ ਹੋਇਆ ਹੈ। ਜਦੋਂ ਪੁਲਿਸ ਦੀ ਰੇਡ ਹੁੰਦੀ ਹੈ ਤਾਂ ਅਸਲ੍ਹੇ ਦੇ ਕਾਰੋਬਾਰੀ ਅਰਾਮ ਨਾਲ ਦਰਿਆ ਪਾਰ ਕਰ ਕੇ ਮਹਾਰਾਸ਼ਟਰ ਪਹੁੰਚ ਜਾਂਦੇ ਹਨ। ਕਈ ਵਾਰ ਪੁਲਿਸ ਨੂੰ ਸਖਤ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਦੋ ਤਿੰਨ ਵਾਰ ਉਨ੍ਹਾਂ ਦੀ ਪਿਟਾਈ ਵੀ ਹੋ ਚੁੱਕੀ ਹੈ। ਕਈ ਵਾਰ ਤਾਂ ਸਕਿਉਰਟੀ ਜਮ੍ਹਾ ਕਰਵਾ ਕੇ ਹਥਿਆਰ ਕਿਰਾਏ 'ਤੇ ਵੀ ਦੇ ਦਿੱਤੇ ਜਾਂਦੇ ਹਨ। ਇਥੋਂ ਦੇ ਕਾਰੀਗਰ ਹਥਿਆਰ ਮਹਾਰਾਸ਼ਟਰ ਦੇ ਧੂਲੇ ਸ਼ਹਿਰ ਦੇ ਦਲਾਲਾਂ ਕੋਲ ਪਹੁੰਚਾ ਦਿੰਦੇ ਹਨ ਜਿੱਥੋਂ ਅੱਗੇ ਭਾਰਤ ਦੇ ਵੱਖ ਵੱਖ ਕੋਨਿਆਂ ਵਿੱਚ ਸਪਲਾਈ ਕਰ ਦਿੱਤੀ ਜਾਂਦੀ ਹੈ। ਮੱਧ ਪ੍ਰਦੇਸ਼ ਦੀ ਪੁਲਿਸ ਇਨ੍ਹਾਂ 'ਤੇ ਰੇਡ ਕਰ ਕੇ ਹਥਿਆਰ ਬਰਾਮਦ ਕਰਦੀ ਰਹਿੰਦੀ ਹੈ ਜੋ ਕੁੱਲ ਉਤਪਾਦ ਦਾ 2% ਤੋਂ ਵੱਧ ਨਹੀਂ ਹੈ। ਪੱਤਰਕਾਰਾਂ ਨੇ ਸਿਕਲੀਗਰ ਸਮਾਜ ਦੇ ਨੈਸ਼ਨਲ ਪ੍ਰਧਾਨ ਮਗਨ ਸਿੰਘ ਭਾਟੀਆ ਨਾਲ ਗੱਲ ਕੀਤੀ ਤਾਂ

ਉਸ ਨੇ ਦੱਸਿਆ ਕਿ ਸਿਰਫ 10 – 12% ਲੋਕਾਂ ਦੇ ਕਾਰਨ ਹੀ ਸਾਰੇ ਸਮਾਜ ਦੀ ਬਦਨਾਮੀ ਹੋ ਰਹੀ ਹੈ। ਉਸ ਨੇ ਦੱਸਿਆ ਕਿ ਜੇ ਸਰਕਾਰ ਇਸ ਇਲਾਕੇ ਵਿੱਚ ਸੜਕਾਂ, ਬਿਜਲੀ ਅਤੇ ਪਾਣੀ ਵਰਗੀਆਂ ਬੁਨਿਆਦੀ ਸਹੂਲਤਾਂ ਪ੍ਰਦਾਨ ਕਰ ਦੇਵੇ ਤੇ ਉਦਯੋਗੀਕਰਨ ਕਰ ਕੇ ਨੌਕਰੀਆਂ ਦਾ ਪ੍ਰਬੰਧ ਕਰੇ ਤਾਂ ਇਹ ਲੋਕ ਵੀ ਮੁੱਖ ਧਾਰਾ ਵਿੱਚ ਸ਼ਾਮਲ ਹੋ ਸਕਦੇ ਹਨ। ਉਸ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਜੇ ਇਸ ਇਲਾਕੇ ਵਿੱਚ ਸਰਕਾਰੀ ਅਸਲ੍ਹਾ ਫੈਕਟਰੀਆਂ ਸਥਾਪਿਤ ਕੀਤੀਆਂ ਜਾਣ ਤਾਂ ਨਜਾਇਜ਼ ਧੰਦਿਆਂ ਵਿੱਚ ਲਿਪਤ ਵਿਅਕਤੀਆਂ ਦੀ ਕੁਸ਼ਲਤਾ ਦਾ ਲਾਭ ਉਠਾਇਆ ਜਾ ਸਕਦਾ ਹੈ।



ਬਲਰਾਜ ਸਿੰਘ ਸਿੱਧੂ ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 9501100062

ਭਾਗ-20

# ਤਸਵੀਰ ਜ਼ਿੰਦਗੀ ਦੀ...

ਐਤਵਾਰ ਨੂੰ ਦੱਸੇ ਰੈਸਟੋਰੈਂਟ ਵਿੱਚ ਨਾਨਕ ਨੂੰ ਬਰਾੜ ਸਾਹਿਬ ਸ਼ਗਨ ਲਗਾ ਕੇ ਰਿਸ਼ਤਾ ਪੱਕਾ ਕਰ ਦਿੰਦੇ ਹਨ, ਦੂਜੇ ਪਾਸੇ ਕੁੜੀ ਨੂੰ ਵੀ ਵੀਰਪਾਲ ਸ਼ਗਨ ਪਾ ਦਿੰਦੀ ਹੈ।

"ਲਉ ਜੀ ਭੈਣ ਜੀ ਬਹੁਤ -ਬਹੁਤ ਮੁਬਾਰਕਾਂ ਅੱਜ ਤੋਂ ਮੁੰਡਾ ਹੋ ਗਿਆ ਸਾਡਾ ਤੇ ਕੁੜੀ ਹੋ ਗਈ ਤੁਹਾਡੀ....।" ਕੁੜੀ ਦਾ ਪਿਉ ਵੀਰਪਾਲ ਨੂੰ ਆਖਦਾ ਹੈ।

"ਹਾਂ ਜੀ ਹਾਂ ਜੀ ਵੀਰ ਜੀ ਤੁਹਾਨੂੰ ਨੂੰ ਵੀ ਬਹੁਤ -ਬਹੁਤ ਮੁਬਾਰਕਾਂ , ਅੱਜ ਤੋਂ ਤੁਹਾਡੇ ਤਿੰਨ ਮੁੰਡੇ ਤੇ ਮੇਰੀਆਂ ਤਿੰਨ ਕੁੜੀਆਂ ਹੋ ਗਈਆ ਜੀ।"

"ਅੱਜ ਤੋਂ ਬਾਅਦ ਆਪਾਂ ਭੈਣ ਜੀ ਰਿਸ਼ਤੇਦਾਰ ਹੋ ਗਏ ਹਾਂ ਜੀ ,ਸਾਡੇ ਸਭ ਸੁੱਖ -ਦੁੱਖ ਸਾਂਝੇ ਹਨ,ਕਦੇ ਕੋਈ ਵੀ ਕਿਸੇ ਵੀ ਸਮੇਂ ਜਰੂਰਤ ਹੋਵੇ ਤਾਂ ਹਾਜ਼ਰ ਹਾਂ ਜੀ,ਤੁਸੀਂ ਭਾਵੇਂ ਅੱਧੀ ਰਾਤ ਨੂੰ ਆਵਾਜ਼ ਮਾਰੋ ਹਾਜ਼ਰ ਹਾਂ ਜੀ ਬਿਲਕੁਲ ਵੀ ਸੰਗਣ ਦੀ ਜਰੂਰਤ ਨਹੀਂ, ਤੁਸੀਂ ਇਹ ਸਮਝੋ ਤੁਹਾਡਾ ਵੱਡਾ ਭਰਾ ਹਰ ਵੇਲੇ ਹਾਜ਼ਰ ਹੈ।"

ਵੀਰਪਾਲ ਘਰੇ ਆ ਕੇ ਨਾਨਕ ਨੂੰ ਸਮਝਾਉਣ ਲੱਗ ਜਾਦੀ ਹੈ, "ਦੇਖ ਨਾਨਕ ਹੁਣ ਤੂੰ ਵੀ ਸੁਧਰ ਜਾ ....ਦੇਖ ਹੁਣ ਤੂੰ ਤਕੜੇ ਸਰਦਾਰਾਂ ਦਾ ਜੁਆਈ ਬਨਣ ਵਾਲਾ ਹੈ, ਨਾਲੇ ਲੋਕ ਤਾਂ ਵੈਸੇ ਵੀ ਜਰਦੇ ਨਹੀਂ ਹੁੰਦੇ ਜੇ ਤੇਰੀ ਦਾਰੂ ਪੀਣ ਵਾਲੀ ਗੱਲ ਉਹਨਾਂ ਕੋਲ ਪਹੁੰਚ ਗਈ ਤਾਂ ਬਹੁਤ ਮਾੜੀ ਗੱਲ ਹੋਵੇਗੀ। ਜੁਆਬ ਵੀ ਦੇ ਮੇਰੀ ਕਿਸੇ ਗੱਲ ਦਾ. ...... ਬੋਲ ਵੀ ਤਾਂ ਸਹੀ।"

"ਹਾਂ ਮਾਂ ਤੂੰ ਠੀਕ ਆਖਦੀ ਹੈ। ਆਪਾਂ ਅੱਜ ਤੋਂ ਹੀ ਦਾਰੂ ਪੀਣੀ ਬੰਦ। "

(ਉਹ ਗੱਲ ਕਰ ਹੀ ਰਹੇ ਹੁੰਦੇ ਹਨ ਕਿ ਇੰਨੇ ਵਿੱਚ ਨਾਨਕ ਦਾ ਫੋਨ ਵੱਜਦਾ ਹੈ ਤੇ ਨਾਨਕ ਬਾਹਰ ਜਾ ਕੇ ਗੱਲ ਕਰਦਾ ਹੈ)

"ਹਾਂ ਜੀ ਸੇਠ ਜੀ ਸਤਿ ਸ੍ਰੀ ਅਕਾਲ....... ਮੈਂ ਤੁਹਾਨੂੰ ਕਿਹਾ ਤਾਂ ਸੀ ਛੇਤੀ ਹੀ ਪ੍ਰਬੰਧ ਕਰ ਦੇਵਾਂਗਾ ਤੁਸੀਂ ਐਵੇਂ ਕਾਹਲੀ ਨਾ ਕਰੋ.... ਬਸ ਕੰਮ ਚੱਲ ਰਿਹਾ ਹੈ ਸਮੇਤ ਵਿਆਜ ਥੋੜ੍ਹੇ ਹੀ ਦਿਨਾਂ ਵਿੱਚ ਹੀ ਸਾਰੀ ਰਕਮ ਪਹੁੰਚ ਜਾਵੇਗੀ ਤੁਸੀਂ ਬਿਲਕੁਲ ਫਿਕਰ ਨਾ ਕਰੋ......। "ਆਖ ਫੋਨ ਰੱਖ ਦਿੰਦਾ ਹੈ।

( ਪਰ ਉਸਦੇ ਚੇਹਰੇ ਤੇ ਪਰੇਸ਼ਾਨੀ ਸਾਫ ਦਿਖਾਈ ਦੇ ਰਹੀ ਸੀ)

" ਕੀ ਹੋ ਗਿਆ ਨਾਨਕਾ...... "ਤੇਰਾ ਚਿਹਰਾ ਮੁਰਝਾ ਕਿਉਂ ਗਿਆ......?"

"ਕੁਝ ਵੀ ਨਹੀਂ ਮਾਂ ਤੈਨੂੰ ਐਵੇਂ ਹੀ ਲੱਗਦਾ ਹੈ ਅਜਿਹੀ ਤਾਂ ਕੋਈ ਗੱਲ ਨਹੀਂ।"

" ਫੋਨ ਕੀਹਦਾਂ ਆਇਆ ਸੀ.......?"

"ਉਹ..... ਉਹ ਤਾਂ ਸ਼ਹਿਰੋ ਆੜ੍ਹਤੀਏ ਦਾ ਸੀ। "

"ਕੀ ਕਹਿੰਦਾ ਸੀ......? "

"ਬਸ ਐਵੇਂ ਹੀ ਪੈਸਿਆਂ ਦੀ ਗੱਲ ਕਰਦਾ ਸੀ।"

" ਤੇਰੀ ਬੈਂਕ ਵਾਲੀ ਲਿਮਟ ਦਾ ਕੀ ਬਣਿਆ.....?"

"ਕੀ ਬਣਨਾ ਸੀ......ਸਾਲ਼ੇ ਉਹ ਕਿਹੜਾ ਰਿਸ਼ਵਤ ਲਏ ਬਿਨਾਂ ਕੋਈ ਕੰਮ ਥੋੜਾ ਕਰਦੇ ਹਨ। ਕੱਲ੍ਹ ਫੇਰ ਮਿਲਦਾ ਹਾਂ ਮੈਨੇਜਰ ਨੂੰ। "

"ਪੁੱਤ ਵੇਖ ਲਾ ਜੇ ਗੱਲ ਬਣ ਜਾਵੇ ਤਾਂ ਵਧੀਆ ਹੈ ਨਹੀਂ ਤਾਂ ਫਸਲ ਦਾ ਟਾਇਮ ਕਿਉਂ ਨਹੀਂ ਦੇ ਦਿੰਦਾ...?"

"ਮੇਰੀ ਗੱਲ ਚੱਲ ਰਹੀ ਹੈ, ਹੋ ਸਕਦਾ ਹੈ ਦੋ ਚਾਰ ਦਿਨਾਂ ਵਿੱਚ ਹੀ ਕੰਮ ਹੋ ਜਾਵੇ.... ਜੇ ਹੋ ਗਿਆ ਨਾ ਤਾਂ ਪੈਸਿਆਂ ਵਿੱਚ ਖੇਡੇਗੀ ਤੂੰ ਮਾਂ ਪੈਸਿਆਂ ਵਿੱਚ......! "

"ਵੇ ਕਿਤੇ ਚੋਰੀ ਤਾਂ ਨਹੀਂ ਕਰਨ ਲੱਗਾ।"

"ਤੂੰ ਨਾ ਚੰਗਾ ਸੋਚੀ ਮੇਰੇ ਬਾਰੇ ਵਿੱਚ ਬਸ ਆ ਕਸਰ ਰਹਿ ਗਈ ਸੀ ਤੇਰੇ ਕਹਿਣ ਵਾਲੀ...ਜਾਹ ਮਾਂ ਭੁੱਖ ਲੱਗੀ ਜਾਦੀਂ ਹੈ । ਤੂੰ ਜਾ ਕੇ ਰੋਟੀ ਬਣਾ ਕੇ ਲਿਆ।"

(ਵੀਰਪਾਲ ਰੋਟੀ ਬਨਾਉਣ ਚਲੀ ਜਾਦੀਂ ਹੈ ਤੇ ਨਾਨਕ ਦਾ ਇੱਕ ਵਾਰ ਫੇਰ ਫੋਨ ਵੱਜਦਾ ਹੈ)

(ਉਹ ਹੌਲੀ -ਹੌਲੀ ਗੱਲ ਕਰਦਾ ਹੈ)

"ਹਾਂ ਜੀ ਬਾਈ ਜੀ



ਅੱਜ ਮੈਂ ਕੰਮ ਤੇ ਨਹੀਂ ਜਾ ਸਕਿਆ ਮੇਰਾ ਸ਼ਗਨ ਸੀ .....ਕੱਲ੍ਹ ਨੂੰ ਮਾਲ ਦੱਸੇ ਪਤੇ ਉੱਤੇ ਪਹੁੰਚ ਜਾਵੇਗਾ ਜੀ .......... ਨਾਲੇ ਬਾਈ ਜੀ ਮੈਨੂੰ ਵੀ ਪੈਸਿਆਂ ਦੀ ਬਹੁਤ ਜਰੂਰਤ ਹੈ।"

ਅੱਗੋ ਆਵਾਜ਼ ਆਉਦੀ ਹੈ,"ਜਰੂਰਤ ਕਿਸਨੂੰ ਨਹੀਂ ਹੈ ਨਾਨਕਾ ਕੋਈ ਗੇਮ ਖੇਡਣ ਦੀ ਬਿਲਕੁਲ ਨਾ ਸੋਚੀਂ ਸਾਡੇ ਨਾਲ ਜੇ ਅਸੀਂ ਲਾ ਸਕਦੇ ਹਾਂ ਤਾਂ ਪੱਟਣ ਲੱਗੇ ਵੀ ਮਿੰਟ ਹੀ ਲਾਉਦੇ ਹਾਂ ਇਹ ਗੱਲ ਤੂੰ ਚੰਗੀ ਤਰਾਂ ਜਾਣਦਾ ਹੈ ਤੂੰ ਸਾਡੇ ਬਾਰੇ ਵਿੱਚ ......!"

"ਨਹੀਂ ਬਾਈ ਜੀ ਇਹੋ ਜੇਹੀ ਤਾਂ ਕੋਈ ਗੱਲ ਨਹੀਂ ਤੁਸੀਂ ਕਿਸੇ ਵੀ ਗੱਲ ਦਾ ਬਿਲਕੁਲ ਵੀ ਵਹਿਮ ਨਾ ਕਰੋ।"

"ਵਹਿਮ ਵਿੱਚ ਅਸੀਂ ਨਹੀਂ ਪੁੱਤ ਤੂੰ ਨਾ ਰਹੀ........ ਨਹੀਂ ਤਾਂ ਵਹਿਮ ਮਿੰਟਾਂ ਵਿੱਚ ਹੀ ਨਿਕਲ ਜਾਵੇਗਾ ਤੇਰਾ ..... ਨਾਲੇ ਮੇਰੀ ਇੱਕ ਗੱਲ ਸੁਣ ਲਾ ਤੂੰ ਕਿਤੇ ਵੀ ਲੁੱਕ ਜਾਵੀਂ ਅਸੀਂ ਤਾਂ ਕਾਕਾ ਖੁੱਡ ਪੱਟ ਕੇ ਵੀ ਕੱਢ ਲੈਣਾ ਹੈ...... ਸਾਰਾ ਮਾਲ ਲੈ ਕੇ ਸਵੇਰੇ ਪਹੁੰਚ ਜਾਵੀਂ ਬੱਸ ਅੱਡੇ ਨਹੀਂ ਤਾਂ ਅਸੀਂ ਤੇਰੇ ਘਰੇ ਪਹੁੰਚ ਜਾਣਾ ਹੈ,ਪੂਰੇ ਚਾਰ ਕਰੋੜ ਦਾ ਮਾਲ ਹੈ ਤੇਰੇ ਕੋਲ ਸਮਝ ਗਿਆ ਨਾ ਕੱਲ੍ਹ ਸਵੇਰੇ ਬੱਸ ਅੱਡਾ......!"

(ਨਾਨਕ ਬਾਈ ਜੀ ਬਾਈ ਕਰਦਾ ਰਹਿ ਜਾਂਦਾ ਹੈ ਤੇ ਉਹ ਅੱਗੋ ਫੋਨ ਕੱਟ ਦਿੰਦਾ ਹੈ)

" ਵੇ ਰੋਟੀ ਪਾਈ ਨੂੰ ਕਿੰਨਾ ਟਾਇਮ ਹੋ ਗਿਆ ਤੂੰ ਕਹਿੰਦੇ ਨਾਲ ਲੱਗਾ ਪਿਆ ਹੈਂ। "

"ਉਹ ਦੋਸਤਾਂ ਦਾ ਫੋਨ ਸੀ ਵਧਾਈਆਂ ਦੇ ਰਹੇ ਸਨ"

" ਕਿਹੜੇ ਦੋਸਤਾਂ ਦਾ ....ਚੱਲ ਛੱਡ ਰੋਟੀ ਖਾਂ ਠੰਡੀ ਹੋ ਰਹੀ ਹੈ।"

"ਮੈਂ ਨਹੀਂ ਖਾਣੀ ਭੁੱਖ ਹੀ ਨਹੀਂ ਰਹੀ। "

"ਹੁਣ ਤਾਂ ਕਹਿ ਰਿਹਾ ਸੀ ਬਾਹਲੀ ਭੁੱਖ ਲੱਗੀ ਹੈ ਹੁਣ ਕਹਿੰਦਾ ਹੈ ਭੁੱਖ ਹੀ ਨਹੀਂ ਰਹੀ ਤੇਰਾ ਦਿਮਾਗ ਤਾਂ ਠੀਕ ਹੈ।"

"ਹਾਂ ਠੀਕ ਹੈ, ਯਾਰ ਤੂੰ ਮੈਨੂੰ ਪਰੇਸ਼ਾਨ ਨਾ ਕਰਿਆ ਕਰ ........ ਮੈਨੂੰ ਤਾਂ ਪਹਿਲਾਂ ਹੀ ਪਰੇਸ਼ਾਨੀ ਬਥੇਰੀ ਹੈ।"

"ਪੁੱਤ ਦੱਸ ਤਾਂ ਸਹੀ ਕੀ ਪਰੇਸ਼ਾਨੀ ਹੋ ਗਈ,ਆਪਾਂ ਮਿਲਕੇ ਹੱਲ ਕੱਢ ਲਾਵਾਂਗੇ"

" ਤੁਸੀਂ ਤੇ ਬੇਬੇ ਰੋਟੀ ਖਾ ਲਵੋ ਮੈਨੂੰ ਨੀਂਦ ਆਈ ਹੈ ਮੈਂ ਸੌਂਦਾ ਹਾਂ ।ਮਾਂ ਜਾਦੀਂ ਹੋਈ ਮੇਰੇ ਕਮਰੇ ਦੀ ਬੱਤੀ ਬੰਦ ਕਰ ਦੇਵੀਂ।"

ਵੀਰਪਾਲ ਪਰੇਸ਼ਾਨੀ ਦੀ ਹਾਲਾਤ ਵਿੱਚ ਬਾਹਰ ਚਲੀ ਜਾਂਦੀ ਹੈ ਤੇ ਨਾਨਕ ਬੈੱਡ ਉੱਤੇ ਬਹਿ ਜਾਂਦਾ ਹੈ।

"ਬੇਬੇ ਮੈਨੂੰ ਸਮਝ ਨਹੀਂ ਆ ਰਹੀ ਕਿ ਨਾਨਕ ਨੂੰ ਕੀ ਪਰੇਸ਼ਾਨੀ ਹੈ ਪਰ ਗੱਲ ਕੋਈ ਹੈ ਜਰੂਰ ਬਹੁਤ ਪਰੇਸ਼ਾਨ ਹੋਇਆ ਬੈਠਾ ਹੈ", ਵੀਰਪਾਲ ਸੀਤੋ ਨੂੰ ਕਹਿੰਦੀ ਹੈ।

" ਤੂੰ ਪੁੱਛਿਆ ਨਹੀਂ"......! "

"ਪੁੱਛਿਆ ਤਾਂ ਬਥੇਰਾ ਸੀ ਪਰ ਉਸਨੇ ਕੋਈ ਜਵਾਬ ਨਹੀਂ ਦਿੱਤਾ.....ਉਸਦੀ ਸ਼ਕਲ ਤੋਂ ਹੀ ਲੱਗਦਾ ਹੈ ਕਿ ਉਹ ਬਹੁਤ ਪਰੇਸ਼ਾਨ ਹੈ। "

"ਪੁੱਤ ਤੂੰ ਨਾ ਘਬਰਾ ਬੰਦਿਆਂ ਨੂੰ ਕਈ ਵਾਰ ਕੰਮਾਂਕਾਰਾਂ ਦੀ ਵੀ ਪਰੇਸ਼ਾਨੀ ਹੁੰਦੀ ਹੈ,ਚੱਲ ਰੋਟੀ ਖਾਂ.... ਸਵੇਰੇ ਗੱਲ ਕਰ ਲਵਾਂਗੇ।"

"ਬੇਬੇ ਨਾਨਕ ਨੂੰ ਵੇਖ ਨਾ ,ਹੁਣ ਮੇਰਾ ਵੀ ਜੀਅ ਨਹੀਂ ਕਰ ਰਿਹਾ ਰੋਟੀ ਖਾਣ ਨੂੰ.... ! "

"ਕਾਹਤੋਂ ਕੁੜੇ ਸ਼ਗਨਾਂ ਦਾ ਕੰਮ ਕਰਕੇ ਆਏ ਹਾਂ... ਭੁੱਖੇ ਨਹੀਂ ਪੈਣਾ ਚੱਲ ...ਜਿਹਨਾਂ ਚਿੱਤ ਕਰਦਾ ਹੈ ਰੋਟੀ ਖਾਂ ਮਾੜਾ ਨਹੀਂ ਸੋਚੀਦਾ......ਦਾਤਾ ਸਭ ਭਲੀ ਕਰੇਗਾ।"

" ਪਰ ਬੇਬੇ ਗੱਲ ਤਾਂ ਵਿੱਚ ਜਰੂਰ ਹੈ ਕੋਈ.....ਨਹੀਂ ਤਾਂ ਨਾਨਕ ਇਕਦਮ ਹੀ ਚੁੱਪੀ ਵੱਟਣ ਵਾਲਾ ਨਹੀਂ ਸੀ ਮੇਰੇ ਤਾਂ ਕਲੇਜੇ ਨੂੰ ਕੋਈ ਅੰਦਰੋ ਅੰਦਰ ਵੱਡੀ ਜਾਂਦਾ ਹੈ ਰੱਬ ਸੁੱਖ ਰੱਖੇ.... !"

(ਦੋਵੇਂ ਨੂੰਹ -ਸੱਸ ਰੋਟੀ ਖਾਣ ਲੱਗ ਪੈਦੀਆਂ ਹਨ)

ਚੱਲਦਾ...



ਸੰਦੀਪ ਦਿਉੜਾ,
84375-56667

# ਗੁਰੂ ਨਾਨਕ ਦੇਵ ਜੀ



ਗੁਰੂ ਨਾਨਕ ਦੇਵ ਜੀ (1469–1539 ਈ.) ਪੰਜਾਬ ਵਿਚ ਭਗਤੀ ਲਹਿਰ ਦਾ ਉਦਘਾਟਨ ਕਰਨ ਵਾਲੇ ਅਤੇ ਸਿੱਖ ਧਰਮ ਦੇ ਮੋਢੀ ਸਨ । ਉਨ੍ਹਾਂ ਦਾ ਜਨਮ ਬੇਦੀ ਕੁਲ ਵਿਚ ਬਾਬੇ ਕਾਲੂ ਦੇ ਘਰ ਮਾਤਾ ਤ੍ਰਿਪਤਾ ਦੀ ਕੁੱਖੋਂ ਰਾਇ ਭੋਇ ਭੱਟੀ ਦੀ ਤਲਵੰਡੀ, ਜ਼ਿਲ੍ਹਾ ਸ਼ੇਖ਼ੂਪੁਰਾ (ਪੱਛਮੀ ਪਾਕਿਸਤਾਨ) ਵਿਚ ਹੋਇਆ। ਇਹ ਸਥਾਨ ਹੁਣ ਨਨਕਾਣਾ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੈ।

ਆਪ ਦੇ ਜਨਮ-ਦਿਨ ਸੰਬੰਧੀ ਦੋ ਮਤ ਪ੍ਰਚਲਿਤ ਹਨ। ਇਕ ਮਤ ਦਾ ਆਧਾਰ ਪੁਰਾਤਨ ਜਨਮਸਾਖੀ ਹੈ ਜਿਸ ਅਨੁਸਾਰ 15 ਅਪ੍ਰੈਲ 1469 ਈ. (ਵਿਸਾਖ ਸੁਦੀ 3, ਸੰਮਤ 1526 ਬਿ.) ਨੂੰ ਆਪ ਦਾ ਜਨਮ ਹੋਇਆ। ਦੂਜੇ ਮਤ ਦਾ ਆਧਾਰ ਬਾਲੇ ਵਾਲੀ ਜਨਮਸਾਖੀ ਹੈ ਜਿਸ ਵਿਚ ਆਪ ਦਾ ਜਨਮ ਕਤਕ ਸੁਦੀ 15, 1526 ਬਿ. ਵਾਲੇ ਦਿਨ ਹੋਇਆ। ਅਧਿਕਾਂਸ਼ ਵਿਦਵਾਨ ਪੁਰਾਤਨ ਜਨਮਸਾਖੀ ਵਾਲੀ ਤਿਥੀ ਨੂੰ ਸਹੀ ਮੰਨਦੇ ਹਨ। ਪਰ ਸਿੱਖ ਸਮਾਜ ਵਿਚ ਆਪ ਦਾ ਜਨਮ-ਪੁਰਬ ਕਤਕ ਦੀ ਪੂਰਨਮਾਸੀ ਨੂੰ ਹੀ ਮੰਨਾਇਆ ਜਾਂਦਾ ਹੈ।

ਆਪ ਦੇ ਪਿਤਾ ਖੇਤੀ ਅਤੇ ਵਪਾਰ ਕਰਦੇ ਸਨ ਅਤੇ ਨਾਲ ਨਾਲ ਪਿੰਡ ਦੇ ਪਟਵਾਰੀ ਅਥਵਾ ਕਾਰਦਾਰ ਦੀ ਜ਼ਿੰਮੇਵਾਰੀ ਵੀ ਨਿਭਾਉਂਦੇ ਸਨ । ਆਪ ਨੂੰ ਸੰਨ 1475 ਈ. (1532 ਬਿ.) ਵਿਚ ਗੋਪਾਲ ਨਾਂ ਦੇ ਪਾਂਧੇ ਪਾਸ ਭਾਖਾ (ਦੇਸੀ ਭਾਸ਼ਾ) ਪੜ੍ਹਨ ਲਈ ਭੇਜਿਆ ਗਿਆ । ਸੰਨ 1478 ਈ. (1535 ਬਿ.) ਵਿਚ ਸੰਸਕ੍ਰਿਤ ਪੜ੍ਹਨ ਲਈ ਪੰਡਿਤ ਬ੍ਰਿਜ ਲਾਲ ਕੋਲ ਬਿਠਾਇਆ ਗਿਆ ਅਤੇ ਸੰਨ 1482 ਈ. (1539 ਬਿ.) ਵਿਚ ਫ਼ਾਰਸੀ ਪੜ੍ਹਨ ਲਈ ਮੌਲਵੀ ਕੁਤੁਬੁੱਦੀਨ ਪਾਸ ਮਸੀਤ ਵਿਚ ਭੇਜਿਆ ਗਿਆ। ਅਧਿਆਪਕਾਂ ਪਾਸੋਂ ਪੜ੍ਹਨ ਵੇਲੇ ਆਪ ਨੇ ਅਧਿਆਤਮਿਕ ਗਿਆਨ ਦੀ ਚਰਚਾ ਵਿਚ ਅਧਿਕ ਰੁਚੀ ਵਿਖਾਈ। ਪੜ੍ਹਾਈ ਤੋਂ ਬਾਦ ਗੁਰੂ ਜੀ ਬਹੁਤ ਉਦਾਸ ਰਹਿਣ ਲਗੇ। ਆਪ ਨੂੰ ਪਿਤਾ ਵਲੋਂ ਖੇਤੀ ਕਰਨ ਅਤੇ ਫਿਰ ਵਪਾਰ ਕਰਨ ਲਈ ਪ੍ਰੇਰਿਆ ਗਿਆ, ਪਰ ਆਪ ਦੀ ਮਾਨਸਿਕ ਉਦਾਸੀਨਤਾ ਉਸੇ ਤਰ੍ਹਾਂ ਬਣੀ ਰਹੀ। ਆਪ ਕਦੇ ਕਦੇ ਪਿੰਡ ਦੇ ਨੇੜਲੇ ਜੰਗਲਾਂ ਵਿਚ ਸਮਾਧੀ ਲਗਾਉਣ ਲਈ ਚਲੇ ਜਾਂਦੇ ਅਤੇ ਕਈ ਵਾਰ ਸਾਧਾਂ-ਸੰਤਾਂ ਦੀ ਸੰਗਤ ਨੂੰ ਮਾਣਦੇ ।

ਜਦੋਂ ਗੁਰੂ ਜੀ ਨੂੰ ਪਿਤਾ ਪੁਰਖੀ ਕੰਮ-ਧੰਧੇ ਵਿਚ ਆਪ ਦੇ ਮਾਤਾ-ਪਿਤਾ ਨ ਲਗਾ ਸਕੇ ਅਤੇ ਗੁਰੂ ਜੀ ਦੀ ਉਦਾਸੀ ਉਸੇ ਤਰ੍ਹਾਂ ਬਣੀ ਰਹੀ ਤਾਂ ਆਪ ਦੀ ਵੱਡੀ ਭੈਣ (ਬੇਬੇ) ਨਾਨਕੀ ਦਾ ਪਤੀ ਭਾਈਆ ਜੈਰਾਮ ਤਲਵੰਡੀ ਆਇਆ ਅਤੇ ਆਪ ਨੂੰ ਕਿਸੇ ਸਰਕਾਰੀ ਕੰਮ ਉਤੇ ਲਗਾਉਣ ਲਈ ਸੰਨ 1484 ਈ. (1541 ਬਿ.) ਵਿਚ ਆਪਣੇ ਨਾਲ ਸੁਲਤਾਨਪੁਰ ਲੋਧੀ ਲੈ ਗਿਆ । ਉਥੇ ਯਤਨ ਕਰਕੇ ਉਸ ਨੇ ਆਪ ਨੂੰ ਮੋਦੀਖ਼ਾਨੇ ਦਾ ਕੰਮ ਦਿਵਾਇਆ । ਕੁਝ ਸਮੇਂ ਬਾਦ ਮਰਦਾਨਾ ਮੀਰਾਸੀ ਵੀ ਤਲਵੰਡੀਓਂ ਆ ਕੇ ਆਪ ਨਾਲ ਰਹਿਣ ਲਗ ਗਿਆ । ਮਰਦਾਨਾ ਰਬਾਬ ਵਜਾਉਂਦਾ ਸੀ ਅਤੇ ਗੁਰੂ ਜੀ ਇਲਾਹੀ ਮਸਤੀ ਵਿਚ ਬਾਣੀ ਉਚਾਰਦੇ ਸਨ ।

ਸੰਨ 1487 ਈ. (24 ਜੇਠ, 1544 ਬਿ.) ਵਿਚ ਆਪ ਦਾ ਵਿਆਹ ਬਟਾਲਾ ਨਿਵਾਸੀ ਮੂਲ ਚੰਦ ਖਤ੍ਰੀ ਦੀ ਸੁਪੁੱਤਰੀ ਸੁਲੱਖਣੀ ਨਾਲ ਹੋਇਆ ਜਿਸ ਦੀ ਕੁੱਖੋਂ ਦੋ ਸੁਪੁੱਤਰਾਂ ਸ੍ਰੀ ਚੰਦ ਅਤੇ ਲਖਮੀ ਦਾਸ ਦਾ ਜਨਮ ਹੋਇਆ । ਲਗਭਗ 13 ਸਾਲ ਸੁਲਤਾਨਪੁਰ ਲੋਧੀ ਵਿਚ ਟਿਕ ਕੇ ਸੰਨ 1497 ਈ. (1554 ਬਿ.) ਵਿਚ ਇਕ ਦਿਨ ਅਚਾਨਕ ਆਪ ਇਸ਼ਨਾਨ ਕਰਨ ਲਈ ਵੇਈਂ ਨਦੀ ਵਿਚ ਦਾਖ਼ਲ ਹੋਏ ਅਤੇ ਤਿੰਨ ਦਿਨ ਬਾਦ ਪ੍ਰਗਟ ਹੋਏ । ਇਸ ਦੌਰਾਨ ਆਪ ਨੂੰ ਬ੍ਰਹਮ-ਗਿਆਨ ਦੀ ਪ੍ਰਾਪਤੀ ਹੋਈ । ਆਪ ਨੇ ਨ ਕੋਈ ਹਿੰਦੂ ਨ ਕੋਈ ਮੁਸਲਮਾਨ ਦੀ ਘੋਸ਼ਣਾ ਕਰਕੇ ਲੋਕਾਂ ਨੂੰ ਧਾਰਮਿਕ ਤੰਗ-ਨਜ਼ਰੀ ਤੋਂ ਉੱਚਾ ਉਠ ਕੇ ਸਚਾ ਧਰਮ ਧਾਰਣ ਕਰਨ ਲਈ ਪ੍ਰੇਰਿਆ ।

ਗੁਰੂ ਜੀ ਨੇ ਮਹਿਸੂਸ ਕੀਤਾ ਕਿ ਸਹਿਜ-ਧਰਮ ਦਾ ਪ੍ਰਚਾਰ ਕਿਸੇ ਇਕ ਥਾਂ ਤੇ ਟਿਕ ਕੇ ਕਰਨ ਦੀ ਥਾਂ ਘੁੰਮ ਫਿਰ ਕੇ ਲੋਕਾਂ ਨੂੰ ਉਪਦੇਸ਼ ਦਿੰਦੇ ਹੋਇਆਂ ਕਰਨਾ ਉਚਿਤ ਹੋਵੇਗਾ । ਇਸ ਪਿਛੋਂ ਗੁਰੂ ਜੀ ਹਿੰਦੁਸਤਾਨ ਅਤੇ ਹਿੰਦੁਸਤਾਨ ਤੋਂ ਬਾਹਰ ਪ੍ਰਚਾਰ ਯਾਤ੍ਰਾਵਾਂ ਅਥਵਾ ਉਦਾਸੀਆਂ ਤੇ ਨਿਕਲ ਪਏ । ਪੂਰਬ, ਪੱਛਮ, ਉੱਤਰ ਅਤੇ ਦੱਖਣ ਚੌਹਾਂ ਦਿਸ਼ਾਵਾਂ ਵਿਚ ਪੈਂਦੇ ਪ੍ਰਸਿੱਧ ਧਰਮ-ਧਾਮਾਂ ਉਤੇ ਗਏ; ਵਿਦਵਾਨਾਂ, ਧਾਰਮਿਕ ਮੁਖੀਆਂ, ਪੁਜਾਰੀਆਂ, ਪੀਰਾਂ, ਫ਼ਕੀਰਾਂ ਨਾਲ ਸੰਵਾਦ ਰਚਾਏ ਅਤੇ ਸਭ ਨੂੰ ਸਹੀ ਧਰਮ ਦਾ ਬੋਧ ਕਰਾ ਕੇ ਆਪਣਾ ਅਨੁਯਾਈ ਬਣਾਇਆ । ਲਗਭਗ 25 ਹਜ਼ਾਰ ਮੀਲ ਦੀਆਂ ਉਦਾਸੀਆਂ ਤੋਂ ਬਾਦ ਸੰਨ 1522 ਈ. (1579 ਬਿ.) ਵਿਚ ਆਪ ਜ਼ਿਲ੍ਹਾ ਗੁਰਦਾਸਪੁਰ ਵਿਚ ਰਾਵੀ ਨਦੀ ਦੇ ਕੰਢੇ ਸੰਨ 1504 ਈ. (1561 ਬਿ.) ਵਿਚ ਵਸਾਏ ਕਰਤਾਰਪੁਰ ਕਸਬੇ ਵਿਚ ਰਹਿਣ ਲਗੇ । ਇਸ ਸਾਲ ਤੋਂ ਇਕ ਪ੍ਰਕਾਰ ਦਾ ਆਪ ਦਾ ਆਸ਼੍ਰਮ -ਜੀਵਨ ਸ਼ੁਰੂ ਹੁੰਦਾ ਹੈ । ਆਪ ਖ਼ੁਦ ਖੇਤੀ ਕਰਦੇ ਅਤੇ ਹੋਰਨਾਂ ਨੂੰ ਮਿਹਨਤ ਕਰਕੇ ਵੰਡ ਖਾਣ ਦਾ ਉਪਦੇਸ਼ ਦਿੰਦੇ ।

ਲਗਭਗ 18 ਵਰ੍ਹੇ ਆਪ ਕਰਤਾਰਪੁਰ ਰਹੇ । ਉਥੋਂ ਕਈ ਵਾਰ ਧਰਮ-ਪ੍ਰਚਾਰ ਲਈ ਇਧਰ-ਉਧਰ ਵੀ ਜਾਂਦੇ ਰਹੇ । ਕਰਤਾਰਪੁਰ ਵਿਚ ਰਹਿੰਦੇ ਹੋਇਆਂ ਆਪ ਨੇ ਲੋਕਾਂ ਨੂੰ ਸਚੇ ਧਰਮ ਦਾ ਸਰੂਪ ਸਮਝਾਉਣ ਦਾ ਪੂਰਾ ਯਤਨ ਕੀਤਾ । ਆਪ ਦੇ ਹਿਰਦੇ ਦੀ ਵਿਸ਼ਾਲਤਾ, ਤੰਗ-ਨਜ਼ਰੀ ਪ੍ਰਤਿ ਬੇਰੁਖੀ ਅਤੇ ਭਾਵਨਾਤਮਕ ਏਕਤਾ ਕਾਰਣ ਹਿੰਦੂ ਮੁਸਲਮਾਨ ਸਮਾਨ ਰੂਪ ਵਿਚ ਆਪ ਪ੍ਰਤਿ ਸ਼ਰਧਾ ਰਖਣ ਲਗੇ । ਇਹੀ ਕਾਰਣ ਹੈ ਕਿ ਜਦੋਂ 22 ਸਤੰਬਰ 1539 ਈ. (23 ਅਸੂ, 1596 ਬਿ.) ਨੂੰ ਆਪ ਜੋਤੀ-ਜੋਤਿ ਸਮਾਏ ਤਾਂ ਦੋਹਾਂ ਧਰਮਾਂ ਵਾਲਿਆਂ ਨੇ ਆਪਣੇ ਆਪਣੇ ਢੰਗ ਨਾਲ ਦੇਹ ਦਾ ਸਸਕਾਰ ਕੀਤਾ ।

ਗੁਰੂ ਨਾਨਕ ਦੇਵ ਜੀ ਦੀ ਕੁਲ ਉਮਰ 70 ਵਰ੍ਹੇ 4 ਮਹੀਨੇ ਤਿੰਨ ਦਿਨ ਸੀ । ਅੰਤਿਮ ਸਮਾਂ ਨੇੜੇ ਆਇਆ ਵੇਖ ਕੇ ਆਪ ਨੇ ਅਨੇਕ ਤਰ੍ਹਾਂ ਦੀ ਪਰੀਖਿਆ ਲੈਣ ਉਪਰੰਤ ਭਾਈ ਲਹਿਣਾ ਨੂੰ ਗੁਰੂ-ਪਦ ਪ੍ਰਦਾਨ ਕੀਤਾ ਅਤੇ ਉਨ੍ਹਾਂ ਦਾ ਨਾਂ ਅੰਗਦ ਰਖਿਆ ।

## ਵਿਅਕਤਿਤਵ

ਗੁਰੂ ਨਾਨਕ ਦੇਵ ਜੀ ਮਹਾਨ ਅਤੇ ਸ੍ਰੇਸ਼ਠ ਵਿਅਕਤਿਤਵ ਦੇ ਸੁਆਮੀ ਸਨ। ਉਨ੍ਹਾਂ ਦੇ ਵਿਅਕਤਿਤਵ ਦਾ ਵਿਸ਼ਲੇਸ਼ਣ ਕਈ ਸਾਧਨਾਂ ਰਾਹੀਂ ਕੀਤਾ ਜਾ ਸਕਦਾ ਹੈ । ਪਹਿਲਾ ਸਾਧਨ ਉਨ੍ਹਾਂ ਦੀ ਬਾਣੀ ਹੈ। ਗੁਰਬਾਣੀ ਅਨੁਸਾਰ ਬਾਣੀ ਵਿਚ ਗੁਰੂ ਵਸਦਾ ਹੈ ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ। (ਗੁ.ਗ੍ਰੰ. 982) । ਫੁਲ ਵਿਚ ਸੁਗੰਧੀ ਵਾਂਗ ਬਾਣੀਕਾਰ ਆਪਣੀ ਬਾਣੀ ਵਿਚ ਸਮਾਇਆ ਹੋਇਆ ਹੁੰਦਾ ਹੈ । ਇਸ ਦ੍ਰਿਸ਼ਟੀ ਤੋਂ ਗੁਰੂ ਸਾਹਿਬ ਦੀ ਬਾਣੀ ਦੇ ਅਧਿਐਨ ਤੋਂ ਉਨ੍ਹਾਂ ਦੇ ਵਿਅਕਤਿਤਵ ਦੇ ਕੁਝ ਪੱਖ ਸਪੱਸ਼ਟ ਹੁੰਦੇ ਹਨ ।

ਉਹ ਇਕ ਮਹਾਨ ਮਾਨਵਤਾਵਾਦੀ ਸਨ। ਉਨ੍ਹਾਂ ਦੇ ਮਾਨਵਤਾਵਾਦ ਵਿਚ ਸਾਰੀ ਮਨੁੱਖਤਾ ਦੇ ਕਲਿਆਣ ਦੀ ਭਾਵਨਾ ਮੁੱਖ ਸਥਾਨ ਰਖਦੀ ਹੈ। ਉਹ ਜਾਤਿ-ਭੇਦ-ਭਾਵ ਦੇ ਕਠੋਰ ਵਿਰੋਧੀ ਸਨ । ਇਸਤਰੀਆਂ ਪ੍ਰਤਿ ਵੀ ਉਨ੍ਹਾਂ ਦੀ ਭਾਵਨਾ ਬੜੀ ਸਵੱਛ ਸੀ । ਉਨ੍ਹਾਂ ਦੇ ਮਾਨਵਤਾਵਾਦੀ ਹੋਣ ਦਾ ਮੁੱਖ ਕਾਰਣ ਇਹ ਸੀ ਕਿ ਉਹ ਖ਼ੁਦ ਇਕ ਆਦਰਸ਼ ਮਨੁੱਖ ਸਨ ਅਤੇ ਬਾਕੀਆਂ ਨੂੰ ਵੀ ਚੰਗਾ ਮਨੁੱਖ ਬਣਨ ਲਈ ਪ੍ਰੇਰਣਾ ਦਿੰਦੇ ਸਨ । ਉਹ ਸੰਸਾਰ ਵਿਚ ਰਹਿੰਦੇ ਹੋਇਆਂ ਵੀ ਸੰਸਾਰਿਕਤਾ ਤੋਂ ਅਭਿਜ ਸਨ । ਉਹ ਸੰਸਾਰਿਕ ਪ੍ਰਪੰਚਾਂ ਵਿਚ ਫਸਣ ਦੀ ਥਾਂ ਪਰਮਾਤਮਾ ਦੇ ਪ੍ਰੇਮ-ਜਾਲ ਵਿਚ ਸਥਾਈ ਤੌਰ ਤੇ ਫਸੇ ਹੋਏ ਸਨ । ਉਹ ਆਪਣੇ ਆਪ ਨੂੰ ਸਦਾ ਤੁਛ ਸਮਝਦੇ ਸਨ । ਸਾਰਾ ਜੀਵਨ ਉਹ ਸਚੇ ਧਰਮ ਦੇ ਪ੍ਰਚਾਰ ਲਈ ਯਤਨ ਕਰਦੇ ਰਹੇ ।

ਉਹ ਬਹੁਤ ਨਿਮਰਤਾਵਾਨ ਸਨ । ਉਨ੍ਹਾਂ ਦੀ ਬਾਣੀ ਦੀ ਇਕ ਇਕ ਪੰਕਤੀ ਤੋਂ ਉਨ੍ਹਾਂ ਦੀ ਨਿਮਰਤਾ ਦਾ ਅਹਿਸਾਸ ਹੋ ਜਾਂਦਾ ਹੈ । ਉਨ੍ਹਾਂ ਲਈ ਤਾਂ ਹਮ ਨਹੀਂ ਚੰਗੇ ਬੁਰਾ ਨਹੀਂ ਕੋਇ ਇਕ ਵਿਵਹਾਰਿਕ ਮਾਨਤਾ ਸੀ । ਉਹ ਬਹੁਤ ਗੰਭੀਰ ਗਿਆਨਵਾਨ ਸਨ । ਉਨ੍ਹਾਂ ਦਾ ਗਿਆਨ ਇਸਲਾਮ, ਵੈਸ਼ਣਵ, ਸ਼ਾਕਤ, ਸ਼ੈਵ ਆਦਿ ਧਰਮਾਂ ਤਕ ਹੀ ਸੀਮਿਤ ਨਹੀਂ ਸੀ, ਸਗੋਂ ਵੇਦ, ਯੋਗ, ਪੁਰਾਣ, ਸ਼ਾਸਤ੍ਰ ਆਦਿ ਅਤੇ ਕਤੇਬਾਂ (ਸਾਮੀ ਧਰਮ-ਗ੍ਰੰਥਾਂ) ਦਾ ਵੀ ਉਨ੍ਹਾਂ ਨੂੰ ਕਾਫ਼ੀ ਗਿਆਨ ਸੀ ।

ਉਹ ਜਨਮ-ਜਾਤ ਸ੍ਰੇਸ਼ਠ ਕਵੀ ਸਨ । ਉਨ੍ਹਾਂ ਨੇ ਬੜੇ ਅਧਿਕਾਰੀ ਢੰਗ ਨਾਲ ਆਪਣੀ ਪ੍ਰਤਿਭਾ ਨੂੰ ਲੋਕ-ਕਲਿਆਣ ਲਈ ਵਿਵਹਾਰ ਵਿਚ ਲਿਆਉਂਦਾ । ਸੰਤ-ਸਾਧਕਾਂ ਵਿਚ ਉਨ੍ਹਾਂ ਦੀ ਬਾਣੀ ਨ ਕੇਵਲ ਭਾਵਾਂ ਦੀ ਦ੍ਰਿਸ਼ਟੀ ਤੋਂ ਹੀ ਆਪਣਾ ਮਹੱਤਵਪੂਰਣ ਸਥਾਨ ਰਖਦੀ ਹੈ, ਸਗੋਂ ਉਨ੍ਹਾਂ ਦਾ ਕਾਵਿ-ਪੱਖ ਵਿਸ਼ੇਸ਼ ਗੁਣ-ਸੰਪੰਨ ਹੈ ।

ਗੁਰੂ ਨਾਨਕ ਦੇਵ ਜੀ ਇਕ ਨਿਰਭੈ ਲੋਕ-ਨਾਇਕ ਸਨ । ਆਪਣੇ ਵਿਚਾਰ ਦੀ ਸਥਾਪਨਾ ਲਈ ਉਨ੍ਹਾਂ ਨੇ ਵਾਸਤਵਿਕ ਸਥਿਤੀ ਨੂੰ ਉਘਾੜਨ ਤੋਂ ਜ਼ਰਾ ਸੰਕੋਚ ਨਹੀਂ ਕੀਤਾ । ਕਲਿਯੁਗ ਦੇ ਚਿਤ੍ਰਣ ਵੇਲੇ ਅਤੇ ਤਤਕਾਲੀਨ ਰਾਜਨੈਤਿਕ, ਧਾਰਮਿਕ ਅਤੇ ਸਮਾਜਿਕ ਵਿਵਸਥਾ ਦਾ ਵਰਣਨ ਕਰਨ ਵੇਲੇ ਉਨ੍ਹਾਂ ਨੇ ਨਿਰਸੰਕੋਚ ਸਾਰੇ ਤੱਥ ਲੋਕਾਂ ਸਾਹਮਣੇ ਰਖੇ । ਖ਼ੂਨ ਕੇ ਸੋਹਲੇ ਗਾਉਣ ਵਾਲੇ ਨੂੰ ਭਲਾ ਡਰ ਕਿਸ ਦਾ ਹੋ ਸਕਦਾ ਹੈ ? ਪਰ ਭਗਤੀ ਦੇ ਖੇਤਰ ਵਿਚ ਤਾਂ ਉਹ ਪਰਮਾਤਮਾ ਦਾ ਬਹੁਤ ਡਰ ਮੰਨਦੇ ਸਨ ਨਾਨਕ ਜਿਨ ਮਨਿ ਭਉ ਤਿਨ੍ਹਾ ਮਨਿ ਭਾਉ ।

ਗੁਰੂ ਜੀ ਦਾ ਪ੍ਰੇਮ ਕੋਈ ਸਾਧਾਰਣ ਪ੍ਰੇਮ ਨਹੀਂ ਸੀ । ਕਿਉਂਕਿ ਪ੍ਰੇਮ ਦੀ ਗਲੀ ਵਿਚ ਪ੍ਰਵੇਸ਼ ਕਰਨ ਲਈ ਪਹਿਲਾਂ ਸਿਰ ਨੂੰ ਤਲੀ ਉਤੇ ਧਰਨਾ ਪੈਂਦਾ ਹੈ ਅਤੇ ਜੋ ਇਸ ਮਾਰਗ ਵਿਚ ਇਕ ਵਾਰ ਅਗੇ ਵਧ ਜਾਂਦਾ ਹੈ, ਉਹ ਸਿਰ ਦੇਣੋ ਵੀ ਸੰਕੋਚ ਨਹੀਂ ਕਰਦਾ । ਸਲੋਕ ਵਾਰਾ ਤੇ ਵਧੀਕ ਵਿਚ ਗੁਰੂ ਜੀ ਨੇ ਸਥਾਪਿਤ ਕੀਤਾ ਹੈ ਜਉ ਤਉ ਪ੍ਰੇਮ ਖੇਲਣ ਕਾ ਚਾਉ । ਸਿਰੁ ਧਰਿ ਤਲੀ ਗਲੀ ਮੇਰੀ ਆਉ । ਇਤੁ ਮਾਰਗਿ ਪੈਰੁ ਧਰੀਜੈ । ਸਿਰੁ ਦੀਜੈ ਕਾਣਿ ਨ ਕੀਜੈ । (ਗੁ. ਗ੍ਰੰ.1412) । ਅਜਿਹੇ ਪ੍ਰੇਮ ਦੇ ਫਲਸਰੂਪ ਉਹ ਸਮਦਰਸ਼ੀ ਬਣ ਗਏ ।

ਬਾਣੀ ਦੇ ਉਪਰੋਕਤ ਅੰਦਰਲੇ ਪ੍ਰਮਾਣਾਂ ਤੋਂ ਇਲਾਵਾ ਕੁਝ ਬਾਹਰਲੇ ਪ੍ਰਮਾਣ ਵੀ ਆਪ ਦੇ ਵਿਅਕਤਿਤਵ ਉਤੇ ਪ੍ਰਕਾਸ਼ ਪਾਉਂਦੇ ਹਨ । ਸਭ ਤੋਂ ਪਹਿਲਾਂ ਜਨਮ-ਸਾਖੀ ਸਾਹਿਤ ਨੂੰ ਲਈਏ ਤਾਂ ਪਤਾ ਚਲਦਾ ਹੈ ਕਿ ਆਪ ਨੂੰ ਪਾਰਬ੍ਰਹਮ ਦਾ ਨਿਜ ਭਗਤ ਸਮਝਿਆ ਜਾਂਦਾ ਸੀ । ਪਾਂਧੇ ਪਾਸ ਪੜ੍ਹਨ ਵੇਲੇ ਵਡਾ ਭਗਤ ਹੋਣ ਦਾ ਪ੍ਰਭਾਵ ਦਿੰਦੇ ਸਨ । ਇਸੇ ਤਰ੍ਹਾਂ ਉਨ੍ਹਾਂ ਨੂੰ ਗੁਰੂ-ਪਰਮੇਸਵਰ, ਕਰਤਾਪੁਰਖ ਦਾ ਵਜੀਰ, ਆਦਿ ਵੀ ਕਿਹਾ ਗਿਆ ਹੈ । ਵਿਲੱਖਣ ਘਟਨਾਵਾਂ ਦੇ ਘਟਣ ਵੇਲੇ ਲੋਕ ਆਪ ਨੂੰ ਮਹਾਪੁਰਖ ਕਹਿੰਦੇ ਸਨ ਜੋ ਬ੍ਰਹਮਜੋਤਿ ਨਾਲ ਭਰਪੂਰ ਅਤੇ ਅੰਤਰਜਾਮੀ ਸਨ ।

ਸਾਖੀਕਾਰਾਂ ਨੇ ਆਪ ਨੂੰ ਵਿਚਿਤ੍ਰ ਕਰਾਮਾਤੀ ਰੂਪ ਵਿਚ ਵੀ ਚਿਤਰਿਆ ਹੈ । ਆਪ ਦੇ ਸੰਕੇਤ ਤੋਂ ਅਸੰਭਵ ਘਟਨਾਵਾਂ ਵਾਪਰਦੀਆਂ ਹਨ, ਉਜੜਿਆ ਖੇਤ ਹਰਾ ਹੋ ਜਾਂਦਾ ਹੈ, ਦਰਖ਼ਤ ਦੀ ਛਾਇਆ ਸਥਿਰ ਹੋ ਜਾਂਦੀ ਹੈ, ਮੋਇਆ ਹਾਥੀ ਜੀ ਪੈਂਦਾ ਹੈ, ਕੌੜੇ ਰੀਠੇ ਮਿਠੇ ਹੋ ਜਾਂਦੇ ਹਨ । ਸਪੱਸ਼ਟ ਹੈ ਕਿ ਗੁਰੂ ਜੀ ਦਾ ਨਾਸ਼ ਅਤੇ ਸਿਰਜਨ ਦੀਆਂ ਸ਼ਕਤੀਆਂ ਉਤੇ ਪੂਰਾ ਅਧਿਕਾਰ ਹੈ । ਉਦਾਸੀਆਂ ਉਪਰ ਜਾਣ ਵੇਲੇ ਉਨ੍ਹਾਂ ਦੀ ਵੇਸ਼ਭੂਸ਼ਾ ਅਤੇ ਖਾਣ-ਪੀਣ ਦੀਆਂ ਵਸਤੂਆਂ ਦੇ ਆਧਾਰ ਤੇ ਉਹ ਵਿਲੱਖਣ ਭੇਖਧਾਰੀ ਅਤੇ ਅਦਭੁਤ ਆਹਾਰੀ ਪ੍ਰਤੀਤ ਹੁੰਦੇ ਹਨ । ਉਹ ਅਣਥਕ ਯਾਤ੍ਰੀ, ਲੋਕ- ਸੇਵਕ, ਤਰਕ-ਸ਼ੀਲ ਉਪਦੇਸ਼ਕ, ਮਹਾਨ ਤਿਆਗੀ ਅਤੇ ਸਹਿਜ-ਧਰਮੀ ਸਨ ।

ਜਨਮਸਾਖੀਆਂ ਤੋਂ ਇਲਾਵਾ ਸਿੱਖ-ਇਤਿਹਾਸ- ਗ੍ਰੰਥਾਂ ਵਿਚ ਵੀ ਆਪ ਦੇ ਸਰੂਪ ਉਤੇ ਪ੍ਰਕਾਸ਼ ਪਾਇਆ ਗਿਆ ਹੈ । ਉਨ੍ਹਾਂ ਦੇ ਚਰਿਤ੍ਰ-ਪ੍ਰਸੰਗਾਂ ਵਿਚ ਪੁਰਾਣ-ਪੁਰਸ਼ਾਂ ਦੀਆਂ ਲੀਲਾਵਾਂ ਦਾ ਸਮਾਵੇਸ਼ ਕੀਤਾ ਜਾਣ ਲਗਿਆ ਅਤੇ ਸਾਧਾਰਣ ਤੋਂ ਹਟ ਕੇ ਅਤਿਮਾਨਵੀ ਸ਼ਕਤੀਆਂ ਦਾ ਆਰੋਪ ਆਪ ਦੇ ਵਿਅਕਤਿਤਵ ਵਿਚ ਹੋਣ ਲਗਿਆ । ਆਪ ਨਾਲ ਸੰਬੰਧਿਤ ਕਾਵਿ-ਸਾਮਗ੍ਰੀ ਵਿਚ ਵੀ ਆਪ ਦੇ ਵਿਅਕਤਿਤਵ ਦੀ ਝਲਕ ਮਿਲ ਜਾਂਦੀ ਹੈ । ਇਸ ਸੰਬੰਧ ਵਿਚ ਭਾਈ ਗੁਰਦਾਸ ਦੀਆਂ ਵਾਰਾਂ ਵਿਸ਼ੇਸ਼ ਉੱਲੇਖਯੋਗ ਹਨ । ਪਹਿਲੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਅਤੇ ਪਰਮਾਤਮਾ ਨੂੰ ਅਭਿੰਨ ਦਸਿਆ ਗਿਆ ਹੈ ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ, ਗੁਰੂ ਪਰਮੇਸਰ ਇਕ ਹੈ ਸਚਾ ਸਾਹ ਜਗਤ ਵਣਜਾਰਾ, ਪਾਰਬ੍ਰਹਮ ਪੂਰਨ ਬ੍ਰਹਮ ਕਲਿਜੁਗ ਅੰਦਰ ਇਕ ਦਿਖਾਇਆ । ਭੱਟਾਂ ਦੇ ਸਵੈਇਆਂ ਵਿਚ ਵੀ ਗੁਰੂ ਨਾਨਕ ਦੇਵ ਜੀ ਦੀ ਉਸਤਤ ਅਵਤਾਰੀ ਸ਼ਕਤੀ ਦੇ ਰੂਪ ਵਿਚ ਹੋਈ ਹੈ । ਆਪ ਨੂੰ ਸਚਾ ਪਾਤਸ਼ਾਹ ਮੰਨ ਕੇ ਲੋਕਾਂ ਦੇ ਭਵਬੰਧਨ ਕਟਣ ਵਾਲਾ ਦਸਿਆ ਗਿਆ ਹੈ । ਇਸ ਤੋਂ ਇਲਾਵਾ ਹਰ ਪ੍ਰਕਾਰ ਦੀਆਂ ਅਵਤਾਰੀ ਸ਼ਕਤੀਆਂ ਦਾ ਆਰੋਪਣ ਵੀ ਆਪ ਦੇ ਵਿਅਕਤਿਤਵ ਵਿਚ ਕੀਤਾ ਗਿਆ ਹੈ ।

ਪੰਜਾਬ ਵਿਚ ਫ਼ਾਰਸੀ ਭਾਸ਼ਾ ਵਿਚ ਲਿਖੀਆਂ ਗਈਆ ਇਤਿਹਾਸ-ਨੁਮਾ ਰਚਨਾਵਾਂ ਵਿਚ ਗ਼ੈਰ-ਸਿੱਖ ਲੇਖਕਾਂ ਨੇ ਅਨੇਕ ਥਾਂਵਾਂ ਤੇ ਗੁਰੂ ਸਾਹਿਬ ਦੇ ਚਰਿਤ੍ਰ ਉਤੇ ਪ੍ਰਕਾਸ਼ ਪਾਇਆ ਹੈ । ਇਸ ਪ੍ਰਕਾਰ ਦੇ ਬ੍ਰਿੱਤਾਂਤਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਗੁਰੂ ਜੀ ਵਿਚਿਤ੍ਰ ਵਿਅਕਤਿਤਵ ਵਾਲੇ ਨਿਰ-ਲਿਪਤ, ਮਹਾਨ ਅਤੇ ਦੁੱਤੀ ਧਰਮ-ਸਾਧਕ ਸਨ ਜੋ ਧਰਮ ਦੀ ਤੰਗਨਜ਼ਰੀ ਤੋਂ ਬਹੁਤ ਉੱਚੇ ਅਤੇ ਵਿਸ਼ਵ-ਭਾਈਚਾਰੇ ਵਿਚ ਯਕੀਨ ਰਖਣ ਵਾਲੇ ਸਿੱਧਾਂਤ ਵਜੋਂ ਇਕੇਸ਼੍ਵਰਵਾਦੀ ਸਨ ।

ਉਪਰੋਕਤ ਤੱਥਾਂ ਦੇ ਆਧਾਰ ਤੇ ਸਹਿਜ ਹੀ ਕਿਹਾ ਜਾ ਸਕਦਾ ਹੈ ਕਿ ਗੁਰੂ ਜੀ ਦਾ ਵਿਅਕਤਿਤਵ ਬੜਾ ਅਦਭੁਤ ਸੀ । ਉਹ ਨੱਬੀ ਵੀ ਸਨ ਅਤੇ ਲੋਕ-ਨਾਇਕ ਵੀ, ਉਹ ਸਾਧਕ ਵੀ ਸਨ ਅਤੇ ਉਪਦੇਸ਼ਕ ਵੀ । ਉਹ ਸ਼ਾਇਰ ਵੀ ਸਨ ਅਤੇ ਈਸ਼ਵਰੀ ਦਰਬਾਰ ਦੇ ਢਾਡੀ ਵੀ । ਉਹ ਗ੍ਰਿਹਸਥੀ ਵੀ ਸਨ ਅਤੇ ਵੈਰਾਗੀ ਵੀ । ਉਨ੍ਹਾਂ ਦੀ ਸਾਧਨਾ ਵਿਚ ਅਪਾਰ ਸ਼ਕਤੀ ਸੀ । ਉਨ੍ਹਾਂ ਨੇ ਬਾਂਹ ਉਠਾ ਕੇ ਅਨਾਚਾਰ ਅਤੇ ਅਧਰਮ ਦੇ ਭਿਆਨਕ ਝਖੜ ਨੂੰ ਰੋਕ ਦਿੱਤਾ ਅਤੇ ਦੁਖਿਆਰੀ ਮਨੁੱਖਤਾ ਨੂੰ ਸ਼ਾਂਤੀ ਪ੍ਰਦਾਨ ਕੀਤੀ । ਉਹ ਉਦਾਰ ਮਨ ਵਾਲੇ ਸੁਤੰਤਰ ਚਿੰਤਕ ਸਨ । ਉਦਾਰ ਇਸ ਲਈ ਕਿ ਉਨ੍ਹਾਂ ਨੇ ਪੂਰਬ-ਵਰਤੀ ਸਾਰੇ ਦਰਸ਼ਨਾਂ, ਧਰਮਾਂ ਅਤੇ ਸੰਪ੍ਰਦਾਵਾਂ ਤੋਂ ਆਪਣੀ ਵਿਵੇਕ ਬੁੱਧੀ ਅਤੇ ਸਵੈ-ਅਨੁਭਵ ਦੀ ਕਸੌਟੀ ਉਤੇ ਪਰਖ ਕੇ, ਬਿਨਾ ਕਿਸੇ ਭੇਦ-ਭਾਵ ਦੇ, ਉਹ ਸਭ ਕੁਝ ਗ੍ਰਹਿਣ ਕਰ ਲਿਆ, ਜੋ ਸਦੀਵੀ ਸੀ, ਜਿਸ ਦੁਆਰਾ ਮਾਨਵਤਾ ਦਾ ਵਿਕਾਸ ਸੰਭਵ ਸੀ ਅਤੇ ਜੋ ਹਰ ਇਕ ਯੁਗ ਲਈ ਹਮੇਸ਼ਾਂ ਨਵਾਂ ਸੀ । ਸੁਤੰਤਰ ਚਿੰਤਕ ਉਹ ਇਸ ਲਈ ਸਨ ਕਿ ਉਨ੍ਹਾਂ ਨੇ ਕੇਵਲ ਉਹੀ ਕੁਝ ਅਪਣਾਇਆ ਜੋ ਯੁਗ ਅਨੁਕੂਲ ਸ੍ਰੇਸ਼ਠ ਸੀ, ਬਾਕੀ ਸਭ ਕੁਝ ਉਨ੍ਹਾਂ ਦਾ ਆਪਣਾ ਸੀ । ਅਸਲ ਵਿਚ, ਉਨ੍ਹਾਂ ਦਾ ਵਿਅਕਤਿਤਵ ਇਕ ਖੁਲ੍ਹੀ ਹੋਈ ਧਰਮ-ਪੁਸਤਕ ਹੈ ਜਿਸ ਨੂੰ ਕੋਈ ਵੀ ਪੜ੍ਹ ਕੇ ਆਪਣਾ ਜੀਵਨ ਸੁਧਾਰ ਸਕਦਾ ਹੈ ।

## ਬਾਣੀ-ਰਚਨਾ

ਗੁਰੂ ਜੀ ਦੇ ਨਾਂ ਉਤੇ ਗੁਰੂ ਗ੍ਰੰਥ ਸਾਹਿਬ ਵਿਚ ਜੋ ਬਾਣੀ ਦਰਜ ਹੈ, ਉਹੀ ਆਪ ਦੀ ਪ੍ਰਮਾਣਿਕ ਰਚਨਾ ਹੈ । ਆਪ ਨੇ ਉਹ ਬਾਣੀ ਕਿਵੇਂ ਲਿਖੀ ਅਤੇ ਸੰਭਾਲੀ ? ਇਹ ਇਕ ਮਹੱਤਵਪੂਰਣ ਵਿਸ਼ਾ ਹੈ । ਖੇਦ ਦੀ ਗੱਲ ਹੈ ਕਿ ਹੁਣ ਗੁਰੂ ਜੀ ਦੀ ਕੋਈ ਵੀ ਹੱਥ-ਲਿਖਿਤ ਜਾਂ ਹੋਰ ਕੋਈ ਪੁਰਾਤਨ ਦਸਤਾਵੇਜ਼ ਉਪਲਬਧ ਨਹੀਂ ਹੈ । ਇਸ ਲਈ ਇਹ ਕਹਿਣਾ ਕਠਿਨ ਹੈ ਕਿ ਉਹ ਕਿਹੜੀ ਲਿਪੀ ਵਿਚ ਲਿਖਦੇ ਸਨ । ਉਹ ਪੜ੍ਹੇ ਲਿਖੇ ਸਨ, ਇਸ ਵਿਚ ਕੋਈ ਸੰਦੇਹ ਨਹੀਂ । ਪਟੀ ਨਾਂ ਦੀ ਬਾਣੀ ਤੋਂ ਸਪੱਸ਼ਟ ਹੈ ਕਿ ਉਹ ਉਸ ਵਕਤ ਪੰਜਾਬ ਵਿਚ ਪ੍ਰਚਲਿਤ ਲਿਪੀ ਅਤੇ ਅੱਖਰਾਂ ਦੇ ਉੱਚਾਰਣ ਤੋਂ ਭਲੀ-ਭਾਂਤ ਜਾਣੂ ਸਨ । ਸੰਭਵ ਹੈ ਕਿ ਵਰਤਮਾਨ ਗੁਰਮੁਖੀ ਲਿਪੀ ਦਾ ਉਹ ਮੁਢਲਾ ਰੂਪ ਹੋਏ । ਪਟੀ ਬਾਣੀ ਉਪਰ ਅੰਕਿਤ ਪਟੀ ਲਿਖੀ ਉਕਤੀ ਤੋਂ ਇਹ ਭਲੀ-ਭਾਂਤ ਸਪੱਸ਼ਟ ਹੈ ਕਿ ਉਨ੍ਹਾਂ ਨੇ ਇਹ ਬਾਣੀ ਲਿਖਿਤ ਰੂਪ ਵਿਚ ਰਚੀ ਸੀ ।

ਕੀ ਉਨ੍ਹਾਂ ਨੇ ਸਾਰੀ ਬਾਣੀ ਆਪ ਹੀ ਲਿਖੀ ਜਾਂ ਲਿਖਾਰੀਆਂ ਨੇ ਵੀ ਇਸ ਵਿਚ ਯੋਗਦਾਨ ਪਾਇਆ ? ਇਸ ਦਾ ਉੱਤਰ ਇਤਿਹਾਸ ਦੀ ਕੁੱਖ ਵਿਚੋਂ ਲਭਣਾ ਪਵੇਗਾ। ਕੁਝ ਪੁਰਾਤਨ ਰਚਨਾਵਾਂ ਵਿਚੋਂ ਅਜਿਹੇ ਸੰਕੇਤ ਮਿਲਦੇ ਹਨ ਕਿ ਗੁਰੂ ਜੀ ਦੀ ਬਾਣੀ ਕੁਝ ਸਾਥੀ ਲਿਖਾਰੀ ਨਾਲੋਂ ਨਾਲ ਲਿਖਦੇ ਜਾਂਦੇ ਸਨ। ਉਹ ਬਾਣੀ ਨੂੰ ਨਾਲੋਂ ਨਾਲ ਆਪ ਸੰਭਾਲਦੇ ਜਾਂਦੇ ਸਨ। ਉਸ ਬਾਣੀ ਦੇ ਉਤਾਰੇ ਕਰਨ ਦੀ ਪਿਰਤ ਵੀ ਪੈ ਚੁੱਕੀ ਸੀ। ਆਪ ਸੰਭਾਲਣ ਦੀ ਪੁਸ਼ਟੀ ਭਾਈ ਗੁਰਦਾਸ ਦੀ ਪਹਿਲੀ ਵਾਰ (ਪਉੜੀ 33) ਦੀ ਇਸ ਤੁਕ ਪੁਛਨਿ ਖੋਲ੍ਹ ਕਿਤਾਬ ਨੂੰ ਹਿੰਦੂ ਵਡਾ ਕੇ ਮੁਸਲਮਾਨੋਈ ਤੋਂ ਹੋ ਜਾਂਦੀ ਹੈ ਕਿ ਗੁਰੂ ਜੀ ਆਪਣੀ ਬਾਣੀ ਆਪਣੇ ਕੋਲ ਇਕ ਬਸਤੇ ਵਿਚ ਸੰਭਾਲ ਕੇ ਰਖਦੇ ਸਨ। ਪੁਰਾਤਨ ਜਨਮਸਾਖੀ (ਸਾਖੀ 57) ਵਿਚ ਗੁਰੂ ਅੰਗਦ ਨੂੰ ਗੁਰ-ਗੱਦੀ ਪ੍ਰਦਾਨ ਕਰਨ ਵੇਲੇ ਬਾਣੀ ਦੀ ਪੋਥੀ ਵੀ ਦਿੱਤੀ ਗਈ ਸੀ ਸੋ ਪੋਥੀ ਜੁਬਾਨਿ ਗੁਰੂ ਅੰਗਦ ਜੋਗ ਮਿਲੀ। ਆਪ ਜੀ ਦੀ ਬਾਣੀ ਗੁਰੂ ਅਰਜਨ ਦੇਵ ਤਕ ਕਿਵੇਂ ਪਹੁੰਚੀ, ਇਸ ਬਾਰੇ ਵਿਸਤਾਰ ਲਈ ਵੇਖੋ ਗੁਰੂ ਗ੍ਰੰਥ ਸਾਹਿਬ : ਸੰਪਾਦਨ ਦਾ ਇਤਿਹਾਸ।

**ਗੁਰੂ ਨਾਨਕ ਦੇਵ ਜੀ ਦੀ ਪ੍ਰਮਾਣਿਕ ਬਾਣੀ ਦਾ ਬਿਉਰਾ ਇਸ ਪ੍ਰਕਾਰ ਹੈ**

ਜਪੁਜੀ = ਮੂਲਮੰਤ੍ਰ-1, ਪਉੜੀਆਂ-38, ਸ਼ਲੋਕ-2 = 41

1. ਸਿਰੀ ਰਾਗ2 = ਚਉਪਦੇ-33, ਅਸ਼ਟਪਦੀਆਂ-18, ਪਹਰੇ-2, ਸਲੋਕ-7 (ਵਾਰ ਮ.4 ਵਿਚ) = 60
2. ਮਾਝ ਰਾਗ = ਅਸ਼ਟਪਦੀ-1, ਪਉੜੀਆਂ -27, ਸਲੋਕ-46 (ਵਾਰ ਮ.1 ਵਿਚ) = 74
3. ਗਉੜੀ ਰਾਗ = ਚਉਪਦੇ-20, ਅਸ਼ਟਪਦੀਆਂ-18, ਛੰਤ-2 = 40
4. ਆਸਾ ਰਾਗ = ਚਉਪਦੇ-39, ਅਸ਼ਟਪਦੀਆਂ-22, ਪਦੇ-35 ( ਪਟੀ ਵਿਚ), ਛੰਤ-5, ਪਉੜੀਆਂ-24, ਸ਼ਲੋਕ-44 (ਵਾਰ ਮ.1 ਵਿਚ) = 169
5. ਗੂਜਰੀ ਰਾਗ = ਚਉਪਦੇ-2, ਅਸ਼ਟਪਦੀਆਂ-5 = 7
6. ਬਿਹਾਗੜਾ ਰਾਗ = ਸ਼ਲੋਕ-2 (ਵਾਰ5 ਮ.4 ਵਿਚ) = 2
7. ਵਡਹੰਸ ਰਾਗ = ਚਉਪਦੇ-3, ਛੰਤ-2, ਅਲਾਹਣੀਆਂ-5, ਸ਼ਲੋਕ-3 (ਵਾਰ ਮ. 4 ਵਿਚ) = 13
8. ਸੋਰਠ ਰਾਗ = ਚਉਪਦੇ-12, ਅਸ਼ਟਪਦੀਆਂ -4, ਸ਼ਲੋਕ-2 (ਵਾਰ ਮ. 4 ਵਿਚ) = 18
9. ਧਨਾਸਰੀ ਰਾਗ = ਚਉਪਦੇ-9, ਅਸ਼ਟਪਦੀਆਂ- 2, ਛੰਤ-3 = 14
10. ਤਿਲੰਗ ਰਾਗ = ਚਉਪਦੇ-5, ਅਸ਼ਟਪਦੀ-1 = 6
11. ਸੂਹੀ ਰਾਗ = ਚਉਪਦੇ-9, ਅਸ਼ਟਪਦੀਆਂ-5, ਕੁਚਜੀ-ਸੁਚਜੀ-2, ਛੰਤ-5, ਸ਼ਲੋਕ-21 (ਵਾਰ ਮ.3 ਵਿਚ) = 42
12. ਬਿਲਾਵਲ ਰਾਗ = ਚਉਪਦੇ-4, ਅਸ਼ਟਪਦੀਆਂ-2, ਪਦੇ-20 (ਥਿਤੀ ਮ.1 ਵਿਚ), ਛੰਤ-2, ਸ਼ਲੋਕ-2 (ਵਾਰ ਮ.4 ਵਿਚ) = 30
13. ਰਾਮਕਲੀ ਰਾਗ = ਚਉਪਦੇ-11, ਅਸ਼ਟਪਦੀਆਂ-9, ਪਦੇ-127 (54 ਓਅੰਕਾਰ ਵਿਚ ਅਤੇ 73 ਸਿਧ ਗੋਸਟਿ ਵਿਚ) ਸ਼ਲੋਕ-19 (ਵਾਰ ਮ.3 ਵਿਚ) = 166
14. ਮਾਰੂ ਰਾਗ = ਚਉਪਦੇ-12, ਅਸ਼ਟਪਦੀਆਂ-11, ਸੋਲਹੇ-22, ਸ਼ਲੋਕ-20 (18 ਵਾਰ ਮ. 4 ਵਿਚ, 2 ਪਹਿਲੇ ਅਤੇ ਪੰਜਵੇਂ ਚਉਪਦਿਆਂ ਨਾਲ) = 65
15. ਤੁਖਾਰੀ ਰਾਗ = ਛੰਤ-5, ਪਦੇ-17 (ਬਾਰਹਮਾਹਾ ਮ.1 ਵਿਚ) = 22
16. ਭੈਰਉ ਰਾਗ = ਚਉਪਦੇ-8, ਅਸ਼ਟਪਦੀ-1 = 9
17. ਬਸੰਤ ਰਾਗ = ਚਉਪਦੇ-10, ਅਸ਼ਟਪਦੀਆਂ-8 = 18
18. ਸਾਰੰਗ ਰਾਗ = ਚਉਪਦੇ-3, ਅਸ਼ਟਪਦੀਆਂ -2, ਸ਼ਲੋਕ -33 (ਵਾਰ ਮ. 4 ਵਿਚ) = 38
19. ਮਲਾਰ ਰਾਗ = ਚਉਪਦੇ-9, ਅਸ਼ਟਪਦੀਆਂ -5, ਪਉੜੀਆਂ -27, ਸ਼ਲੋਕ-24 (ਵਾਰ ਮ.1 ਵਿਚ) = 65
20. ਪ੍ਰਭਾਤੀ ਰਾਗ = ਚਉਪਦੇ-17, ਅਸ਼ਟਪਦੀਆਂ - 7 = 24

ਸ਼ਲੋਕ ਸਹਸਕ੍ਰਿਤੀ = 36
ਸਲੋਕ ਫ਼ਰੀਦ = 17
ਸਲੋਕ ਵਾਰਾਂ ਤੇ ਵਧੀਕ = 33
ਕੁਲ ਜੋੜ = 958

ਬਾਣੀਵਾਰ ਕੁਲ ਜੋੜ = ਮੂਲਮੰਤ੍ਰ-1, ਚਉਪਦੇ-206, ਅਸ਼ਟਪਦੀਆਂ-121, ਛੰਤ-24, ਪਉੜੀਆਂ-116, ਸ਼ਲੋਕ-260, ਪਹਰੇ-2, ਅਲਾਹਣੀਆਂ-5, ਕੁਚਜੀ -ਸੁਚਜੀ-2, ਸੋਲਹੇ-22, ਪਦੇ-199 = 958

ਸੁਤੰਤਰ ਬਾਣੀਆਂ: ਜਪੁ, ਪਹਰੇ, ਵਾਰ ਮਾਝ, ਪਟੀ, ਵਾਰ ਆਸਾ, ਅਲਾਹਣੀਆਂ, ਕੁਚਜੀ-ਸੁਚਜੀ, ਥਿਤੀ, ਓਅੰਕਾਰ, ਸਿਧ-ਗੋਸਟਿ, ਬਾਰਹਮਾਹਾ, ਵਾਰ ਮਲਾਰ ।

## ਟਿੱਪਣੀਆਂ

1. ਇਨ੍ਹਾਂ ਵਿਚੋਂ ਪਹਿਲਾ ਸ਼ਲੋਕ ਸੁਖਮਨੀ ਮ.5 ਅਤੇ ਦੂਜਾ ਸ਼ਲੋਕ ਮਾਝ ਕੀ ਵਾਰ ਮਹਲਾ 2 ਅਧੀਨ ਦਰਜ ਹੈ । ਇਸ ਲਈ ਇਨ੍ਹਾਂ ਦਾ ਕਰਤ੍ਰਿਤਵ ਸੰਦਿਗਧ ਹੈ ।

ਗੁਰੂ ਜੀ ਦੀ ਪ੍ਰਮਾਣਿਕ ਬਾਣੀ ਦਾ ਉਪਰੋਕਤ ਕ੍ਰਮ ਗੁਰੂ ਅਰਜਨ ਦੇਵ ਜੀ ਦੁਆਰਾ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਬੀੜ ਦੀ ਤਿਆਰੀ ਵੇਲੇ ਨਿਸ਼ਚਿਤ ਕੀਤਾ ਗਿਆ ਅਤੇ ਇਸ ਦਾ ਆਧਾਰ ਪਦਿਆਂ ਜਾਂ ਬਾਣੀਆਂ ਦੀ ਵਖ ਵਖ ਰਾਗਾਂ ਪ੍ਰਤਿ ਅਨੁਸਾਰਤਾ ਹੈ; ਬਾਣੀ ਦੇ ਰਚਨਾ- ਕ੍ਰਮ ਨਾਲ ਇਸ ਦਾ ਕੋਈ ਸੰਬੰਧ ਨਹੀਂ ਹੈ ।

## ਅਪ੍ਰਮਾਣਿਕ ਬਾਣੀ

ਸ਼ੁਰੂ ਤੋਂ ਹੀ ਗੁਰੂ ਜੀ ਦੇ ਨਾਂ ਨਾਲ ਅਪ੍ਰਮਾਣਿਕ ਬਾਣੀ ਪ੍ਰਚਲਿਤ ਹੋਣੀ ਸ਼ੁਰੂ ਹੋ ਗਈ ਸੀ । ਇਸ ਪ੍ਰਕਾਰ ਦੀ ਬਾਣੀ ਨੂੰ ਕੱਚੀ-ਬਾਣੀ (ਵੇਖੋ) ਦਾ ਨਾਂ ਦਿੱਤਾ ਜਾਣ ਲਗਿਆ । ਗੁਰੂ ਨਾਨਕ ਦੇਵ ਜੀ ਦੇ ਨਾਂ ਨਾਲ ਪ੍ਰਚਲਿਤ ਅਪ੍ਰਮਾਣਿਕ ਬਾਣੀ ਨੂੰ ਤਿੰਨ ਵਰਗਾਂ ਵਿਚ ਰਖਿਆ ਜਾਂਦਾ ਹੈ (1) ਪ੍ਰਾਣਸੰਗਲੀ, (2) ਖਾਰੀ ਬੀੜ ਵਿਚ ਸੰਕਲਿਤ ਵਾਧੂ ਬਾਣੀ ਅਤੇ (3) ਨਾਮਾ ਸਾਹਿਤ ।

## ਵਿਚਾਰਧਾਰਾ

ਗੁਰੂ ਜੀ ਇਕ ਮਹਾਨ ਯੁਗ ਪੁਰਸ਼ ਸਨ ਜਿਨ੍ਹਾਂ ਨੇ ਆਪਣੀ ਨਵੀਂ ਵਿਚਾਰਧਾਰਾ ਨਾਲ ਪ੍ਰਤਿਕੂਲ ਪਰਿਸਥਿਤੀਆਂ ਦੀ ਨੁਹਾਰ ਬਦਲੀ ਅਤੇ ਸਿੱਖ ਧਰਮ ਦੇ ਵਿਕਾਸ ਦੇ ਨਾਲ ਨਾਲ ਇਕ ਨਵੇਂ ਸਭਿਆਚਾਰ ਨੂੰ ਜਨਮ ਦਿੱਤਾ । ਇਹ ਸਭਿਆਚਾਰ ਕਿਸੇ ਇਕ ਧਰਮ ਜਾਂ ਭਾਈਚਾਰੇ ਦਾ ਸਭਿਆਚਾਰ ਨਹੀਂ ਸੀ, ਸਗੋਂ ਸਾਰੀ ਮਨੁੱਖਤਾ ਲਈ ਕਲਿਆਣਕਾਰੀ ਜੀਵਨ-ਦਰਸ਼ਨ ਸੀ ਜਿਸ ਦੀ ਲੋਅ ਵਿਚ ਨਵੇਂ ਮਨੁੱਖ ਦਾ ਮਾਡਲ ਸਿਰਜਿਆ ਗਿਆ । ਗੁਰੂ ਨਾਨਕ ਦੇਵ ਜੀ, ਅਸਲ ਵਿਚ, ਇਕ ਵਿਵਹਾਰਿਕ ਧਰਮ ਦੀ ਸਥਾਪਨਾ ਕਰਨ ਆਏ ਸਨ । ਖ਼ੁਸ਼ਕ ਦਰਸ਼ਨ ਦੇ ਤਰਕ ਉਨ੍ਹਾਂ ਨੂੰ ਪਸੰਦ ਨਹੀਂ ਸਨ । ਆਪਣੀ ਰਹੱਸਾਨੁਭੂਤੀ ਨੂੰ ਸਮਾਜਿਕ ਪ੍ਰਕਰਣ ਵਿਚ ਪੇਸ਼ ਕਰਕੇ ਉਨ੍ਹਾਂ ਨੇ ਸਭ ਦੁਆਰਾ ਅਪਣਾਏ ਜਾਣ ਯੋਗ ਅਜਿਹੇ ਧਰਮ ਦੀ ਸਥਾਪਨਾ ਕੀਤੀ ਜਿਸ ਨੂੰ ਸਹਿਜ-ਧਰਮ ਦਾ ਨਾਂ ਦਿੱਤਾ ਜਾ ਸਕਦਾ ਹੈ । ਇਸ ਧਰਮ ਵਿਚ ਤੰਗਨਜ਼ਰੀ, ਅੰਧ-ਵਿਸ਼ਵਾਸ, ਰੂੜ੍ਹੀ-ਵਾਦਤਾ, ਪਰਸਪਰ ਵੈਰ-ਵਿਰੋਧ ਦਾ ਕੋਈ ਸਥਾਨ ਨਹੀਂ ਹੈ ।

ਗੁਰੂ ਨਾਨਕ ਦੇਵ ਨਿਰਗੁਣ-ਬ੍ਰਹਮ ਦੇ ਉਪਾਸਕ ਸਨ । ਇਹ ਤੱਥ ਮੂਲ-ਮੰਤ੍ਰ ਤੋਂ ਹੀ ਭਲੀ-ਭਾਂਤ ਸਪੱਸ਼ਟ ਹੈ । ਨਿਰਗੁਣ ਬ੍ਰਹਮ ਦਾ ਵਰਣਨ ਕਰਨਾ ਸੰਭਵ ਨਹੀਂ, ਕਿਉਂਕਿ ਵਰਣਨ ਦੇ ਸਾਧਨਾਂ ਦੁਆਰਾ ਉਸ ਨੂੰ ਦਰਸਾਇਆ ਨਹੀਂ ਜਾ ਸਕਦਾ । ਗੁਰੂ ਜੀ ਅਨੁਸਾਰ ਪਰਮ-ਸੱਤਾ ਬੁੱਧੀ ਅਤੇ ਬਾਣੀ ਤੋਂ ਅਤੀਤ ਹੈ । ਗੁਰੂ ਜੀ ਦਾ ਸੁਭਾ, ਸੰਸਕਾਰ ਅਤੇ ਯੁਗ ਦੀਆਂ ਪਰਿਸਥਿਤੀਆਂ ਅਵਤਾਰਵਾਦ ਅਥਵਾ ਸਗੁਣ-ਬ੍ਰਹਮ ਨਾਲ ਸਮਝੌਤਾ ਨਹੀਂ ਕਰ ਸਕੀਆਂ । ਨਿਰਗੁਣ- ਬ੍ਰਹਮ ਸੰਬੰਧੀ ਗੁਰੂ ਜੀ ਨੇ ਉਪਨਿਸ਼ਦਾਂ ਦੇ ਚਿੰਤਨ ਤੋਂ ਇਲਾਵਾ ਸਿੱਧਾਂ, ਜੋਗੀਆਂ, ਮੁਸਲਮਾਨਾਂ, ਸੂਫ਼ੀ ਦਰਵੇਸ਼ਾਂ ਦੀਆਂ ਧਾਰਣਾਵਾਂ ਨੂੰ ਆਤਮਸਾਤ ਕਰਕੇ ਉਨ੍ਹਾਂ ਦੇ ਸਾਰ-ਭੂਤ ਤੱਤ੍ਹਾਂ ਅਤੇ ਗੁਣਾਂ ਨੂੰ ਲੋਕ-ਕਲਿਆਣ ਦੀ ਕਸੌਟੀ ਉਤੇ ਪਰਖ ਕੇ ਆਪਣੇ ਅਨੁਭਵ ਦੇ ਸੰਦਰਭ ਵਿਚ ਗ੍ਰਹਿਣ ਕੀਤਾ । ਇਸੇ ਲਈ ਆਪ ਦੁਆਰਾ ਪ੍ਰਤਿਪਾਦਿਤ ਬ੍ਰਹਮ ਅਰੂਪ ਅਤੇ ਨਿਰਗੁਣ ਹੁੰਦੇ ਹੋਇਆਂ ਵੀ ਨਿਸ਼ਕਰਮਾ ਨਹੀਂ, ਕਰਤਾ-ਪੁਰਖ ਅਤੇ ਆਪਣੇ ਆਪ ਹੋਂਦ ਵਿਚ ਆਉਣ ਵਾਲਾ ਹੈ।ਸਾਰੀ ਸ੍ਰਿਸ਼ਟੀ ਦੀ ਉਤਪੱਤੀ, ਸਥਿਤੀ ਅਤੇ ਨਾਸ਼ ਦਾ ਕਾਰਣ ਹੈ । ਆਪ ਨੇ ਪ੍ਰੇਮ ਦੀ ਭਾਵਨਾ ਅਧੀਨ ਪ੍ਰਭੂ ਨਾਲ ਕਈ ਪ੍ਰਕਾਰ ਦੇ ਸੰਬੰਧਾਂ ਦੀ ਸਥਾਪਨਾ ਵੀ ਕੀਤੀ ਹੈ। ਇਸ ਤਰ੍ਹਾਂ ਉਨ੍ਹਾਂ ਨੇ ਨਿਰਾਕਾਰ ਨੂੰ ਸਾਕਾਰ ਬਣਾਇਆ ਹੈ। ਪਰ ਧਿਆਨ ਦੇਣ ਦੀ ਗੱਲ ਇਹ ਹੈ ਕਿ ਜਿਥੇ ਕਿਥੇ ਵੀ ਉਨ੍ਹਾਂ ਨੇ ਪਰਮਾਤਮਾ ਦਾ ਤਾਤਵਿਕ ਅਥਵਾ ਸਿੱਧਾਂਤਿਕ ਵਿਸ਼ਲੇਸ਼ਣ ਕੀਤਾ ਹੈ, ਉਥੇ ਉਸ ਨੂੰ ਨਿਰਗੁਣ, ਨਿਰਾਕਾਰ, ਨਿਰਲਿਪਤ, ਨਿਰੰਜਨ ਆਦਿ ਨਾਂਵਾਂ ਨਾਲ ਯਾਦ ਕੀਤਾ ਹੈ ।

ਗੁਰੂ ਨਾਨਕ ਦੇਵ ਜੀ ਨੇ ਆਤਮਾ/ਜੀਵਾਤਮਾ ਸੰਬੰਧੀ ਵਿਚਾਰ ਪ੍ਰਗਟ ਕਰਦਿਆਂ ਪਰਮਾਤਮਾ ਅਤੇ ਆਤਮਾ ਵਿਚ ਕਿਸੇ ਪ੍ਰਕਾਰ ਦਾ ਕੋਈ ਤਾਤਵਿਕ ਅੰਤਰ ਨਹੀਂ ਮੰਨਿਆ । ਦੋਹਾਂ ਦੀ ਅਦ੍ਵੈਤਤਾ ਅਤੇ ਏਕਤਾ ਵਿਚ ਉਨ੍ਹਾਂ ਨੂੰ ਪੂਰਣ ਵਿਸ਼ਵਾਸ ਹੈ । ਅੰਸ਼-ਅੰਸ਼ੀ-ਭਾਵ ਜਾਂ ਸਮੁੰਦਰ-ਬੂੰਦ ਵਾਲੇ ਸੰਬੰਧਾਂ ਰਾਹੀਂ ਉਨ੍ਹਾਂ ਨੇ ਆਪਣੇ ਮੰਤਵ ਨੂੰ ਅਨੇਕ ਥਾਂਵਾਂ ਤੇ ਪ੍ਰਗਟ ਕੀਤਾ ਹੈ ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ ਕਵਣੁ ਬੁਝੈ ਬਿਧਿ ਜਾਣੈ । (ਗੁ.ਗ੍ਰੰ.878) ; ਨਿਰਮਲ ਕਾਇਆ ਉਜਲ ਹੰਸਾ । ਤਿਸੁ ਵਿਚਿ ਨਾਮੁ ਨਿਰੰਜਨ ਅੰਸਾ । (ਗੁ.ਗ੍ਰੰ.1034) ।

ਇਹ ਅੰਸ਼-ਅੰਸ਼ੀ-ਭਾਵ ਨ ਵਿਸ਼ਿਸ਼ਟਾਦ੍ਵੈਤਵਾਦ ਵਾਲਾ ਹੈ ਅਤੇ ਨ ਹੀ ਦ੍ਵੈਤਾਦ੍ਵੈਤਵਾਦ ਵਾਲਾ ਸਗੋਂ ਪੂਰੀ ਤਰ੍ਹਾਂ ਅਦ੍ਵੈਤਵਾਦੀ ਹੈ । ਕਿਉਂਕਿ ਇਸ ਸਥਾਪਨਾ ਦੀ ਪੁਸ਼ਟੀ ਨ ਕੇਵਲ ਗੁਰੂ ਨਾਨਕ ਦੇਵ ਦੀ ਸਮੁੱਚੀ ਅਦ੍ਵੈਤ-ਭਾਵਨਾ ਤੋਂ ਹੀ ਹੋ ਜਾਂਦੀ ਹੈ, ਸਗੋਂ ਸਮੁੰਦਰ ਅਤੇ ਬੂੰਦ ਦੇ ਦ੍ਰਿਸ਼ਟਾਂਤ ਅਤੇ ਸਾਰੇ ਜੀਵਾਂ ਵਿਚ ਪਰਮਾਤਮਾ ਦੇ ਪ੍ਰਤਿਬਿੰਬ ਨੂੰ ਦੇਖਣ ਦੀ ਧਾਰਣਾ ਤੋਂ ਵੀ ਹੋ ਜਾਂਦੀ ਹੈ ਸਭ ਮਹਿ ਜੋਤਿ ਜੋਤਿ ਹੈ ਸੋਇ । ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ । (ਗੁ.ਗ੍ਰੰ. 663) ।

ਜੀਵਾਂ ਵਿਚੋਂ ਸ੍ਰੇਸ਼ਠ ਜੀਵ ਮਨੁੱਖ ਹੈ । ਇਸ ਲਈ ਮਨੁੱਖ ਜਨਮ ਦੁਰਲਭ ਹੈ । ਸੁਭਾ, ਭਾਵਨਾ, ਅਵਸਥਾ ਅਤੇ ਆਚਾਰ ਦੀ ਦ੍ਰਿਸ਼ਟੀ ਤੋਂ ਮਨੁੱਖ ਦੇ ਦੋ ਮੁੱਖ ਭੇਦ ਹਨ ਗੁਰਮੁਖ ਅਤੇ ਮਨਮੁਖ। ਗੁਰੂ ਦੇ ਅਨੁਕੂਲ ਚਲਣ ਵਾਲਾ ਮਨੁੱਖ ਗੁਰਮੁਖ ਹੈ ਅਤੇ ਮਨ ਅਨੁਸਾਰ ਚਲਣ ਵਾਲਾ ਵਿਅਕਤੀ ਮਨਮੁਖ ਹੈ। ਮਨ ਮਨੁੱਖੀ ਸ਼ਰੀਰ ਦੀ ਬੜੀ ਪ੍ਰਬਲ ਸ਼ਕਤੀ ਹੈ। ਇਸ ਨੂੰ ਜਿਤਣਾ ਜਗਤ ਨੂੰ ਜਿਤਣ ਦੇ ਤੁਲ ਹੈ। ਮਨ ਨੂੰ ਮਾਰਨ ਤੋਂ ਬਿਨਾ ਅਲੌਕਿਕ ਆਨੰਦ ਦੀ ਪ੍ਰਾਪਤੀ ਨਹੀਂ ਹੁੰਦੀ ।

ਸ੍ਰਿਸ਼ਟੀ ਦਾ ਚਿਤ੍ਰਣ ਕਰਦਿਆਂ ਗੁਰੂ ਜੀ ਨੇ ਪਰਮਾਤਮਾ ਨੂੰ ਇਸ ਦਾ ਰਚੈਤਾ ਅਤੇ ਸੰਚਾਲਕ ਮੰਨਿਆ ਹੈ। ਉਹ ਇਸ ਦਾ ਉਪਾਦਾਨ ਕਾਰਣ ਹੀ ਨਹੀਂ, ਨਿਮਿਤ ਕਾਰਣ ਵੀ ਹੈ। ਸਾਰੀ ਸ੍ਰਿਸ਼ਟੀ ਉਸ ਦੇ ਭੈ ਵਿਚ ਕ੍ਰਿਆਸ਼ੀਲ ਹੈ ਤੁਧੁ ਆਪੇ ਜਗਤੁ ਉਪਾਇਕੈ ਤੁਧੁ ਆਪੇ ਧੰਧੈ ਲਾਇਆ। (ਗੁ.ਗ੍ਰੰ.138)। ਇਸ ਸ੍ਰਿਸ਼ਟੀ ਦਾ ਰਚਨਾ-ਕਾਲ ਅਗਿਆਤ ਹੈ। ਇਸ ਤੱਥ ਨੂੰ ਜਾਣਨ ਦੇ ਸਮਰਥ ਕੇਵਲ ਪਰਮਾਤਮਾ ਖ਼ੁਦ ਹੈ ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ। (ਗੁ.ਗ੍ਰੰ4)। ਸ੍ਰਿਸ਼ਟੀ ਤੋਂ ਪਹਿਲਾਂ ਦੀ ਅਫੁਰ ਅਵਸਥਾ ਤੋਂ ਪਰਮਾਤਮਾ ਨੇ ਖ਼ੁਦ ਆਪਣੀ ਲੀਲ੍ਹਾ ਦੇਖਣ ਲਈ ਜਗਤ ਦੀ ਰਚਨਾ ਕੀਤੀ ਹੈ। ਸ੍ਰਿਸ਼ਟੀ ਦੇ ਉਤਪੱਤੀ-ਕ੍ਰਮ ਬਾਰੇ ਵੀ ਗੁਰੂ ਜੀ ਨੇ ਸੰਕੇਤ ਕੀਤਾ ਹੈ, ਪਰ ਕਿਸੇ ਨਿਸ਼ਚਿਤ ਕ੍ਰਮ ਦੀ ਸਥਾਪਨਾ ਨਹੀਂ ਕੀਤੀ। ਇਹ ਸ੍ਰਿਸ਼ਟੀ ਅਨੰਤ ਹੈ। ਇਸ ਅਨੰਤਤਾ ਨੂੰ ਰਚੈਤਾ ਤੋਂ ਬਿਨਾ ਹੋਰ ਕੋਈ ਨਹੀਂ ਜਾਣ ਸਕਦਾ। ਉਹ ਆਪਣੀ ਇੱਛਾ ਅਨੁਸਾਰ, ਇਸ ਦੀ ਰਚਨਾ ਕਰਦਾ ਹੈ ਅਤੇ ਫਿਰ ਆਪਣੀ ਮਰਜ਼ੀ ਨਾਲ ਹੀ ਆਪਣੇ ਵਿਚ ਸਮੋ ਲੈਂਦਾ ਹੈ। ਗੁਰੂ-ਕਵੀ ਅਨੁਸਾਰ ਇਹ ਜਗਤ ਸਤਿ ਅਤੇ ਅਸਤਿ ਦੋਵੇਂ ਹੈ। ਇਸ ਜਗਤ ਦਾ ਮੂਲਾਧਾਰ ਤੱਤ੍ਰ ਪਰਮਾਤਮਾ ਚੂੰਕਿ ਸਚਾ ਹੈ, ਇਸ ਲਈ ਸ੍ਰਿਸ਼ਟੀ ਵੀ ਸਚੀ ਹੈ ਜਾ ਤੂੰ ਸਚਾ ਤਾ ਸਭੁ ਕੋ ਸਚਾ ਕੂੜਾ ਕੋਇ ਨ ਕੋਈ। (ਗੁ.ਗ੍ਰੰ.145) । ਪਰ ਇਹ ਸਤਿਅਤਾ ਪਰਮਾਰਥਿਕ ਨਹੀਂ ਵਿਵਹਾਰਿਕ ਹੈ। ਪਰਮਾਰਥਿਕ ਸਤਿ ਤਾਂ ਕੇਵਲ ਪਰਮਾਤਮਾ ਹੈ। ਇਸ ਦ੍ਰਿਸ਼ਟੀ ਤੋਂ ਜਗਤ ਅਸਤਿ ਹੈ।

ਗੁਰੂ ਜੀ ਨੇ ਸੰਸਾਰਿਕਤਾ ਦੇ ਮੂਲ ਵਿਚ ਕੰਮ ਕਰ ਰਹੀ ਮਾਇਆ ਨੂੰ ਅੱਤਰ੍ਰ ਵਿਚ ਤੱਤ੍ਰ ਬੁੱਧੀ ਵਜੋਂ ਦਰਸਾਇਆ ਹੈ । ਜਗਤ ਅਤੇ ਜਗਤ ਦਾ ਸੰਪੂਰਣ ਪ੍ਰਪੰਚ ਮਾਇਆ ਦਾ ਪਸਾਰਾ ਹੈ । ਇਹ ਅਸੀਮ, ਵਿਭਚਾਰੀ ਅਤੇ ਵਿਘਨਕਾਰੀ ਸ਼ਕਤੀ ਹੈ, ਪਰ ਇਸ ਦੀ ਕੋਈ ਸੁਤੰਤਰ ਸੱਤਾ ਨਹੀਂ, ਸਗੋਂ ਇਹ ਪ੍ਰਭੂ ਦੇ ਅਧੀਨ ਹੈ । ਕੁਦਰਤ ਇਸ ਦਾ ਵਿਰਾਟ ਰੂਪ ਹੈ ਅਤੇ ਪ੍ਰਾਣੀ ਇਸ ਦਾ ਸੰਕੁਚਿਤ ਰੂਪ । ਇਹ ਮਨੁੱਖ ਦੇ ਮਨ ਨੂੰ ਵਸ ਵਿਚ ਰਖਦੀ ਹੈ ।

ਗੁਰੂ ਨਾਨਕ ਦੇਵ ਨੇ ਪਰਮਾਤਮਾ ਵਿਚ ਇਕਾਤਮਕਤਾ ਅਥਵਾ ਲੀਨਤਾ ਨੂੰ ਮੁਕਤੀ ਮੰਨਿਆ ਹੈ । ਜਦੋਂ ਅਗਿਆਨ ਦਾ ਪਰਦਾ ਹਟ ਜਾਂਦਾ ਹੈ, ਤਾਂ ਪਹਿਲਾਂ ਤੋਂ ਪ੍ਰਾਪਤ ਵਸਤੂ ਦੀ ਹੀ ਪੁਨਰ-ਪ੍ਰਾਪਤੀ ਹੋ ਜਾਂਦੀ ਹੈ । ਬੈਕੁੰਠ ਵਾਲੀ ਮੁਕਤੀ ਵਿਚ ਗੁਰੂ ਜੀ ਦਾ ਵਿਸ਼ਵਾਸ ਨਹੀਂ ਕਿਉਂਕਿ ਉਨ੍ਹਾਂ ਦੀ ਪ੍ਰਮੁਖ ਅਭਿਲਾਸ਼ਾ ਅਜਿਹੀ ਮੁਕਤੀ ਨਹੀਂ, ਸਗੋਂ ਪ੍ਰਭੂ ਦਾ ਦਰਸ਼ਨ ਜਾਂ ਸਾਖਿਆਤਕਾਰ ਹੈ, ਜਿਸ ਦੇ ਸਾਹਮਣੇ ਹੋਰ ਸਭ ਕੁਝ ਵਿਅਰਥ ਹੈ: ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ । (ਗੁ.ਗ੍ਰੰ.360) । ਅਜਿਹੀ ਅਵਸਥਾ ਦੀ ਪ੍ਰਾਪਤੀ ਗੁਰੂ ਜੀ ਨੇ ਕਰਮ-ਕਾਂਡਾਂ ਜਾਂ ਬਾਹਰਲੇ ਆਡੰਬਰਾਂ ਦੁਆਰਾ ਸੰਭਵ ਨਹੀਂ ਮੰਨੀ । ਪਰਮਾਤਮਾ ਦਾ ਹੁਕਮ, ਉਸ ਦੀ ਅਤੇ ਗੁਰੂ ਦੀ ਕ੍ਰਿਪਾ- ਦ੍ਰਿਸ਼ਟੀ, ਪ੍ਰੇਮ-ਭਗਤੀ ਅਤੇ ਸੇਵਾ ਦੁਆਰਾ ਹੀ ਮੁਕਤੀ ਪ੍ਰਾਪਤ ਹੋ ਸਕਦੀ ਹੈ । ਇਹ ਮੁਕਤੀ ਮਰਨ ਤੋਂ ਬਾਦ ਪ੍ਰਾਪਤ ਹੋਣ ਵਾਲੀ ਕੋਈ ਅਵਸਥਾ ਨਹੀਂ, ਜੀਉਂਦੇ-ਜੀ ਹੀ ਇਸ ਦੀ ਪ੍ਰਾਪਤੀ ਹੋ ਸਕਦੀ ਹੈ । ਇਸ ਨੂੰ ਗੁਰੂ ਜੀ ਨੇ ਜੀਵਨ- ਮੁਕਤੀ ਦਾ ਨਾਂ ਦਿੱਤਾ ਹੈ ।

ਸਪੱਸ਼ਟ ਹੈ ਕਿ ਭਾਵੇਂ ਗੁਰੂ ਜੀ ਦਰਸ਼ਨ ਆਚਾਰਯ ਨਹੀਂ ਸਨ, ਪਰ ਉਨ੍ਹਾਂ ਦੇ ਅਧਿਆਤਮਿਕ ਵਿਚਾਰਾਂ ਨੇ ਉਨ੍ਹਾਂ ਨੂੰ ਦਾਰਸ਼ਨਿਕ ਬਣਾ ਦਿੱਤਾ ਸੀ । ਸਮੁੱਚੇ ਤੌਰ ਤੇ ਉਹ ਅਦ੍ਵੈਤਵਾਦੀ ਸਨ, ਪਰ ਉਨ੍ਹਾਂ ਦਾ ਅਦ੍ਵੈਤਵਾਦ ਸ਼ੰਕਰ ਦੇ ਅਦ੍ਵੈਤਵਾਦ ਤੋਂ ਭਿੰਨ ਉਨ੍ਹਾਂ ਦੀ ਨਿਜੀ ਪ੍ਰਤਿਭਾ ਤੇ ਆਧਾਰਿਤ ਅਤੇ ਯੁਗ ਦੀਆਂ ਸਮਸਿਆਵਾਂ ਦਾ ਸਮਾਧਾਨ ਕਰਨ ਵਾਲਾ ਸੀ । ਇਸ ਤਰ੍ਹਾਂ ਗੁਰੂ ਨਾਨਕ ਦੇਵ, ਇਕ ਨਵੇਂ ਅਦ੍ਵੈਤਵਾਦ ਨੂੰ ਜਨਮ ਦਿੰਦੇ ਹਨ ਜਿਸ ਨੂੰ ਸਹਿਜ- ਅਦ੍ਵੈਤਵਾਦ ਦਾ ਨਾਂ ਦਿੱਤਾ ਜਾ ਸਕਦਾ ਹੈ ।

## ਸਾਧਨਾ-ਮਾਰਗ

ਪਰਮਾਤਮਾ ਦਾ ਸਾਖਿਆਤ-ਕਾਰ ਪ੍ਰਾਪਤ ਕਰਨ ਅਥਵਾ ਪਰਮ-ਪਦ ਦੀ ਪ੍ਰਾਪਤੀ ਲਈ ਸਾਧਕ ਨੂੰ ਕਈ ਪ੍ਰਕਾਰ ਦੇ ਯਤਨ ਕਰਨੇ ਪੈਂਦੇ ਹਨ । ਭਾਰਤੀ ਅਧਿਆਤਮਿਕਤਾ ਨੇ ਮੁੱਖ ਰੂਪ ਵਿਚ ਚਾਰ ਮਾਰਗਾਂ ਨੂੰ ਮਹੱਤਵ ਦਿੱਤਾ ਹੈ ਗਿਆਨ, ਕਰਮ, ਯੋਗ ਅਤੇ ਭਗਤੀ । ਗੁਰੂ ਨਾਨਕ ਦੇਵ ਜੀ ਦੀਆਂ ਵੀ ਇਨ੍ਹਾਂ ਬਾਰੇ ਆਪਣੀ ਨਿਜੀ ਸਥਾਪਨਾਵਾਂ ਹਨ । ਗੁਰੂ ਜੀ ਨੇ ਚੌਹਾਂ ਸਾਧਨਾ-ਮਾਰਗਾਂ ਵਿਚ ਭਗਤੀ-ਮਾਰਗ ਨੂੰ ਨ ਕੇਵਲ ਵਿਸ਼ੇਸ਼ ਮਹੱਤਵ ਹੀ ਦਿੱਤਾ ਹੈ, ਸਗੋਂ ਇਸ ਦਾ ਬਹੁਤ ਅਧਿਕ ਵਿਸ਼ਲੇਸ਼ਣ ਵੀ ਕੀਤਾ ਹੈ । ਧਿਆਨ ਰਹੇ ਕਿ ਗੁਰੂ ਜੀ ਨੇ ਪਰੰਪਰਾਗਤ ਭਗਤੀ ਨੂੰ ਇੰਨ-ਬਿੰਨ ਨਹੀਂ ਅਪਣਾਇਆ । ਆਪ ਨੇ ਭਗਤੀ ਦੀਆਂ ਸਾਰੀਆਂ ਪ੍ਰਣਾਲੀਆਂ ਵਿਚ ਕੇਵਲ ਉਨ੍ਹਾਂ ਤੱਤ੍ਹਾਂ ਨੂੰ ਗ੍ਰਹਿਣ ਕੀਤਾ ਜੋ ਯੁਗ ਦੀਆਂ ਪਰਿਸਥਿਤੀਆਂ ਦੇ ਅਨੁਕੂਲ ਅਤੇ ਲੋਕ-ਮੰਗਲਕਾਰੀ ਸਨ । ਉਨ੍ਹਾਂ ਨੇ ਭਗਤੀ ਦੇ ਉਹ ਸਾਰੇ ਪ੍ਰਕਰਣ ਤਿਆਗ ਦਿੱਤੇ ਜਾਂ ਉਨ੍ਹਾਂ ਦਾ ਮਾਨਸੀਕਰਣ ਕਰ ਦਿੱਤਾ ਜੋ ਉਨ੍ਹਾਂ ਦੀ ਭਾਵ-ਭਗਤੀ ਦੇ ਵਿਕਾਸ ਵਿਚ ਰੁਕਾਵਟ ਸਨ ।

ਸਮਾਜਿਕ ਤੌਰ ਤੇ ਗੁਰੂ ਜੀ ਹਿੰਦੂ ਧਰਮ ਨਾਲ ਸੰਬੰਧਿਤ ਸਨ, ਇਸ ਲਈ ਇਸ ਮਤ ਦੀ ਉਨ੍ਹਾਂ ਨੂੰ ਵਿਸ਼ੇਸ਼ ਜਾਣਕਾਰੀ ਸੀ । ਪਰ ਕਿਤੇ ਵੀ ਉਨ੍ਹਾਂ ਨੇ ਇਸ ਧਰਮ ਨਾਲ ਸੰਬੰਧਿਤ ਧਰਮ-ਪੁਸਤਕਾਂ, ਸੰਪ੍ਰਦਾਵਾਂ, ਅਵਤਾਰ-ਪਰੰਪਰਾਵਾਂ, ਦੇਵੀ-ਦੇਵਤਿਆਂ, ਸਾਧਨਾ-ਪ੍ਰਣਾਲੀਆਂ ਪ੍ਰਤਿ ਆਸਥਾ ਪ੍ਰਗਟ ਨਹੀਂ ਕੀਤੀ । ਜਿਥੇ ਕਿਥੇ ਵੀ ਅਵਸਰ ਮਿਲਿਆ ਹੈ ਇਸ ਦੇ ਰੂੜ੍ਹ ਰੂਪਾਂ/ਪੱਖਾਂ ਦਾ ਦ੍ਰਿੜ੍ਹਤਾ ਪੂਰਵਕ ਖੰਡਨ ਕੀਤਾ ਹੈ। ਹਿੰਦੂ ਧਰਮ ਵਾਂਗ ਗੁਰੂ ਜੀ ਨੇ ਇਸਲਾਮ ਧਰਮ ਪ੍ਰਤਿ ਵੀ ਕੋਈ ਸ਼ਰਧਾ ਨਹੀਂ ਵਿਖਾਈ ਅਤੇ ਨ ਹੀ ਉਸ ਦੇ ਧਰਮ-ਗ੍ਰੰਥਾਂ ਦੀਆਂ ਮਾਨਤਾਵਾਂ ਨੂੰ ਗ੍ਰਹਿਣ ਕਰਨ ਲਈ ਕੋਈ ਗੱਲ ਕਹੀ ਹੈ । ਉਨ੍ਹਾਂ ਨੇ ਇਸ ਧਰਮ ਦੇ ਪ੍ਰਚਾਰਕਾਂ, ਮੁਖੀਆਂ, ਕਾਜ਼ੀਆਂ ਦੇ ਆਚਰਣ ਉਤੇ ਝਾਤ ਪਾ ਕੇ ਉਨ੍ਹਾਂ ਨੂੰ ਸਚਾ ਮੁਸਲਮਾਨ ਬਣਨ ਦੀ ਪ੍ਰੇਰਣਾ ਦਿੱਤੀ ਹੈ ।

ਸਪੱਸ਼ਟ ਹੈ ਕਿ ਗੁਰੂ ਜੀ ਨੇ ਸੰਕੀਰਣ ਅਤੇ ਰੂੜ੍ਹ ਧਾਰਮਿਕ ਪਰੰਪਰਾਵਾਂ ਨੂੰ ਕਿਸੇ ਤਰ੍ਹਾਂ ਦਾ ਕੋਈ ਮਹੱਤਵ ਨਹੀਂ ਦਿੱਤਾ, ਪਰ ਉਹ ਧਰਮ ਦੇ ਵਾਸਤਵਿਕ ਰੂਪ ਦੇ ਵਿਰੁੱਧ ਨਹੀਂ ਸਨ। ਅਸਲ ਵਿਚ, ਉਨ੍ਹਾਂ ਨੇ ਪ੍ਰਚਲਿਤ ਧਰਮਾਂ ਦੇ ਮੁਕਾਬਲੇ ਸਹਿਜ-ਧਰਮ ਨੂੰ ਅਪਣਾਉਣ ਦੀ ਪ੍ਰੇਰਣਾ ਦਿੱਤੀ ਹੈ ।

ਗੁਰੂ ਜੀ ਉਸ ਸਮੇਂ ਦੀ ਸਮਾਜਿਕ ਵਿਵਸਥਾ ਤੋਂ ਵੀ ਸੰਤੁਸ਼ਟ ਨਹੀਂ ਸਨ ਕਿਉਂਕਿ ਉਸ ਨਾਲ ਮਾਨਵ-ਵਿਕਾਸ ਰੁਕ ਗਿਆ ਸੀ । ਉਹ ਵਰਣਾਸ਼੍ਰਮ ਧਰਮ ਵਿਚ ਵਿਸ਼ਵਾਸ ਨ ਕਰਕੇ ਜਾਤਿ-ਪਾਤਿ ਦੇ ਕੱਟੜ ਵਿਰੋਧੀ ਸਨ ਅਤੇ ਗ੍ਰਿਹਸਥ ਧਰਮ ਦੀ ਪਾਲਣਾ ਕਰਨ ਵਿਚ ਰੁਚੀ ਰਖਦੇ ਸਨ । ਉਨ੍ਹਾਂ ਨੇ ਨਾਰੀ ਨੂੰ ਵੀ ਸਮਾਜ ਵਿਚ ਗੌਰਵ-ਪੂਰਣ ਸਥਾਨ ਦਿੱਤਾ ਹੈ । ਸਮਾਜ ਦੀ ਸਥਿਤੀ ਨੂੰ ਸੰਤੁਲਿਤ ਰਖਣ ਲਈ ਉਨ੍ਹਾਂ ਨੇ ਸੇਵਾ ਉਤੇ ਬਲ ਦਿੱਤਾ ਹੈ ਅਤੇ ਭਰਮ-ਪੂਰਣ ਅਤੇ ਕਲਪਨਾ-ਪ੍ਰਸੂਤ ਸਮਾਜਿਕ ਪ੍ਰਥਾਵਾਂ ਨੂੰ ਤਿਆਗ ਕੇ ਸਦਾਚਰਣ ਲਈ ਪ੍ਰੇਰਿਆ ਹੈ । ਸਦਾਚਰਣ ਹੀ ਉਨ੍ਹਾਂ ਦੇ ਆਦਰਸ਼ ਸਮਾਜ ਦੀ ਨੀਂਹ ਹੈ । ਉਨ੍ਹਾਂ ਨੇ ਜਨ-ਸਾਧਾਰਣ ਦੀਆਂ ਅਧਿਆਤਮਿਕ, ਧਾਰਮਿਕ ਅਤੇ ਸਮਾਜਿਕ ਸਮਸਿਆਵਾਂ ਦਾ ਜਿਥੇ ਵਰਣਨ ਕਰਕੇ ਸਮਾਧਾਨ ਪੇਸ਼ ਕੀਤਾ ਹੈ, ਉਥੇ ਉਨ੍ਹਾਂ ਦੀ ਰਾਜਨੈਤਿਕ ਸਥਿਤੀ ਬਾਰੇ ਵੀ ਖੁਲ੍ਹ ਕੇ ਟਿੱਪਣੀ ਦਿੱਤੀ ਹੈ । ਸਪੱਸ਼ਟ ਹੈ ਕਿ ਵਿਚਾਰ-ਧਾਰਕ ਤੌਰ ਤੇ ਗੁਰੂ ਨਾਨਕ ਦੇਵ ਬੜੇ ਜਾਗਰੂਕ ਲੋਕ-ਨਾਇਕ ਸਨ ਜਿਨ੍ਹਾਂ ਨੇ ਕੀ ਦਰਸ਼ਨ, ਕੀ ਸਾਧਨਾ ਅਤੇ ਕੀ ਸਮਾਜ, ਹਰ ਖੇਤਰ ਵਿਚ ਆਪਣੀ ਉਸਾਰੂ ਅਤੇ ਕਲਿਆਣਕਾਰੀ ਛਾਪ ਛੱਡੀ ਹੈ ।

## ਸਾਹਿਤਿਕ ਵਿਸ਼ਿਸ਼ਟਤਾ

ਇਹ ਸਹੀ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਬਾਣੀ ਕਵਿਤਾ ਕਰਨ ਦੇ ਉਦੇਸ਼ ਤੋਂ ਨਹੀਂ ਰਚੀ ਸੀ, ਪਰ ਹੈਰਾਨੀ ਇਸ ਗੱਲ ਦੀ ਹੈ ਕਿ ਇਹ ਬਾਣੀ ਕਾਵਿ ਦੇ ਸਾਰੇ ਮਾਨਦੰਡਾਂ ਉਤੇ ਪੂਰੀ ਉਤਰਦੀ ਹੈ ਅਤੇ ਇਕ ਉਤਮ ਕਾਵਿ ਦੀ ਸਾਖੀ ਭਰਦੀ ਹੈ । ਯੁਗ-ਚਿਤ੍ਰਣ ਜਿਸ ਸਜੀਵ ਅਤੇ ਨਿਰਭੀਕ ਰੂਪ ਵਿਚ ਗੁਰੂ ਜੀ ਦੀ ਬਾਣੀ ਵਿਚ ਹੋਇਆ ਹੈ, ਉਤਨਾ ਕਿਸੇ ਹੋਰ ਸੰਤ ਦੀ ਕਵਿਤਾ ਵਿਚ ਘਟ ਹੀ ਵੇਖਣ ਨੂੰ ਮਿਲਦਾ ਹੈ । ਆਪ ਦੀ ਕਵਿਤਾ ਵਿਚ ਪ੍ਰਕ੍ਰਿਤੀ ਦਾ ਵੀ ਬੜਾ ਅਨੁਭੂਤੀ-ਜਨਕ ਚਿਤ੍ਰਣ ਹੋਇਆ ਹੈ । ਅਸਲ ਵਿਚ, ਜਨਮ ਤੋਂ ਲੈ ਕੇ ਉਦਾਸੀਆਂ ਦੇ ਸਮੇਂ ਤਕ ਅਤੇ ਫਿਰ ਕਰਤਾਰਪੁਰ ਨਿਵਾਸ ਵੇਲੇ ਆਪ ਦਾ ਜੀਵਨ ਕੁਦਰਤ ਦੀ ਗੋਦ ਵਿਚ ਬੀਤਿਆ । ਇਸ ਪ੍ਰਕ੍ਰਿਤੀ ਦਾ ਘੇਰਾ ਪੰਜਾਬ ਤਕ ਸੀਮਿਤ ਨਹੀਂ ਸਗੋਂ ਸਾਰੇ ਭਾਰਤ ਅਤੇ ਕੁਝ ਬਾਹਰਲੇ ਦੇਸ਼ਾਂ ਦੀ ਪ੍ਰਕ੍ਰਿਤੀ ਨੂੰ ਮਾਣਨ ਦਾ ਅਵਸਰ ਵੀ ਗੁਰੂ ਜੀ ਨੂੰ ਮਿਲਿਆ ਸੀ । ਗੁਰੂ ਨਾਨਕ ਬਾਣੀ ਵਿਚ ਨਿਰੂਪਿਤ ਭਗਤੀ-ਰਸ ਮਧੁਰ-ਭਗਤੀ ਨੂੰ ਸਥਾਪਿਤ ਕਰਦਾ ਹੈ ਕਿਉਂਕਿ ਸਰਬਤ੍ਰ ਪਤੀ-ਪਤਨੀ ਵਾਲੇ ਦੰਪਤਿਕ ਸੰਬੰਧ ਦੀ ਅਭਿਵਿਅਕਤੀ ਹੋਈ ਹੈ । ਇਸ ਵਿਚ ਕੋਈ ਸੰਦੇਹ ਨਹੀਂ ਕਿ ਉਨ੍ਹਾਂ ਦੀ ਬਾਣੀ ਵਿਚਲੇ ਅਨੇਕ ਸ਼ਬਦਾਂ ਵਿਚ ਸ਼ਾਂਤ-ਰਸੀ ਭੂਮਿਕਾ ਅੰਤ ਵਿਚ ਮਧੁਰ -ਭਾਵ ਵਿਚ ਸਮਾਉਂਦੀ ਹੈ, ਇਸ ਲਈ ਗੁਰੂ ਨਾਨਕ ਬਾਣੀ ਦਾ ਮੁੱਖ ਰਸ ਭਗਤੀ-ਰਸ ਹੈ । ਗੁਰੂ ਜੀ ਨੇ ਆਪਣੇ ਆਪ ਨੂੰ ਪਤਨੀ ਰੂਪ ਵਿਚ ਪੇਸ਼ ਕੀਤਾ ਹੈ । ਉਹ ਪਰਮਾਤਮਾ ਨੂੰ ਯਾਦ ਕਰਦੀ ਹੈ, ਉਸ ਦਾ ਯਸ਼ ਗਾਉਂਦੀ ਹੈ, ਉਸ ਦੇ ਬਿਰਹ ਵਿਚ ਵਿਆਕੁਲ ਹੁੰਦੀ ਹੈ । ਇਹ ਭਗਤੀ-ਰਸ ਦੀ ਸਾਧਨ ਅਵਸਥਾ ਹੈ । ਜਦੋਂ ਉਹ ਪਰਮਾਤਮਾ ਦਾ ਸੰਯੋਗ ਪ੍ਰਾਪਤ ਕਰਕੇ ਉਸ ਵਿਚ ਮਗਨ ਹੋ ਜਾਂਦੀ ਹੈ ਤਾਂ ਉਦੋਂ ਭਗਤੀ-ਰਸ ਆਪਣੀ ਸਿੱਧੀ ਨੂੰ ਪ੍ਰਾਪਤ ਹੁੰਦਾ ਹੈ ।

ਗੁਰੂ ਜੀ ਨੇ ਆਪਣੀ ਬਾਣੀ ਵਿਚ ਭਗਤੀ ਦੇ ਸਥਾਈ ਭਾਵ ਪ੍ਰੇਮ (ਉਜਵਲ ਰਤਿ) ਦੇ ਉਪਜਣ ਅਤੇ ਦ੍ਵੈਤ-ਭਾਵ ਦੇ ਖ਼ਤਮ ਹੋਣ ਲਈ ਗੁਰੂ ਦੀ ਸਹਾਇਤਾ ਦੀ ਸਥਾਪਨਾ ਕੀਤੀ ਹੈ ਬਿਨੁ ਗੁਰ ਪ੍ਰੀਤਿ ਨ ਉਪਜੈ ਹਉਮੈ ਮੈਲੁ ਨ ਜਾਇ । (ਗੁ.ਗ੍ਰੰ60) । ਵਿਆਹ ਦੇ ਰੂਪਕ ਰਾਹੀਂ ਗੁਰੂ ਜੀ ਨੇ ਭਗਤੀ-ਰਸ ਦੀ ਸਿੱਧ ਅਵਸਥਾ ਨੂੰ ਬੜੀ ਕਲਾਤਮਕ ਜੁਗਤ ਨਾਲ ਪੇਸ਼ ਕੀਤਾ ਹੈ । ਸਪੱਸ਼ਟ ਹੈ ਕਿ ਗੁਰੂ ਨਾਨਕ ਬਾਣੀ ਵਿਚ ਭਗਤੀ-ਰਸ ਦੀ ਸਾਧਨ ਅਤੇ ਸਿੱਧ ਦੋਹਾਂ ਅਵਸਥਾਵਾਂ ਦਾ ਬੜੇ ਵਿਸਤਾਰ, ਗੰਭੀਰਤਾ ਅਤੇ ਤੀਬਰਤਾ ਨਾਲ ਚਿਤ੍ਰਣ ਹੋਇਆ ਹੈ ।

ਗੁਰੂ ਜੀ ਦੀ ਬਾਣੀ ਭਾਵੇਂ ਸ੍ਰੇਸ਼ਠ ਕਾਵਿ ਦਾ ਸੁੰਦਰ ਨਮੂਨਾ ਪੇਸ਼ ਕਰਦੀ ਹੈ, ਪਰ ਉਹ ਛੰਦ ਦੀ ਕੈਦ ਨੂੰ ਸਵੀਕਾਰ ਨਹੀਂ ਕਰਦੀ । ਅਸਲ ਵਿਚ, ਸ਼ਾਸਤ੍ਰੀ ਦ੍ਰਿਸ਼ਟੀ ਤੋਂ ਕਵਿਤਾ ਕਰਨਾ ਗੁਰੂ ਜੀ ਦਾ ਜੀਵਨ-ਮਨੋਰਥ ਨਹੀਂ ਸੀ । ਉਨ੍ਹਾਂ ਨੇ ਤਾਂ ਆਪਣੀ ਰਹੱਸ-ਅਨੁਭੂਤੀ ਅਤੇ ਉਪਦੇਸ਼ ਨੂੰ ਜਿਗਿਆਸੂਆਂ ਨਾਲ ਸਾਂਝਾ ਕਰਨਾ ਸੀ, ਇਸ ਲਈ ਅਪਭ੍ਰੰਸ਼ ਦੇ ਕਵੀਆ ਅਤੇ ਨਾਥ-ਯੋਗੀਆਂ ਤੋਂ ਚਲੀ ਆ ਰਹੀ ਛੰਦਾਬੰਦੀ ਦੀ ਪਰੰਪਰਾ ਨੂੰ ਅਪਣਾਇਆ । ਇਸ ਵਿਚ ਕੋਈ ਸੰਦੇਹ ਨਹੀਂ ਕਿ ਗੁਰੂ ਜੀ ਦੀ ਬਾਣੀ ਅਧਿਕਤਰ ਕਿਸੇ ਛੰਦ ਦੀ ਸੀਮਾ ਨੂੰ ਸਵੀਕਾਰ ਨਹੀਂ ਕਰਦੀ ਪਰ ਉਂਜ ਪੁਰਾਤਨ ਛੰਦਾਂ ਨਾਲ ਜੇ ਕੋਈ ਸਮੀਪਤਾ ਮਿਲਦੀ ਹੈ, ਤਾਂ ਕੇਵਲ ਮਾਤ੍ਰਿਕ ਛੰਦਾਂ ਨਾਲ । ਆਪ ਨੇ ਪਿੰਗਲ ਅਨੁਸਾਰ ਛੰਦ-ਯੋਜਨਾ ਨ ਕਰਕੇ ਆਪਣੇ ਭਾਵਾਂ ਦੁਆਰਾ ਉਸ ਨੂੰ ਅਨੁਸ਼ਾਸਿਤ ਕੀਤਾ ਹੈ ।

ਬਾਣੀ ਦੀ ਬੁਨਿਆਦੀ ਲੋੜ ਰਾਗ ਹੈ । ਸੰਗੀਤ ਦੀਆਂ ਸੁਰਾਂ ਵਿਚ ਮਾਤ੍ਰਿਕ ਵਾਧ-ਘਾਟ ਆਪਣੇ ਆਪ ਲੀਨ ਹੋ ਜਾਂਦੀ ਹੈ । ਗੁਰੂ ਜੀ ਨੇ 20 ਰਾਗਾਂ ਵਿਚ ਆਪਣੀ ਬਾਣੀ ਉਚਾਰ ਕੇ ਇਨ੍ਹਾਂ ਸਾਰਿਆਂ ਉਤੇ ਆਪਣੇ ਅਬੂਰ ਨੂੰ ਸਪੱਸ਼ਟ ਕਰ ਦਿੱਤਾ ਹੈ । ਇਹ ਰਾਗ ਨ ਤਾਂ ਸ਼ਾਸਤ੍ਰੀ ਪਰੰਪਰਾ ਨੂੰ ਸਵੀਕਾਰ ਕਰਦੇ ਹਨ ਅਤੇ ਨ ਹੀ ਗੁਰੂ ਗ੍ਰੰਥ ਸਾਹਿਬ ਦੇ ਅੰਤ ਉਤੇ ਦਿੱਤੀ ਰਾਗਮਾਲਾ ਨਾਲ ਅਨੁਸਾਰਤਾ ਰਖਦੇ ਹਨ। ਗੁਰੂ ਜੀ ਆਪ ਰਾਗ ਦੇ ਮਹੱਤਵ ਨੂੰ ਸਮਝਦੇ ਸਨ ਅਤੇ ਰਾਗ ਆਦਿ ਸੂਖਮ ਕਲਾਵਾਂ ਤੋਂ ਵਿਛੁੰਨਿਆਂ ਲਈ ਉਨ੍ਹਾਂ ਦੇ ਮਨ ਵਿਚ ਕੋਈ ਆਦਰ ਨਹੀਂ ਸੀ ਇਕਨਾ ਨਾਦ ਨ ਬੇਦ ਨ ਗੀਅ ਰਸੁ ਰਸ ਕਸ ਨ ਜਾਣੰਤਿ । ਇਕਨਾ ਸੁਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ । ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ। (ਗੁ.ਗ੍ਰੰ.1246)। ਸਪੱਸ਼ਟ ਹੈ ਕਿ ਗੁਰੂ ਜੀ ਦੀ ਕਾਵਿ- ਪ੍ਰਤਿਭਾ ਰਾਗ ਦੇ ਅਨੁਸ਼ਾਸਨ ਨੂੰ ਅਪਣਾ ਕੇ ਚਲੀ ਹੈ ।

ਮੱਧ-ਯੁਗ ਦੇ ਹੋਰ ਵੀ ਅਨੇਕ ਸੰਤਾਂ/ਭਗਤਾਂ ਨੇ ਸੰਗੀਤ ਪ੍ਰਤਿ ਆਪਣੀ ਰੁਚੀ ਨੂੰ ਪ੍ਰਗਟ ਕਰਦਿਆਂ ਕਈ ਰਾਗਾਂ ਵਿਚ ਆਪਣੀਆਂ ਬਾਣੀਆਂ ਰਚੀਆਂ ਹਨ, ਪਰ ਉਨ੍ਹਾਂ ਵਿਚ ਨ ਤਾਂ ਗੁਰੂ ਨਾਨਕ ਬਾਣੀ ਜਿਤਨੀ ਰਾਗਮਇਤਾ ਹੈ, ਨ ਕੋਈ ਵਿਸ਼ੇਸ਼ ਵਿਧੀ ਹੈ ਅਤੇ ਨ ਹੀ ਕਿਸੇ ਪ੍ਰਕਾਰ ਦੀ ਸਮਨਵੈ-ਭਾਵਨਾ ਹੈ। ਟੇਕ ਦੀ ਥਾਂ ਤੇ ਗੁਰੂ ਜੀ ਨੇ ਰਹਾਉ ਸ਼ਬਦ ਵਰਤਿਆ ਹੈ।

ਗੁਰੂ ਨਾਨਕ ਬਾਣੀ ਵਿਚ ਕਾਵਿ-ਰੂਪਾਂ ਦਾ ਵੀ ਬੜੀ ਜੁਗਤ ਨਾਲ ਪ੍ਰਯੋਗ ਹੋਇਆ ਹੈ । ਗੁਰੂ ਜੀ ਨੇ ਆਪਣੀ ਰਹੱਸ-ਅਨੁਭੂਤੀ ਨੂੰ ਪ੍ਰਗਟਾਉਣ ਲਈ ਯੁਗ ਦੀਆਂ ਲੋੜਾਂ ਨੂੰ ਸਾਹਮਣੇ ਰਖ ਕੇ ਪਰੰਪਰਾ ਤੋਂ ਪ੍ਰਾਪਤ ਕਾਵਿ-ਰੂਪਾਂ ਨੂੰ ਲੋਕ-ਕਾਵਿ ਦੇ ਰੂਪਾਂ ਨਾਲ ਇਕਸੁਰ ਕੀਤਾ ਹੈ । ਸਥੂਲ ਤੌਰ ਤੇ ਕਾਵਿ-ਰੂਪਾਂ ਨੂੰ ਦੋ ਵਰਗਾਂ ਵਿਚ ਵੰਡਿਆ ਜਾਂਦਾ ਹੈ ਬੰਧਗਤ ਕਾਵਿ-ਰੂਪ ਅਤੇ ਸ਼ੈਲੀਗਤ ਕਾਵਿ-ਰੂਪ । ਬੰਧਗਤ-ਕਾਵਿ-ਰੂਪ ਉਹ ਹਨ ਜਿਨ੍ਹਾਂ ਵਿਚ ਗੁਰੂ ਜੀ ਨੇ ਇਕ ਨਿਸ਼ਚਿਤ ਸੀਮਾ ਅਤੇ ਯੋਜਨਾ ਵਿਚ ਭਾਵਾਂ ਨੂੰ ਪੇਸ਼ ਕੀਤਾ ਹੈ। ਇਸ ਪ੍ਰਕਾਰ ਦੀਆਂ ਰਚਨਾਵਾਂ ਹਨ ਜਪੁਜੀ, ਸਿਧ-ਗੋਸਟਿ, ਓਅੰਕਾਰ, ਪਟੀ, ਬਾਰਹਮਾਹਾ, ਥਿਤੀ ਅਤੇ ਵਾਰਾਂ। ਦੂਜਾ ਸ਼ੈਲੀਗਤ ਕਾਵਿ-ਰੂਪ ਹੈ। ਇਸ ਵਿਚ ਆਕਾਰ ਵਜੋਂ ਛੋਟੇ, ਬੰਧ ਤੋਂ ਮੁਕਤ ਅਤੇ ਅਭਿਵਿਅਕਤੀ ਵਿਚ ਅਦੁੱਤੀ ਖਿਚ ਰਖਣ ਵਾਲੇ ਸ਼ਬਦ ਸ਼ਾਮਲ ਕੀਤੇ ਜਾਂਦੇ ਹਨ । ਗੁਰੂ ਜੀ ਨੇ ਧਾਰਮਿਕ ਅਤੇ ਲੋਕ-ਕਾਵਿ ਪਰੰਪਰਾਵਾਂ ਤੋਂ ਸ਼ੈਲੀਗਤ ਕਾਵਿ-ਰੂਪ ਗ੍ਰਹਿਣ ਕਰਕੇ ਆਪਣੇ ਭਾਵਾਂ ਨੂੰ ਸੁੰਦਰ ਢੰਗ ਨਾਲ ਪ੍ਰਗਟਾਇਆ ਹੈ। ਕੁਝ ਕੁ ਸ਼ੈਲੀਗਤ ਕਾਵਿ -ਰੂਪ ਇਸ ਪ੍ਰਕਾਰ ਹਨ: ਚਉਪਦੇ, ਅਸ਼ਟਪਦੀਆਂ, ਸੋਲਹੇ, ਛੰਤ। ਗੁਰੂ ਨਾਨਕ ਦੇਵ ਚੂੰਕਿ ਦੇਸ਼-ਵਿਦੇਸ਼ ਬਹੁਤ ਘੁੰਮੇ ਸਨ, ਇਸ ਲਈ ਉਨ੍ਹਾਂ ਦਾ ਉਪਮਾਨ-ਖੇਤਰ ਬਹੁਤ ਵਿਸ਼ਾਲ ਹੈ। ਉਨ੍ਹਾਂ ਦੀ ਅਲੰਕਾਰ-ਯੋਜਨਾ ਸਹਿਜ ਸੁਭਾਵਿਕ ਹੈ ਅਤੇ ਆਤਮਾ-ਪਰਮਾਤਮਾ ਦੇ ਪ੍ਰੇਮ-ਸੰਬੰਧ ਦੇ ਇਰਦ ਗਿਰਦ ਘੁੰਮਦੀ ਹੈ ਅਤੇ ਹੈ ਸਭ ਕੁਝ ਲੋਕ-ਮਨ ਦੀ ਪੱਧਰ ਦਾ । ਇਹ ਉਪਮਾਨ ਨਵੇਂ,ਵੰਨ-ਸੁਵੰਨੇ ਅਤੇ ਜਨ-ਜੀਵਨ ਨਾਲ ਸੰਬੰਧਿਤ ਹਨ। ਮੂਰਤ ਉਪਮਾਨਾਂ ਦੀ ਪ੍ਰਧਾਨਤਾ ਹੈ ।

ਗੁਰੂ ਜੀ ਨੇ ਆਪਣੇ ਅਧਿਆਤਮਿਕ ਵਿਚਾਰਾਂ ਲਈ ਪ੍ਰਤੀਕਾਂ ਦੀ ਵੀ ਕਾਫ਼ੀ ਵਰਤੋਂ ਕੀਤੀ ਹੈ। ਮੁੱਖ ਤੌਰ ਤੇ ਪਤੀ-ਪਤਨੀ ਵਾਲਾ ਪ੍ਰਤੀਕ ਵਰਤਿਆ ਹੈ। ਇਨ੍ਹਾਂ ਪ੍ਰਤੀਕਾਂ ਨੇ ਗੁਰੂ ਜੀ ਦੀ ਬਾਣੀ ਨੂੰ ਬਹੁਤ ਭਾਵਨਾਮਈ ਬਣਾਇਆ ਹੈ, ਪਰ ਕਿਤੇ ਵੀ ਵਾਸਨਾ ਦੀ ਦੁਰਗੰਧ ਨਹੀਂ ਮਿਲਦੀ। ਸਭ ਥਾਂ ਵਿਰਹ ਅਤੇ ਸੰਯੋਗ ਦੇ ਰਸ-ਭਿੰਨੇ ਚਿੱਤਰ ਆਪਣੀ ਪੂਰੀ ਸਾਤਵਿਕਤਾ ਅਤੇ ਪਵਿੱਤਰਤਾ ਨਾਲ ਵਿਦਮਾਨ ਹਨ। ਅਨੇਕ ਥਾਂਵਾਂ ਉਤੇ ਅਲੌਕਿਕ ਅਥਵਾ ਅਧਿਆਤਮਿਕ ਵਿਆਹ ਅਤੇ ਸੰਯੋਗ ਸੁਖ ਦਾ ਪ੍ਰਗਟਾਵਾ ਇਨ੍ਹਾਂ ਪ੍ਰਤੀਕਾਂ ਦੁਆਰਾ ਹੀ ਹੋਇਆ ਹੈ । ਪਤੀ-ਪਤਨੀ ਦੇ ਪ੍ਰਤੀਕ ਤੋਂ ਇਲਾਵਾ ਗੁਰੂ ਜੀ ਨੇ ਪੁੱਤਰ ਅਤੇ ਮਾਤਾ-ਪਿਤਾ, ਦਾਸ ਅਤੇ ਸੁਆਮੀ ਵਾਲੇ ਪ੍ਰਤੀਕਾਂ ਨੂੰ ਵੀ ਵਰਤਿਆ ਹੈ। ਇਨ੍ਹਾਂ ਵਿਚ ਵਤਸਲਤਾ ਅਤੇ ਦਾਸ ਦੋਹਾਂ ਤਰ੍ਹਾਂ ਦੀਆਂ ਭਾਵਨਾਵਾਂ ਨੂੰ ਅਭਿਵਿਅਕਤੀ ਮਿਲੀ ਹੈ । ਪੌਰਾਣਿਕ ਪ੍ਰਤੀਕ ਵੀ ਵਰਤੇ ਗਏ ਹਨ, ਪਰ ਸਭ ਤੋਂ ਅਧਿਕ ਯੋਗ-ਮਤ ਨਾਲ ਸੰਬੰਧਿਤ ਸੰਕੇਤਿਕ ਜਾਂ ਪਰਿਭਾਸ਼ਿਕ ਪ੍ਰਤੀਕ ਮਿਲਦੇ ਹਨ।

ਅਧਿਆਤਮਿਕ ਅਨੁਭੂਤੀ ਦੇ ਪ੍ਰਗਟਾਵੇ ਲਈ ਬਿੰਬ ਦਾ ਵਿਸ਼ੇਸ਼ ਯੋਗਦਾਨ ਰਹਿੰਦਾ ਹੈ । ਗੁਰੂ ਨਾਨਕ ਦੇਵ ਦੁਆਰਾ ਆਪਣੀ ਬਾਣੀ ਵਿਚ ਵਰਤੀ ਬਿੰਬਾਵਲੀ ਇਕ ਪ੍ਰਕਾਰ ਦਾ ਦਰਪਣ ਹੈ ਜਿਸ ਵਿਚੋਂ ਉਨ੍ਹਾਂ ਦੇ ਹਿਰਦੇ, ਬੁੱਧੀ ਅਤੇ ਸਮੁੱਚੇ ਵਿਅਕਤਿਤਵ ਨੂੰ ਪੂਰੀ ਤਰ੍ਹਾਂ ਵੇਖਿਆ ਜਾ ਸਕਦਾ ਹੈ । ਇਸ ਨਾਲ ਨ ਕੇਵਲ ਭਾਵਨਾਵਾਂ ਨੂੰ ਉਕਸਾਹਟ ਮਿਲੀ ਹੈ, ਸਗੋਂ ਜਿਗਿਆਸੂ ਦੀ ਕਲਪਨਾ ਨੂੰ ਜਗਾ ਕੇ ਅਲੌਕਿਕ ਭਾਵ-ਭੂਮੀ ਉਤੇ ਖੜਾ ਕੀਤਾ ਗਿਆ ਹੈ । ਆਪ ਦੇ ਬਿੰਬ ਰੂਪ-ਰੰਗ ਵਿਚ ਸਰਲ, ਸਹਿਜ ਅਤੇ ਸੁਬੋਧ ਹਨ । ਇਨ੍ਹਾਂ ਵਿਚ ਪ੍ਰਭਾਵਸ਼ਾਲਤਾ , ਤੀਬਰਤਾ ਅਤੇ ਸ਼ਕਤੀ ਬਹੁਤ ਅਧਿਕ ਹੈ । ਕਿਸੇ ਵੀ ਭਾਵ ਅਤੇ ਵਾਤਾਵਰਣ ਨਾਲ ਸੰਬੰਧਿਤ ਬਿੰਬਾਵਲੀ ਕਿਉਂ ਨ ਹੋਵੇ, ਉਸ ਦਾ ਪ੍ਰਭਾਵ ਸਦਾ ਇਕ-ਸਮਾਨ ਰਿਹਾ ਹੈ । ਆਪ ਨੇ ਅਧਿਕਤਰ ਪ੍ਰਤੀਕ ਪ੍ਰਕ੍ਰਿਤੀ, ਸਾਧਾਰਣ ਜਨ-ਜੀਵਨ ਅਤੇ ਸਮਾਜਿਕ ਸਥਿਤੀਆਂ ਤੋਂ ਲਏ ਹਨ ।

ਬਾਣੀਕਾਰ ਜਾਂ ਕਵੀ ਨੂੰ ਆਪਣੇ ਕਾਵਿ-ਕਰਮ ਵਿਚ ਸਫਲਤਾ ਦੇ ਮਾਰਗ ਉਤੇ ਅਗੇ ਤੋਰਨ ਵਾਲਾ ਸਾਧਨ ਭਾਸ਼ਾ ਹੈ । ਗੁਰੂ ਨਾਨਕ ਦੇਵ ਇਕ ਚੇਤਨ ਲੋਕ-ਨਾਇਕ ਸਨ । ਆਪਣੀ ਭਾਸ਼ਾ ਲਈ ਉਨ੍ਹਾਂ ਦੇ ਮਨ ਵਿਚ ਬਹੁਤ ਆਦਰ ਸੀ । ਆਪਣੀ ਭਾਸ਼ਾ ਦੀ ਨਿਰਾਦਰੀ ਕਰਨ ਵਾਲੇ ਲੋਕਾਂ ਨੂੰ ਗੁਰੂ ਜੀ ਨੇ ਕਿਸੇ ਪ੍ਰਕਾਰ ਦਾ ਕੋਈ ਮਹੱਤਵ ਨਹੀਂ ਦਿੱਤਾ ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ । (ਗੁ.ਗ੍ਰੰ.663) । ਗੁਰੂ ਜੀ ਨੇ ਜਨ-ਜਾਗਰਣ ਦੀ ਜੋ ਮੁਹਿੰਮ ਸ਼ੁਰੂ ਕੀਤੀ ਸੀ, ਉਸ ਦਾ ਸੰਦੇਸ਼ ਕਿਸੇ ਸ਼ਾਸਤ੍ਰੀ ਭਾਸ਼ਾ ਵਿਚ ਦੇਣਾ ਅਨੁਚਿਤ ਸੀ । ਇਸ ਨਾਲ ਉਦਿਸ਼ਟ ਫਲ-ਪ੍ਰਾਪਤੀ ਅਸੰਭਵ ਸੀ । ਭਾਸ਼ਾਈ ਸੰਕ੍ਰਾਂਤੀ ਦੀ ਉਸ ਬੇਲਾ ਵਿਚ ਪੁਰਾਤਨ ਭਾਸ਼ਾਵਾਂ ਦੇ ਖੰਡਰਾਂ ਉਤੇ ਉਸਰੀ ਪੰਜਾਬੀ ਭਾਸ਼ਾ ਨੂੰ ਗੁਰੂ ਜੀ ਨੇ ਜਨ-ਜੀਵਨ ਨਾਲ ਪੂਰੀ ਤਰ੍ਹਾਂ ਸੰਪਰਕ ਬਣਾਈ ਰਖਣ ਲਈ ਵਰਤਿਆ ।

ਆਪ ਵਲੋਂ ਵਰਤੀ ਗਈ ਪੰਜਾਬੀ ਦਾ ਰੂਪ ਪੂਰਬੀ ਪੰਜਾਬੀ ਵਾਲਾ ਹੈ, ਪਰ ਉਹ ਲਹਿੰਦੀ ਦੇ ਪ੍ਰਭਾਵ ਨੂੰ ਵੀ ਗ੍ਰਹਿਣ ਕਰਕੇ ਚਲੀ ਹੈ । ਕਈਆਂ ਰਚਨਾਵਾਂ/ਸ਼ਬਦਾਂ ਵਿਚ ਗੁਰੂ ਜੀ ਨੇ ਪੰਜਾਬੀ ਪ੍ਰਭਾਵਿਤ ਸਧੁੱਕੜੀ ਨੂੰ ਵੀ ਵਰਤਿਆ ਹੈ ਕਿਉਂਕਿ ਪੰਜਾਬ ਤੋਂ ਬਾਹਰਲੇ ਲੋਕਾਂ ਤਕ ਆਪਣਾ ਸੰਦੇਸ਼ ਪਹੁੰਚਾਉਣ ਲਈ ਇਹ ਇਕ ਪ੍ਰਕਾਰ ਦੀ ਸਾਂਝੀ ਭਾਸ਼ਾ ਸੀ । ਸਪੱਸ਼ਟ ਹੈ ਕਿ ਗੁਰੂ ਜੀ ਨੇ ਆਪਣੀ ਬਾਣੀ ਦੀ ਭਾਸ਼ਾ ਪੰਜਾਬ ਦੀ ਧਰਤੀ ਤੋਂ ਜਨਮ ਲੈ ਕੇ ਦੇਸ਼-ਵਿਦੇਸ਼ ਦਾ ਅੰਸ਼ ਗ੍ਰਹਿਣ ਕਰਦੀ ਚਕਰਵਰਤੀ ਬਿਹੰਗਮ ਸਾਧੂਆਂ ਦੀ ਬੋਲੀ ਦਾ ਰੂਪ ਧਾਰਣ ਕਰ ਗਈ । ਇਸ ਲਈ ਗੁਰੂ ਜੀ ਦੀ ਭਾਸ਼ਾ ਜਿਥੇ ਪੰਜਾਬੀ ਭਾਸ਼ਾ ਦਾ ਗੌਰਵ ਵਧਾ ਕੇ ਉਸ ਨੂੰ ਸਾਹਿਤਿਕ ਮੂੰਹ-ਮਥਾ ਪ੍ਰਦਾਨ ਕਰਦੀ ਹੈ, ਉਥੇ ਉਨ੍ਹਾਂ ਦੇ ਉਪਦੇਸ਼ਾਂ ਨੂੰ ਹੋਰਨਾਂ ਖੇਤਰਾਂ ਵਿਚ ਸਮਝਣ ਦੇ ਯੋਗ ਬਣਾਉਂਦੀ ਹੈ ।

ਗੁਰੂ ਨਾਨਕ ਦੇਵ ਦਾ ਭਾਸ਼ਾ ਉਤੇ ਇਤਨਾ ਅਧਿਕਾਰ ਸੀ ਕਿ ਉਨ੍ਹਾਂ ਨੇ ਆਪਣੇ ਭਾਵਾਂ ਦਾ ਜੋ ਰੰਗ ਜਿਵੇਂ ਵੀ ਭਰਨਾ ਚਾਹਿਆ, ਭਾਸ਼ਾ ਨੇ ਉਸ ਨੂੰ ਸਵੀਕਾਰ ਕਰਕੇ ਆਪਣੇ ਗੌਰਵ ਨੂੰ ਵਧਾਇਆ । ਇਸੇ ਲਈ ਕਿਸੇ ਵਿਦਵਾਨ ਨੇ ਆਪ ਦੀ ਭਾਸ਼ਾ ਨੂੰ ਅਸਾਧਾਰਣ ਕਿਹਾ, ਕਿਸੇ ਬਹੁ- ਰੂਪਣੀ ਅਤੇ ਕਿਸੇ ਨੇ ਸਰਬ ਸਾਂਝੀ ਬੋਲੀ । ਸੁੰਦਰ ਵਰਣ-ਯੋਜਨਾ, ਗੁਣਾਂ, ਸ਼ਬਦ-ਸ਼ਕਤੀਆਂ, ਮੁਹਾਵਰਿਆਂ, ਅਖਾਣਾਂ, ਸੁਬੋਲਾਂ, ਸ਼ਬਦਾਲੰਕਾਰਾਂ ਨੇ ਗੁਰੂ ਜੀ ਦੇ ਉਪਦੇਸ਼ਾਂ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਜਨ-ਮਨ ਵਿਚ ਦ੍ਰਿੜ੍ਹ ਕੀਤਾ ।

ਸੰਖੇਪ ਵਿਚ ਗੁਰੂ ਨਾਨਕ ਦੇਵ ਨੇ ਆਪਣੇ ਜੀਵਨ ਅਤੇ ਬਾਣੀ ਰਾਹੀਂ ਲੋਕ-ਚੇਤਨਾ ਪੈਦਾ ਕਰਕੇ ਇਕ ਨਵੇਂ ਸਭਿਆਚਾਰ ਨੂੰ ਸਿਰਜਣ ਲਈ ਤਿਆਰ ਕੀਤਾ । ਪੰਜਾਬੀ ਵਿਚ ਕਾਵਿ-ਰਚਨਾ ਕਰਕੇ ਇਸ ਨੂੰ ਭਾਵਾਭਿਵਿਅਕਤੀ ਦਾ ਸਾਧਨ ਬਣਾਇਆ । ਗੁਰੂ ਨਾਨਕ ਦੇਵ ਨਵੇਂ ਸਭਿਆਚਾਰ ਦੇ ਨ ਕੇਵਲ ਸਥਾਪਕ ਹੀ ਹਨ, ਸਗੋਂ ਪੰਜਾਬੀ ਭਾਸ਼ਾ ਦੇ ਵਿਕਾਸ ਦੇ ਮੋਢੀ ਵੀ ਹਨ । ਉਨ੍ਹਾਂ ਨੇ ਆਪਣੇ ਅਧਿਆਤਮਿਕ ਵਿਚਾਰਾਂ ਰਾਹੀਂ ਸੱਚੀ ਪੰਜਾਬੀਅਤ ਨੂੰ ਸਥਾਪਿਤ ਕਰਨ ਦਾ ਯਤਨ ਕੀਤਾ । ਇਸ ਤਰ੍ਹਾਂ ਉਨ੍ਹਾਂ ਨੇ ਆਪਣੀ ਬਾਣੀ ਰਾਹੀਂ ਖੜੋਤ ਨੂੰ ਖ਼ਤਮ ਕਰਕੇ ਨਵੇਂ ਅਤੇ ਨਰੋਏ ਜੀਵਨ ਦਾ ਬਿਗਲ ਵਜਾਇਆ ।

ਲੇਖਕ : ਡਾ. ਰਤਨ ਸਿੰਘ ਜੱਗੀ

# ਨਾਮਦੇਇ ਸਿਮਰਨੁ ਕਰ ਜਾਨਾ ॥



ਭਗਤੀ ਲਹਿਰ ਦੇ ਮੋਢੀ ਸੰਤਾਂ ਵਿਚ ਮੰਨੇ ਗਏ ਭਗਤ ਨਾਮਦੇਵ ਜੀ ਦਾ ਜਨਮ ਮਹਾਰਾਸ਼ਟਰ ਦੇ ਜ਼ਿਲ੍ਹਾ ਸਤਾਰਾ ਦੇ ਪਿੰਡ ਨਰਸੀ ਬਾਮਨੀ ਵਿਚ 26 ਅਕਤੂਬਰ 1270 ਈਸਵੀ ਨੂੰ ਹੋਇਆ। ਆਪ ਜੀ ਦੇ ਮਾਤਾ ਜੀ ਦਾ ਨਾਮ ਗੋਨਾਬਾਈ ਅਤੇ ਪਿਤਾ ਜੀ ਦਾ ਨਾਮ ਦਾਮਾਸ਼ੇਟੀ ਸੀ। ਆਪ ਜੀ ਦਾ ਪਰਿਵਾਰ ਭਗਵਾਨ ਵਿਠੱਲ ਦਾ ਭਗਤ ਸੀ। ਨਾਮਦੇਵ ਜੀ ਦਾ ਵਿਆਹ ਗੋਬਿੰਦਸੇਟੀ ਦੀ ਪੁੱਤਰੀ ਰਾਜਬਾਈ ਨਾਲ ਹੋਇਆ, ਜਿਸ ਤੋਂ ਉਹਨਾਂ ਦੇ ਚਾਰ ਪੁੱਤਰ ਅਤੇ ਇੱਕ ਪੁੱਤਰੀ ਦਾ ਜਨਮ ਹੋਇਆ ਜਿਹਨਾਂ 'ਪੁੱਤਰਾਂ ਦੇ ਨਾਮ ਨਾਰਾਇਣ, ਮਹਾਂਦੇਵ, ਗੋਬਿੰਦ ਅਤੇ ਵਿੱਠਲ ਅਤੇ ਪੁੱਤਰੀ ਦਾ ਨਾਮ ਲਿੰਬਾ ਬਾਈ ਸੀ । ਭਗਤ ਨਾਮਦੇਵ ਜੀ ਛੀਂਬਾ ਜਾਤੀ ਨਾਲ ਸੰਬੰਧ ਰੱਖਦੇ ਸਨ, ਜੋ ਉਸ ਸਮੇ ਦੀ ਵਰਣ ਵੰਡ ਅਨੁਸਾਰ ਨੀਵੀਂ ਜਾਤ ਵਜੋਂ ਗਿਣੀ ਜਾਂਦੀ ਸੀ। ਭਗਤ ਜੀ ਨੇ ਕੱਪੜੇ ਰੰਗਣ ਅਤੇ ਸਿਊਣ ਦਾ ਪਿਤਾ ਪੁਰਖੀ ਕੰਮ ਪੂਰੀ ਮਿਹਨਤ ਅਤੇ ਇਮਾਨਦਾਰੀ ਨਾਲ ਕੀਤਾ।

ਨਾਮਦੇਵ ਨਾਮ ਦੇ ਪੰਜ ਸੰਤ ਕਵੀ ਹੋਏ ਹਨ ਪਰ ਅਸੀਂ ਆਪਣਾ ਧਿਆਨ ਸਿਰਫ ਉਸ ਨਾਮਦੇਵ ਵੱਲ ਲਾਵਾਂਗੇ ਜੋ ਨਿਰਗੁਣ ਬ੍ਰਹਮ ਦਾ ਉਪਾਸ਼ਕ ਹੈ, ਪੱਥਰ ਪੂਜਕ ਨਹੀਂ ਅਤੇ ਜਿਸ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ। ਨਾਮਦੇਵ ਜੀ ਦੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਮਿਲਦੀ ਰਚਨਾ ਬਾਰੇ ਅਸੀਂ ਵਿਚਾਰ ਨਹੀਂ ਕਰਾਂਗੇ ਕਿਉਂਕਿ ਉਸ ਦੇ ਪ੍ਰਮਾਣਿਤ ਹੋਣ ਦਾ ਵੀ ਕੋਈ ਭਰੋਸਾ ਨਹੀਂ ।

**ਭਗਤ ਨਾਮਦੇਵ ਜੀ ਦੀ ਬਾਣੀ :-** ਮਹਾਰਾਸ਼ਟਰ ਦੀ ਮਰਾਠੀ ਭਾਸ਼ਾ ਵਿੱਚ ਭਗਤ ਨਾਮਦੇਵ ਜੀ ਦੀਆਂ ਇਹ ਰਚਨਾਵਾਂ ਬਾਰੇ ਜਾਣਕਾਰੀ ਮਿਲਦੀ ਹੈ --

ਨਾਮਦੇਵ ਦੀ ਸਾਖੀ।
ਸੋਰਠਿ ਰਾਗੁ ਦਾ ਪਦਾ ।
ਭਗਤ ਨਾਮਦੇਵ ਦਾ ਪਦਾ ।

ਅਸੀਂ ਗੁਰੂ ਅਰਜਨ ਦੇਵ ਜੀ ਦੁਆਰਾ ਸੰਪਾਦਿਤ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਬਾਣੀ ਬਾਰੇ ਹੀ ਗੱਲ ਕਰਾਂਗੇ। ਗੁਰੂ ਗ੍ਰੰਥ ਸਾਹਿਬ ਜੀ ਵਿਚ ਭਗਤ ਨਾਮਦੇਵ ਜੀ ਦੇ 18 ਰਾਗਾਂ ਵਿੱਚ ਕੁੱਲ 61 ਸ਼ਬਦ ਦਰਜ ਹਨ। ਇਹ ਸਾਰੇ ਸ਼ਬਦ ਰਾਗ ਤੇ ਪੂਰੇ ਖਰੇ ਉਤਰਦੇ ਹਨ। ਇਹਨਾਂ ਦੀ ਭਾਸ਼ਾ ਵਿੱਚ ਮਰਾਠੀ ਸ਼ਬਦਾਂ ਦੀ ਭਰਮਾਰ ਹੈ, ਪਰ ਫਿਰ ਵੀ ਇਹ ਜਨ ਸਾਧਾਰਨ ਦੀ ਬੋਲੀ ਵਿਚਲੇ ਸ਼ਬਦ ਹੀ ਹਨ, ਜਿਹਨਾਂ ਨੂੰ ਪਾਠਕ ਸਹਿਜੇ ਹੀ ਸਮਝ ਸਕਦਾ ਹੈ।

ਭਗਤ ਨਾਮਦੇਵ ਜੀ ਦੀਆਂ ਮੁੱਖ ਸਿਖਿਆਵਾਂ ਜੋ ਇਹਨਾਂ ਸ਼ਬਦਾਂ ਰਾਹੀਂ ਪ੍ਰਗਟ ਹੁੰਦੀਆਂ ਹਨ, ਸੰਖੇਪ ਰੂਪ ਵਿਚ ਇਸ ਤਰ੍ਹਾਂ ਹਨ---

**1.ਨਿਰਗੁਣ ਪ੍ਰਭੂ ਬਾਰੇ ਵਿਚਾਰ :-** ਭਗਤ ਨਾਮਦੇਵ ਜੀ ਇੱਕ ਨਿਰਗੁਣ ਪਰਮਾਤਮਾ ਦੇ ਉਪਾਸ਼ਕ ਸਨ, ਭਾਵੇ ਉਹਨਾਂ ਨਾਲ ਜੁੜੀਆਂ ਸਾਖੀਆਂ ਅਤੇ ਉਹਨਾਂ ਦੀ ਲਿਖਤ ਦੇ ਗਲਤ ਅਰਥ ਲੈਣ ਵਾਲੇ ਉਹਨਾਂ ਨੂੰ ਸਰਗੁਣ ਪ੍ਰਭੂ ਦੇ ਪੁਜਾਰੀ ਵੀ ਕਹਿੰਦੇ ਹਨ। ਭਗਤ ਜੀ ਦਾ ਪ੍ਰਭੂ ਕਿਸੇ ਮੰਦਰ ਜਾਂ ਮਸੀਤ ਵਿੱਚ ਨਹੀਂ ਰਹਿੰਦਾ, ਉਹ ਤਾਂ ਹਰ ਥਾਂ ਵਿਆਪਕ ਪ੍ਰਭੂ ਦੀ ਗੱਲ ਕਰਦੇ ਹਨ-

* ਹਿੰਦੂ ਪੂਜੈ ਦੇਹੁਰਾ ਮੁਸਲਮਾਣ ਮਸੀਤਿ ॥
ਨਾਮੇ ਸੋਈ ਸੇਵਿਆ ਜਹ ਦੇਹੁਰਾ ਨਾ ਮਸੀਤਿ ॥....(ਪੰਨਾ 875, ਬਿਲਾਵਲੁ ਗੋਂਡ)

ਉਹਨਾਂ ਦਾ ਨਿਰਗੁਣ ਪ੍ਰਭੂ ਘਟ ਘਟ ਵਿਚ ਰਮਿਆ ਹੋਇਆ ਹੈ--

* ਈਭੈ ਬੀਠਲੁ ਊਭੈ ਬੀਠਲੁ ਬੀਠਲ ਬਿਨੁ ਸੰਸਾਰੁ ਨਹੀਂ ॥

ਥਾਨ ਥਨੰਤਰਿ ਨਾਮਾ ਪ੍ਰਣਵੈ ਪੂਰਿ ਰਹਿਆ ਤੂ ਸਰਬ ਮਹੀ ॥...(ਪੰਨਾ 485, ਆਸਾ)

ਹਿੰਦੂਆਂ ਨੇ ਆਪਣੇ ਦੇਵੀ ਦੇਵਤਿਆਂ ਨੂੰ ਮਜਾਕ ਦੇ ਪਾਤਰ ਬਣਾ ਕੇ ਪੇਸ਼ ਕੀਤਾ ਹੈ ਅਤੇ ਉਹਨਾਂ ਨੂੰ ਕਿਸੇ ਪਾਸੇ ਵੀ ਇੱਕ ਪਰਮਾਤਮਾ ਦੀ ਇੱਕ ਸੱਚਾਈ ਦੇ ਦਰਸ਼ਨ ਨਹੀਂ ਹੁੰਦੇ, ਸਗੋਂ ਉਹ ਆਪਾ ਵਿਰੋਧੀ ਬਹੁਦੇਵਵਾਦ ਵਿਚ ਵਿਸ਼ਵਾਸ਼ ਰੱਖਣ ਕਰਕੇ ਭਟਕਦੇ ਹਨ, ਜਦ ਕਿ ਮੁਸਲਮਾਨ ਭਾਵੇ ਸ਼ਰਧਾਲੂ ਹਨ, ਪਰ ਉਹਨਾਂ ਨੇ ਸਿਰਫ ਇੱਕ ਦਿਸ਼ਾ ਵਿਚ ਪ੍ਰਭੂ ਨੂੰ ਕਲਪ ਲਿਆ ਹੈ। ਇਸ ਲਈ ਭਗਤ ਜੀ ਹਿੰਦੂ ਨੂੰ ਅੰਨ੍ਹਾ ਅਤੇ ਮੁਸਲਮਾਨ ਨੂੰ ਕਾਣਾ ਆਖਦੇ ਹਨ--

* ਹਿੰਦੂ ਅੰਨ੍ਹਾ ਤੁਰਕੂ ਕਾਣਾ ॥
ਦੁਹਾ ਤੇ ਗਿਆਨੀ ਸਿਆਣਾ ॥.....(ਪੰਨਾ 875, ਬਿਲਾਵਲੁ ਗੋਂਡ)

ਭਗਤ ਜੀ ਉਸ ਨਿਰਾਕਾਰ ਪ੍ਰਭੂ ਦੀ ਬੇਅੰਤਤਾ ਦਰਸਾਉਂਦੇ ਹੋਏ ਆਖਦੇ ਹਨ ਕਿ ਉਸ ਦਾ ਭੇਦ ਪਾਉਣਾ ਸੰਭਵ ਨਹੀਂ ਹੈ, ਸਭ ਆਪੋ ਆਪਣੇ ਅੰਦਾਜੇ ਹੀ ਲਗਾ ਰਹੇ ਹਨ । ਬਹਿਸ ਕਰ ਰਹੇ ਹਨ।

* ਕੋਈ ਬੋਲੈ ਨਿਰਵਾ ਕੋਈ ਬੋਲੈ ਦੂਰਿ।
ਜਲ ਕੀ ਮਾਛੁਲੀ ਚਰੈ ਖਜੂਰਿ।
ਕਾਂਇ ਰੇ ਬਕਬਾਦਿ ਲਾਇਓ।
ਜਿਨ ਹਰਿ ਪਾਇਓ ਤਿਨਹਿ ਛੁਪਾਇਓ।....(ਪੰਨਾ 718, ਟੋਡੀ ਬਾਣੀ ਭਗਤਾਂ ਕੀ)

**2. ਨਾਮ ਸਿਮਰਨ, ਮਹੱਤਤਾ ਅਤੇ ਢੰਗ:-** ਭਗਤ ਨਾਮਦੇਵ ਜੀ ਪ੍ਰਭੂ ਦੀ ਪ੍ਰਾਪਤੀ ਲਈ ਉਸ ਦਾ ਸਿਮਰਨ ਕੀਤਾ ਜਾਣਾ ਜਰੂਰੀ ਸਮਝਦੇ ਹਨ। ਇਸ ਸਿਮਰਨ ਵਿਚ ਹੀ ਉਹ ਪ੍ਰਭੂ ਦੇ ਮਿਲਾਪ ਨੂੰ ਚਿਤਵਦੇ ਹਨ ।

* ਨਾਮਦੇਇ ਸਿਮਰਨੁ ਕਰ ਜਾਨਾ ॥
ਜਗਜੀਵਨ ਸਿਉ ਜੀਉ ਸਮਾਨਾ ॥.......(ਪੰਨਾ 858, ਬਿਲਾਵਲੁ ਬਾਣੀ ਭਗਤ ਨਾਮਦੇਵ ਜੀ ਕੀ )

ਉਹਨਾਂ ਲਈ ਪ੍ਰਭੂ ਦਾ ਨਾਮ ਉਸ ਤਰ੍ਹਾਂ ਹੈ ਜਿਵੇਂ ਅੰਨ੍ਹੇ ਲਈ ਲਾਠੀ ਇੱਕ ਸਹਾਰਾ ਬਣਦੀ ਹੈ।

* ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ ॥
ਮੈ ਗਰੀਬ ਮੈ ਮਸਕੀਨ ਤੇਰਾ ਨਾਮੁ ਹੈ ਅਧਾਰਾ ॥..........(ਪੰਨਾ 727, ਨਾਮਦੇਵ ਜੀ)

ਸਿਮਰਨ ਦੀ ਬਰਕਤ ਦੱਸਦਿਆਂ ਆਪ ਆਖਦੇ ਹਨ ਕਿ ਇਸ ਨਾਲ ਸਭ ਸੰਕਟ ਦੂਰ ਹੋ ਜਾਂਦੇ ਹਨ।

* ਪ੍ਰਣਵੈ ਨਾਮਾ ਐਸੋ ਹਰੀ ॥
ਜਾਸੁ ਜਪਤ ਭੈ ਅਪਦਾ ਟਰੀ ॥.....(ਪੰਨਾ 874,ਰਾਗੁ ਗੋਂਡ ਬਾਣੀ ਨਾਮਦੇਵ ਜੀਉ ਕੀ ਘਰੁ 2 )

ਅਤੇ ਉਸ ਦਾ ਸਿਮਰਨ ਕਿਵੇ ਕਰਨਾ ਹੈ , ਦੁਨਿਆਵੀ ਕੰਮ ਕਰਦੇ ਹੋਏ ਹਮੇਸ਼ਾ ਧਿਆਨ ਉਸ ਪ੍ਰਭੂ ਵੱਲ ਟਿਕਿਆ ਰਹੇ। ਜਿਵੇਂ ਇੱਕ ਪਤੰਗ ਉਡਾਉਂਦਾ ਬੱਚਾ ਸਾਥੀਆਂ ਨਾਲ ਗੱਲ ਕਰਦਾ ਧਿਆਨ ਪਤੰਗ ਵਿੱਚ ਰੱਖਦਾ ਹੈ

* ਆਨੀਲੇ ਕਾਗਦੁ ਕਾਟੀਲੇ ਗੂਡੀ ਆਕਾਸ਼ ਮਧੇ ਭਰਮੀਅਲੇ ॥

ਪੰਚ ਜਨਾ ਸਿਉ ਬਾਤ ਬਤਊਆ ਚੀਤੁ ਸੁ ਡੋਰੀ ਰਾਖੀਅਲੇ॥ .....(ਪੰਨਾ 972,ਬਾਣੀ ਨਾਮਦੇਉ ਜੀ ਕੀ ਰਾਮਕਲੀ ਘਰੁ 1)

ਪ੍ਰਭੂ ਦੀ ਭਗਤੀ ਨਹੀਂ ਛੱਡਣੀ, ਭਾਵੇ ਲੋਕ ਵਿਰੋਧ ਕਰਨ ,ਕੁਝ ਵੀ ਆਖਣ ਜਾਂ ਹੱਸਣ ।

* ਤੇਰੀ ਭਗਤਿ ਨ ਛੋਡਉ ਭਾਵੈਂ ਲੋਗ ਹਸੈ॥

ਚਰਨ ਕਮਲ ਮੇਰੇ ਹੀਅਰੇ ਬਸੈਂ ॥.....(ਪੰਨਾ 1195, ਬਸੰਤ ਬਾਣੀ ਨਾਮਦੇਉ ਜੀ ਕੀ)

**3.ਜਾਤ ਪਾਤ ਦਾ ਵਿਰੋਧ :-** ਭਗਤ ਜੀ ਆਪ ਉਸ ਵੇਲੇ ਨੀਵੀਂ ਆਖੀ ਜਾਂਦੀ ਜਾਤ ਨਾਲ ਸੰਬੰਧ ਰੱਖਦੇ ਸਨ, ਜਿਸ ਕਾਰਨ ਉਹਨਾਂ ਨੂੰ ਉੱਚ ਜਾਤੀਏ ਬ੍ਰਾਹਮਣਾਂ ਦੇ ਵਿਰੋਧ ਅਤੇ ਤ੍ਰਿਸਕਾਰ ਦਾ ਸਾਹਮਣਾ ਕਰਨਾ ਪਿਆ। ਉਹ ਮੰਦਰ ਗਏ ਪਰ ਬ੍ਰਾਹਮਣਾਂ ਨੇ ਉਹਨਾਂ ਨੂੰ ਮੰਦਰ ਵਿੱਚੋਂ ਕੱਢ ਦਿੱਤਾ । ਉਹ ਮੰਦਰ ਦੇ ਪਿਛਵਾੜੇ ਜਾ ਕੇ ਹੀ ਭਗਤੀ ਕਰਨ ਲੱਗ ਪਏ । ਸਾਰੇ ਸ਼ਰਧਾਲੂ ਹੀ ਪਿਛਵਾੜੇ ਵੱਲ ਚਲੇ ਗਏ ।

* ਹਸਤ ਖੇਲਤ ਤੇਰੇ ਦੇਹੁਰੇ ਆਇਆ ॥
ਭਗਤਿ ਕਰਤ ਨਾਮਾ ਪਕਰਿ ਉਠਾਇਆ॥
ਹੀਨੜੀ ਜਾਤਿ ਮੇਰੀ ਜਾਦਿਮ ਰਾਇਆ ॥
ਛੀਪੇ ਕੇ ਜਨਮਿ ਕਾਹੇ ਕਉ ਆਇਆ ॥
ਲੈ ਕਮਲੀ ਚਲਿਓ ਪਲਟਾਇ ॥

ਦੇਹੁਰੈ ਪਾਛੈ ਬੈਠਾ ਜਾਇ ॥....(ਪੰਨਾ 1164, ਭੈਰਉ ਬਾਣੀ ਨਾਮਦੇਵ ਜੀ ਕੀ)

**4.ਮੂਰਤੀ ਪੂਜਾ ਦਾ ਵਿਰੋਧ :-** ਭਗਤ ਨਾਮਦੇਵ ਜੀ ਕਿਸੇ ਵੀ ਤਰਾਂ ਦੀ ਮੂਰਤੀ ਪੂਜਾ ਦੇ ਪੂਰਨ ਵਿਰੋਧ ਵਿੱਚ ਸਨ, ਭਾਵੇ ਉਹਨਾਂ ਨਾਲ ਜੋੜੀਆਂ ਜਾਂਦੀਆਂ ਸਾਖੀਆਂ ਵਿਚ ਉਹਨਾਂ ਨੂੰ ਮੂਰਤੀ ਨੂੰ ਦੁੱਧ ਪਿਲਾਉਂਦੇ ਵੀ ਦਿਖਾਇਆ ਗਿਆ ਹੈ। ਪਰ ਉਹਨਾਂ ਦੀ ਬਾਣੀ ਨੂੰ ਧਿਆਨ ਨਾਲ ਪੜ੍ਹੀਏ ਤਾਂ ਜਿਸ ਤਰਕਸ਼ੀਲਤਾ ਨਾਲ ਉਹ ਮੂਰਤੀ ਪੂਜਾ ਨੂੰ ਰੱਦ ਕਰਦੇ ਹਨ, ਉਸ ਤੇ ਮਨ ਵਿਸਮਾਦ ਵਿਚ ਆ ਜਾਂਦਾ ਹੈ।

ਏਕੈ ਪਾਥਰ ਕੀਜੈ ਭਾਉ ॥
ਦੂਜੈ ਪਾਥਰ ਧਰੀਐ ਪਾਉ ॥
ਜੇ ਉਹ ਦੇਉ ਤਾ ਉਹ ਭੀ ਦੇਵਾ ॥
ਕਹਿ ਨਾਮਦੇਉ ਹਮ ਹਰਿ ਕੀ ਸੇਵਾ ॥ .....(ਪੰਨਾ 525, ਗੂਜਰੀ ਸ੍ਰੀ ਨਾਮਦੇਵ ਜੀ ਕੇ ਪਦੇ ਘਰੁ 1)

**5. ਕਰਮ ਕਾਂਡ ਦਾ ਵਿਰੋਧ:-** ਉਸ ਸਮੇ ਜੋ ਕਰਮ ਕਾਂਡ ਪ੍ਰਚਲਿਤ ਸਨ, ਭਗਤ ਨਾਮਦੇਵ ਜੀ ਉਹਨਾਂ ਸਾਰਿਆ ਨੂੰ ਮੁਢੋਂ ਹੀ ਰੱਦ ਕਰਦੇ ਹਨ ਅਤੇ ਆਖਦੇ ਹਨ ਕਿ ਪ੍ਰਭੂ ਦੇ ਨਾਮ ਦੇ ਬਰਾਬਰ ਕੋਈ ਵੀ ਨਹੀਂ । ਸਭ ਫਜ਼ੂਲ ਹਨ।

ਬਾਨਾਰਸੀ ਤਪੁ ਕਰੈ ਉਲਟਿ ਤੀਰਥੁ ਮਰੈ ਅਗਨਿ ਦਹੈ ਕਾਇਆ ਕਲਪੁ ਕੀਜੈ ॥
ਅਸੁਮੇਧ ਜਗੁ ਕੀਜੈ ਸੋਨਾ ਗਰਭ ਦਾਨੁ ਦੀਜੈ ਰਾਮ ਨਾਮੁ ਸਰਿ ਤਉ ਨ ਪੀਜੈ ॥..(ਪੰਨਾ 973, ਰਾਮਕਲੀ ਘਰੁ 2)

**6.ਬਹੁਦੇਵਵਾਦ ਦਾ ਵਿਰੋਧ:-** ਪਹਿਲਾਂ ਜਿਕਰ ਕੀਤੇ ਅਨੁਸਾਰ ਅਸੀਂ ਦੇਖਿਆ ਹੈ ਕਿ ਭਗਤ ਜੀ ਨਿਰਗੁਣ ਪ੍ਰਭੂ ਵਿਚ ਵਿਸ਼ਵਾਸ਼ ਰੱਖਦੇ ਸਨ। ਉਹਨਾਂ ਦਾ ਕਹਿਣਾ ਹੈ ਕਿ ਜਿਸ ਦੇਵੀ ਦੇਵਤੇ ਦੀ ਤੁਸੀਂ ਪੂਜਾ ਕਰੋਗੇ, ਉਸੇ ਵਰਗੇ ਹੀ ਹੋ ਜਾਵੋਗੇ।

ਭੈਰਉ ਭੂਤ ਸੀਤਲਾ ਧਾਵੈ ॥
ਖਰ ਬਾਹਨੁ ਉਹੁ ਛਾਰੁ ਉਡਾਵੈ ॥
ਹਉ ਤਉ ਏਕੁ ਰਮਈਆ ਲੈਹਉ ॥
ਆਨਿ ਦੇਵ ਬਦਲਾਵਨਿ ਦੈਹਉ ॥ ਰਹਾਉ ॥
ਸਿਵ ਸਿਵ ਕਰਤੇ ਜੋ ਨਰੁ ਧਿਆਵੈ ॥
ਬਰਦ ਚਢੇ ਡਉਰੂ ਢਮਕਾਵੈ ॥
ਮਹਾ ਮਾਈ ਕੀ ਪੂਜਾ ਕਰੈ ॥
ਨਰ ਸੇ ਨਾਰਿ ਹੋਇ ਅਉਤਰੈ ॥.......(ਪੰਨਾ 874, ਗੋਂਡ)

**7. ਸ਼ੁੱਧ ਆਚਰਣ ਰੱਖ ਕੇ ਵਿਕਾਰ ਦੂਰ ਕਰਨ 'ਤੇ ਜ਼ੋਰ:-** ਭਗਤ ਨਾਮਦੇਵ ਜੀ ਦਾ ਵਿਚਾਰ ਹੈ ਕਿ ਇਨਸਾਨ ਨੂੰ ਆਪਣੇ ਹਿਰਦੇ ਦੀ ਪਵਿੱਤਰਤਾ ਬਣਾਈ ਰੱਖਣੀ ਚਾਹੀਦੀ ਹੈ। ਕਾਮ ਕ੍ਰੋਧ ਲੋਭ ਮੋਹ ਹੰਕਾਰ ਵਰਗੇ ਵਿਕਾਰਾਂ ਨੂੰ ਦੂਰ ਕਰਕੇ ਇੱਕ ਸਚੇ ਸੁੱਚੇ ਕਿਰਦਾਰ ਵਾਲੀ ਜ਼ਿੰਦਗੀ ਜਿਉਣੀ ਚਾਹੀਦੀ ਏ।

ਘਰਿ ਕੀ ਨਾਰਿ ਤਿਆਗੈ ਅੰਧਾ।
ਪਰ ਨਾਰੀ ਸਿਉ ਘਾਲੈ ਧੰਧਾ।....(ਪੰਨਾ 1164, ਭੈਰਉ ਨਾਮਦੇਉ ਜੀਉ ਘਰੁ 2) ਅਤੇ
ਮਾਇਆ ਕਾਰਨਿ ਸ੍ਰਮ ਅਤਿ ਕਰੈ ॥
ਸੋ ਮਾਇਆ ਲੈ ਗਾਡੈ ਧਰੈ ॥....
ਕਾਮ ਕ੍ਰੋਧ ਤ੍ਰਿਸਨਾ ਅਤਿ ਜਰੈ ॥
ਸਾਧ ਸੰਗਤਿ ਕਬਹੂ ਨਹੀ ਕਰੈ॥.....(ਪੰਨਾ 1252, ਸਾਰੰਗ ਬਾਣੀ ਨਾਮਦੇਉ ਜੀ ਕੀ )

ਇਸੇ ਤਰਾਂ ਹੰਕਾਰ ਛੱਡਣ ਲਈ ਆਖਦੇ ਹਨ-

ਹਮਰੋ ਕਰਤਾ ਰਾਮੁ ਸਨੇਹੀ ॥
ਕਾਹੇ ਰੇ ਨਰ ਗਰਬੁ ਕਰਤ ਹਹੁ ਬਿਨਸਿ ਜਾਹਿ ਝੂਠੀ ਦੇਹੀ ॥......(ਪੰਨਾ 692, ਧਨਾਸਰੀ ਬਾਣੀ ਭਗਤ ਨਾਮਦੇਵ ਜੀ ਕੀ)

**8.ਗਿਆਨ ਦੀ ਪ੍ਰਧਾਨਤਾ:-** ਭਾਵੇ ਪ੍ਰਭੂ ਲਈ ਵਿਸ਼ਵਾਸ਼ ਸ਼ਰਧਾ ਅਤੇ ਪ੍ਰੇਮ ਦੀ ਬਹੁਤ ਲੋੜ ਹੈ । ਪਰ ਭਗਤ ਜੀ ਅੰਨ੍ਹੀ ਸ਼ਰਧਾ ਦੇ ਹੱਕ ਵਿਚ ਨਹੀਂ ਹਨ। ਇਨਸਾਨ ਨੂੰ ਹਮੇਸ਼ਾ ਗਿਆਨ ਦੀ ਵਰਤੋਂ ਕਰਨੀ ਚਾਹੀਦੀ ਹੈ।

ਗਿਆਨ ਅੰਜਨੁ ਮੋ ਕਉ ਗੁਰਿ ਦੀਨਾ ॥
ਰਾਮ ਨਾਮ ਬਿਨੁ ਜੀਵਨੁ ਮਨ ਹੀਨਾ ॥.....(ਪੰਨਾ 858, ਬਿਲਾਵਲੁ ਬਾਣੀ ਭਗਤ ਨਾਮਦੇਵ ਜੀ ਕੀ)

ਇਸ ਗਿਆਨ ਕਾਰਨ ਹੀ ਭਗਤ ਬਾਹਰਲੇ ਕਰਮ ਕਾਂਡਾਂ ਅਤੇ ਦਿਖਾਵਿਆਂ ਤੋਂ ਉੱਚਾ ਉੱਠ ਕੇ ਉਸ ਪ੍ਰਭੂ ਨੂੰ ਪਿਆਰ ਕਰ ਸਕਦਾ ਹੈ।

**ਗੁਰੂ ਸਾਹਿਬਾਨ ਅਤੇ ਹੋਰ ਭਗਤਾਂ ਵੱਲੋਂ ਨਾਮਦੇਵ ਜੀ ਦਾ ਜਿਕਰ :-** ਗੁਰੂ ਗ੍ਰੰਥ ਸਾਹਿਬ ਵਿਚ ਹੀ ਹੋਰ ਬਾਣੀਕਾਰਾਂ ਨੇ ਭਗਤ ਨਾਮਦੇਵ ਜੀ ਦਾ ਜਿਕਰ ਹੋਰ ਭਗਤਾਂ ਦੇ ਨਾਲ ਬਹੁਤ ਸਤਿਕਾਰ ਨਾਲ ਕੀਤਾ ਹੈ। ਉਹਨਾਂ ਨੂੰ ਪ੍ਰਭੂ ਦੇ ਰੰਗ ਵਿਚ ਰੱਤਿਆ ਦੱਸਿਆ ਹੈ ਅਤੇ ਸਮਦ੍ਰਿਸ਼ਟੀ ਰੱਖਣ ਵਾਲੇ ਆਖਿਆ ਹੈ।

ਕੁਝ ਉਦਾਹਰਣਾਂ ਦੇਖਣੀਆਂ ਬਣਦੀਆਂ ਹਨ--

ਨਾਮਾ ਛੀਂਬਾ ਕਬੀਰੁ ਜੋਲਾਹਾ ਪੂਰੇ ਗੁਰ ਤੇ ਗਤਿ ਪਾਈ ॥....(ਪੰਨਾ 67, ਸਿਰੀ ਰਾਗੁ ਮਹਲਾ 3)

ਊਚ ਤੇ ਊਚ ਨਾਮਦੇਉ ਸਮਦਰਸੀ ਰਵਿਦਾਸ ਠਾਕੁਰ ਬਣਿ ਆਈ॥...(ਪੰਨਾ 1207,ਸਾਰਗ ਮਹਲਾ 5)

ਨਾਮਦੇਵ ਹਰਿ ਜੀਉ ਬਸਹਿ ਸੰਗਿ॥.....(ਪੰਨਾ 1192, ਬਸੰਤ ਮਹਲਾ 5 ਘਰੁ 1 ਦੁਤੁਕੀਆ)

ਨਾਮਾ ਭਗਤੁ ਕਬੀਰੁ ਸਦਾ ਗਾਵਹਿ ਸਮਲੋਚਨ ॥...(ਪੰਨਾ 1390, ਸਵਈਏ ਮਹਲੇ ਪਹਿਲੇ ਕੇ 1)

ਕਲਿ ਜਾਗੇ ਨਾਮਾ ਜੈਦੇਵ ॥.....(ਪੰਨਾ 1194, ਬਸੰਤ ਬਾਣੀ ਭਗਤਾ ਕੀ ਕਬੀਰ ਜੀ ਘਰੁ 1)

**ਅੰਤ ਸਮਾਂ ਅਤੇ ਦਿਹਾਂਤ :-** ਭਗਤ ਨਾਮਦੇਵ ਜੀ ਨੇ ਆਪਣੀ ਉਮਰ ਦੇ ਆਖਰੀ 18 ਸਾਲ ਪੰਜਾਬ ਦੇ ਗੁਰਦਾਸਪੁਰ ਜਿਲੇ ਦੇ ਪਿੰਡ ਘੁਮਾਣ ਵਿਖੇ ਗੁਜ਼ਾਰੇ ਅਤੇ ਇੱਥੇ ਹੀ 3 ਜੁਲਾਈ 1350 ਈਸਵੀ ਨੂੰ 80 ਸਾਲ ਦੀ ਉਮਰ ਭੋਗ ਕੇ ਅਕਾਲ ਚਲਾਣਾ ਕਰ ਗਏ।

ਘੁਮਾਣ ਵਿਖੇ ਗੁਰਦੁਆਰਾ ਤਪਿਆਣਾ ਸਾਹਿਬ ਉਹਨਾਂ ਦੀ ਯਾਦ ਵਿਚ ਬਣਿਆ ਹੈ ਜਿਸ ਨੂੰ ਜੱਸਾ ਸਿੰਘ ਰਾਮਗੜ੍ਹੀਆ ਨੇ ਬਣਵਾਇਆ ਸੀ । ਹਰ ਸਾਲ 2 ਮਾਘ ਨੂੰ ਇਥੇ ਭਾਰੀ ਮੇਲਾ ਵੀ ਲੱਗਦਾ ਹੈ।



ਜਸਵਿੰਦਰ ਸਿੰਘ ਰੁਪਾਲ
9814715796

# ਮਾਂ ਬੋਲੀ

ਲੋਕੋ ਮੈਂ ਪੰਜਾਬੀ ਬੋਲੀ ਹਾਂ
ਮੈਂ ਹਰ ਮੌਸਮ ਵਿੱਚ ਮੌਲੀ ਹਾਂ
ਪਾਕਿ ਹੱਥਾਂ ਦੇ ਨਾਲ ਗੁਰਾਂ,
ਗ੍ਰੰਥ ਸਾਹਿਬ 'ਚ ਮੈਨੂੰ ਧਰ ਦਿੱਤਾ
ਮੈਂ ਕਿੱਡੀ ਵੱਡੀ ਵੱਡਭਾਗਣ ਹਾਂ,
ਮੈਨੂੰ ਸਭ ਤੋਂ ਵੱਡੀ ਕਰ ਦਿੱਤਾ
ਲੋਕੋ ਮੈਂ ਪੰਜਾਬੀ ਬੋਲੀ ਹਾਂ
ਮੈਂ ਹਰ ਮੌਸਮ ਵਿੱਚ ਮੌਲੀ ਹਾਂ

ਭਾਵੇਂ ਮੇਰੇ ਦੁਸ਼ਮਣ ਮੇਰੇ,
ਘੁੰਮਦੇ ਰਹਿੰਦੇ ਚਾਰ-ਚੁਫੇਰੇ
ਪਰ ਮੇਰੇ ਤਾਂ ਦਿਨੋਂ-ਦਿਨ ਹੀ,
ਹੋਈ ਜਾਂਦੇ ਨੇ ਵੱਡੇ ਘੇਰੇ
ਮੇਰੇ ਪੰਜਾਬੀ ਪੁੱਤਰਾਂ ਮੈਨੂੰ
ਦੁਨੀਆਂ ਭਰ ਵਿੱਚ ਭਰ ਦਿੱਤਾ
ਲੋਕੋ ਮੈਂ ਪੰਜਾਬੀ ਬੋਲੀ ਹਾਂ
ਮੈਂ ਹਰ ਮੌਸਮ ਵਿੱਚ ਮੌਲੀ ਹਾਂ

ਫਿਕਰਮੰਦੋ ਨਾ ਫਿਕਰ ਕਰੋ,
ਮੈਂ ਹਰ ਵਾਰ ਨੂੰ ਜਰ ਜਾਊਂਗੀ
ਗੁਰਾਂ ਦਾ ਖਾਲਸਾ ਅਮਰ ਹੈ,
ਤਾਂ ਮੈਂ ਕਿਵੇਂ ਫਿਰ ਮਰ ਜਾਊਂਗੀ
ਮੇਰੇ ਗੁਰਾਂ ਨੇ ਰਹਿਣ ਦੇ ਲਈ,
ਮੈਨੂੰ ਪਾਕਿ-ਪਵਿੱਤਰ ਘਰ ਦਿੱਤਾ

ਲੋਕੋ ਮੈਂ ਪੰਜਾਬੀ ਬੋਲੀ ਹਾਂ
ਮੈਂ ਹਰ ਮੌਸਮ ਵਿੱਚ ਮੌਲੀ ਹਾਂ

ਹਾਸ਼ਮ, ਵਾਰਸ, ਬੁੱਲ੍ਹਾ,ਫਰੀਦ
ਬੱਸ਼ੱਕ ਜੱਗ ਤੋਂ ਚਾਲੇ ਪਾ ਗਏ
ਆਪਣੀਆਂ ਕਲਮਾਂ ਨਾਲ ਉਹ,
ਮੇਰੀਆਂ ਜੜਾਂ ਡੂੰਘੀਆਂ ਲਾ ਗਏ
ਤਿੰਨਾਂ ਮਾਵਾਂ ਦੀ ਇੱਜ਼ਤ ਕਰੋ,
ਉਨਾਂ ਹੋਕਾ ਸੀ ਘਰ ਘਰ ਦਿੱਤਾ
ਲੋਕੋ ਮੈਂ ਪੰਜਾਬੀ ਬੋਲੀ ਹਾਂ
ਮੈਂ ਹਰ ਮੌਸਮ ਵਿੱਚ ਮੌਲੀ ਹਾਂ

ਭਲੂਰੀਆ ਗੁਰੂ ਸਾਹਿਬਾਨਾਂ ਨੇ
ਮੈਨੂੰ ਮਣਾਂਮੂਹੀਂ ਹੈ ਪਿਆਰ ਦਿੱਤਾ
'ਗੁਰਮੁਖੀ' ਦਾ ਹੈ ਨਾਮ ਵੀ ਦਿੱਤਾ
ਉਨਾਂ ਸਰੂਪ ਵੀ ਮੇਰਾ ਸੰਵਾਰ ਦਿੱਤਾ
'ਗੁਰਮੁਖੀ' ਵਿੱਚ ਉਚਾਰ ਕੇ ਬਾਣੀ
ਮੈਨੂੰ ਅਮਰ ਹੋਣ ਦੀ ਵਰ ਦਿੱਤਾ
ਲੋਕੋ ਮੈਂ ਪੰਜਾਬੀ ਬੋਲੀ ਹਾਂ
ਮੈਂ ਹਰ ਮੌਸਮ ਵਿੱਚ ਮੌਲੀ ਹਾਂ।

ਜਸਵੀਰ ਸਿੰਘ ਭਲੂਰੀਆ
ਸਰੀ,(ਬੀ.ਸੀ.) ਕੈਨੇਡਾ
+1-236-888-5456

# ਦੋਹੇ

ਅਜ਼ਾਦੀ ਤੇਰਾ ਖ਼ਾਬ ਹੈ, ਲੜ ਸਿਸਟਮ ਦੇ ਨਾਲ
ਧਰਮ ਪਰ ਗਵਾਂਢ ਵਸ ਰਿਹਾ, ਬਣ ਨਾ ਜਾਵੇ ਢਾਲ
ਜਿਸ ਛਿਣ ਤੈਨੂੰ ਭੁੱਲ ਗਿਆ, ਮੰਦਰ ਦਾ ਸਤਿਕਾਰ
ਉਸ ਦਿਨ ਰੱਬ ਹੋ ਜਾਵਣਾ, ਮਨ ਤੇਰੇ ਦੀ ਹਾਰ
ਘਰ ਤੇ ਰਿਸ਼ਤੇ ਮਾਣ ਹੈ, ਮੁਹੱਬਤ ਦਾ ਹੈ ਸਾਥ
ਦੇਹਾਂ ਦਾ ਗਣਿਤ ਆਪਣਾ, ਇਹ ਰੂਹਾਂ ਦੀ ਹਾਥ
ਦੋਸਤ ਸਾਂ ਤੇ ਪਿਆਰ ਸੀ, ਨਿਭਿਆ ਸਾਹਾਂ ਨਾਲ਼
ਢਲ ਦੀ ਉਮਰਾ ਟਹਿਕ ਦੀ, ਸ਼ਿਕਵਾ ਨਾ ਬਵਾਲ

ਇਕ ਦੂਏ ਦਾ ਫਿਕਰ ਹੈ, ਪੁੱਛਦੇ ਰਹਿੰਦੇ ਹਾਲ
ਤਾਂਹੀ ਸਾਂਵੀ ਤੁਰ ਰਹੀ, ਜੀਵਨ ਦੀ ਇਹ ਚਾਲ
ਸੂਝ ਸਿਆਣਪ ਵਰਤ ਕੇ, ਸਾਂਝੀ ਆਪਾਂ ਸਾਂਝ
ਨਹੀਂ ਤਾਂ ਸੀ ਰਹਿ ਜਾਵਣੀ, ਸਾਂਝੀ ਕਵਿਤਾ ਬਾਂਝ
ਲਿਖ ਲਿਖ ਬਾਣੀ ਪ੍ਰੇਮ ਦੀ, ਨਿੱਤਰੀ ਮੇਰੀ ਰਾਤ
ਬੋਲ 'ਸਮਾਨੋਂ ਕਿਰ ਰਹੇ, ਅੱਗੇ ਤੁਰ ਰਹੀ ਬਾਤ
ਵਤਨ ਤੇਰਾ ਮੈਂ ਵੇਖਿਆ, ਗੂਗਲ ਦੀ ਅੱਖ ਨਾਲ਼
ਤੂੰ ਸਾਰੀ ਪਰ ਦਿਸ ਰਹੀ, ਬਿਨ ਗੂਗਲ ਦੀ ਭਾਲ਼

ਮੈਂ ਤੇ ਕਵਿਤਾ ਦਰ ਤੇਰੇ, ਦੇਣੀ ਦਸਤਕ ਆਣ
ਖੁੱਲੇ ਦਰ ਨੂੰ ਬੋਲਣਾ, ਸ਼ਬਦਾਂ ਦਾ ਹੋ ਜਾਏ ਹਾਣ
ਤੂੰ ਸਾਂਭ ਸੁਹੱਪਣ ਆਪਣਾ, ਮੈਂ ਸੱਜਰੇ ਕਾਵਿ ਬੋਲ
ਸ਼ਬਦ ਸ਼ਬਦ ਹੋ ਪਹੁੰਚਣੇ, ਹੰਸ ਮੋਤੀਆਂ ਕੋਲ
ਰੰਗ ਤੇਰੇ ਦੀ ਸੁੰਦਰਤਾ, ਅੰਗ ਅੰਗ ਵੱਸਿਆ ਨਾਚ
ਥਰਕਣ ਅੰਗ ਬਗਾਵਤੀ, ਨ੍ਰਿਤ ਦੀ ਨਿਖਰੀ ਜਾਚ
ਆ ਲੈ ਤੇਰੇ ਗੀਤ ਦਾ, ਪੰਨਾ ਲਿਖਿਆ ਹੋਰ
ਸੁਰ ਬਣ ਕੇ ਤੂੰ ਗੂੰਜ ਜਾ, ਨਾਚ ਬਣਾ ਦੇ ਤੋਰ

ਜੇ ਬਣ ਪੌਣਾਂ ਪਰਤਦੀ, ਬਣ ਬਿਰਖਾਂ ਦਾ ਗੀਤ
ਪੱਤਾ ਪੱਤਾ ਰੁਮਕਦਾ, ਨੱਚ ਉੱਠਦਾ ਸੰਗੀਤ
ਮੁਹੱਬਤੀ ਸ਼ਬਦ ਚਿਤਰਦੇ, ਪਿਆਰ ਦਾ ਅਹਿਸਾਸ
ਰੂਹ ਅੰਦਰ ਲਹਿ ਜਾਂਵਦਾ, ਕਵਿਤਾ ਦਾ ਧਰਵਾਸ।

ਮਲਵਿੰਦਰ, +1 3659946744










